

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ-ਰੋਕੂ ਬਿਲ ਸਿਲੈਕਟ ਕਮੇਟੀ ਕੋਲ ਭੇਜਣ ਦਾ ਫ਼ੈਸਲਾ 05

**ਅੰਦਰਲੀ ਖ਼ਬਰ**
ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਰਚਾਇਆ ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆਂ ਨਾਲ ਭਾਵਪੂਰਤ ਰੂ-ਬ-ਰੂ... 07



ਪੰਨਾ ਨੰ.:6 **ਲੇਖ**
**ਖਤਮ ਹੋ ਰਹੀ ਸਹਿਣਸ਼ੀਲਤਾ**



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
17 ਜੁਲਾਈ ਤੋਂ 23 ਜੁਲਾਈ, 2025
Email :- editor@punjabstar.com, Vo. 20. Issue:1194


# ਇਰਾਕ 'ਚ ਪੰਜ ਮੰਜ਼ਿਲਾ ਸ਼ਾਪਿੰਗ ਮਾਲ ਨੂੰ ਅੱਗ ਲੱਗੀ

## 50 ਲੋਕਾਂ ਦੀ ਮੌਤ



ਬਗਦਾਦ, (ਪੰਜਾਬ ਸਟਾਰ ਬਿਊਰੋ)- ਸ਼ਾਪਿੰਗ ਮਾਲ ਵਿਚ ਅੱਗ ਲੱਗਣ ਦੀ ਜਾਣਕਾਰੀ ਸਾਹਮਣੇ ਆਈ ਹੈ। ਪੂਰਬੀ ਇਰਾਕ ਦੇ ਅਲ-ਕੁਤ ਸ਼ਹਿਰ ਵਿੱਚ ਇੱਕ ਹਾਈਪਰਮਾਰਕੀਟ ਵਿੱਚ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ 50 ਲੋਕਾਂ ਦੀ ਮੌਤ ਹੋ ਗਈ ਅਤੇ ਦਰਜਨਾਂ ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਇਰਾਕ ਦੀ ਨਿਊਜ਼ ਏਜੰਸੀ (ਆਈ.ਐਨ.ਏ) ਨੇ ਸੂਬਾਈ ਗਵਰਨਰ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ। ਇਸ ਹਾਦਸੇ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਰਹੀ ਹੈ। ਜਿਸ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੰਜ ਮੰਜ਼ਿਲਾ ਇਮਾਰਤ ਵਿੱਚ ਸਾਰੀ ਰਾਤ ਅੱਗ ਦੀਆਂ ਲਪਟਾਂ ਉੱਠਦੀਆਂ ਰਹੀਆਂ।

ਆਈ.ਐਨ.ਏ ਦੀ ਰਿਪੋਰਟ ਅਨੁਸਾਰ ਫਾਇਰਫਾਈਟਰ ਅੱਗ ਬੁਝਾਉਣ ਵਿੱਚ ਲੱਗੇ ਹੋਏ ਹਨ। ਮੌਕੇ 'ਤੇ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਫਿਲਹਾਲ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

* ਬਾਕੀ ਸਫਾ 2 'ਤੇ

# ਅਮਰੀਕਾ 'ਚ ਗ੍ਰਿਫ਼ਤਾਰ ਭਾਰਤੀ-ਕੈਨੇਡੀਅਨ ਗੈਂਗਸਟਰ

## ਆਸਟ੍ਰੇਲੀਆ ਤੱਕ ਫੈਲਿਆ ਸੀ ਨੈੱਟਵਰਕ



(ਪੰਜਾਬ ਸਟਾਰ ਬਿਊਰੋ)

ਇੱਕ ਬਦਨਾਮ ਆਇਰਿਸ਼ ਗੈਂਗ ਨਾਲ ਮਿਲ ਕੇ ਅੰਤਰਰਾਸ਼ਟਰੀ ਡਰੱਗ ਕਾਰੋਬਾਰ ਚਲਾਉਣ ਦੇ ਦੋਸ਼ ਵਿੱਚ ਇੱਕ ਭਾਰਤੀ-ਕੈਨੇਡੀਅਨ ਗੈਂਗਸਟਰ ਨੂੰ ਅਮਰੀਕਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਸਥਾਨਕ ਮੀਡੀਆ ਰਿਪੋਰਟਾਂ ਵਿੱਚ ਦਿੱਤੀ ਗਈ ਹੈ। ਇਕ ਨਿਊਜ਼ ਰਿਪੋਰਟ ਮੁਤਾਬਕ ਓਪਿੰਦਰ ਸਿੰਘ ਸਿਆਨ ਨਾਮ ਦਾ ਇੱਕ ਗੈਂਗਸਟਰ

* ਬਾਕੀ ਸਫਾ 2 'ਤੇ

# ਇੰਡੋਨੇਸ਼ੀਆ ਨਾਲ ਹੋਏ ਸਮਝੌਤੇ ਵਾਂਗ ਹੋਵੇਗਾ ਭਾਰਤ ਨਾਲ ਵਪਾਰ ਸਮਝੌਤਾ : ਟਰੰਪ



ਵਾਸ਼ਿੰਗਟਨ, (ਪੰਜਾਬ ਸਟਾਰ ਬਿਊਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਭਾਰਤ ਨਾਲ ਪ੍ਰਸਤਾਵਿਤ ਵਪਾਰ ਸਮਝੌਤਾ ਇੰਡੋਨੇਸ਼ੀਆ ਨਾਲ ਹੋਏ ਸਮਝੌਤੇ ਅਨੁਸਾਰ ਹੋਵੇਗਾ। ਅਮਰੀਕਾ-ਇੰਡੋਨੇਸ਼ੀਆ ਵਪਾਰ ਸਮਝੌਤੇ ਤਹਿਤ ਦੱਖਣ-ਪੂਰਬੀ ਏਸ਼ੀਆਈ ਦੇਸ਼ ਆਪਣੇ ਬਾਜ਼ਾਰ ਵਿੱਚ ਅਮਰੀਕੀ ਉਤਪਾਦਾਂ ਨੂੰ ਪੂਰੀ ਪਹੁੰਚ ਦੇਵੇਗਾ, ਜਦੋਂ ਕਿ ਇੰਡੋਨੇਸ਼ੀਆ ਦੇ ਸਾਮਾਨ 'ਤੇ ਅਮਰੀਕਾ ਵਿੱਚ 19 ਪ੍ਰਤੀਸ਼ਤ ਡਿਊਟੀ ਲੱਗੇਗੀ। ਇਸ ਤੋਂ ਇਲਾਵਾ ਇੰਡੋਨੇਸ਼ੀਆ ਨੇ ਅਮਰੀਕਾ ਤੋਂ 15 ਬਿਲੀਅਨ ਡਾਲਰ ਦੀ ਊਰਜਾ, 4.5 ਬਿਲੀਅਨ ਡਾਲਰ ਦੇ ਖੇਤੀਬਾੜੀ ਉਤਪਾਦ ਅਤੇ 50 ਬੋਇੰਗ ਜੈੱਟ ਖਰੀਦਣ ਦੀ ਵਚਨਬੱਧਤਾ ਪ੍ਰਗਟਾਈ ਹੈ।

ਟਰੰਪ ਨੇ ਬਾਅਦ ਵਿੱਚ ਪੱਤਰਕਾਰਾਂ ਨੂੰ ਕਿਹਾ, "ਭਾਰਤ ਮੂਲ ਰੂਪ ਵਿੱਚ ਉਸੇ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਸਾਨੂੰ ਭਾਰਤ ਵਿੱਚ ਪ੍ਰਵੇਸ਼ ਮਿਲੇਗਾ। ਤੁਹਾਨੂੰ ਇਹ ਸਮਝਣਾ ਹੋਵੇਗਾ ਕਿ ਸਾਡੇ ਕੋਲ ਇਨ੍ਹਾਂ ਵਿੱਚੋਂ ਕਿਸੇ ਵੀ ਦੇਸ਼ ਤੱਕ ਪਹੁੰਚ ਨਹੀਂ ਸੀ। ਸਾਡੇ ਲੋਕ ਉੱਥੇ ਨਹੀਂ ਜਾ ਸਕਦੇ ਸਨ ਅਤੇ ਹੁਣ ਸਾਨੂੰ ਉੱਥੇ ਪ੍ਰਵੇਸ਼ ਮਿਲ ਰਿਹਾ ਹੈ। ਇਹ ਉਹੀ ਹੈ ਜੋ ਅਸੀਂ ਡਿਊਟੀ ਰਾਹੀਂ ਕਰ ਰਹੇ ਹਾਂ...।" ਭਾਰਤੀ ਵਫਦ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ (BTA) 'ਤੇ ਗੱਲਬਾਤ ਦੇ ਪੰਜਵੇਂ ਦੌਰ ਲਈ ਵਾਸ਼ਿੰਗਟਨ ਵਿੱਚ ਹੈ। ਟਰੰਪ ਦੇ ਬਿਆਨ 'ਤੇ ਟਿੱਪਣੀ ਕਰਦੇ ਹੋਏ ਖੋਜ ਸੰਸਥਾ ਗਲੋਬਲ ਟ੍ਰੇਡ ਰਿਸਰਚ ਇਨੀਸ਼ੀਏਟਿਵ (GTRI) ਨੇ ਕਿਹਾ ਕਿ ਜੇਕਰ ਭਾਰਤ ਅਜਿਹੇ 'ਅਸੰਤੁਲਿਤ' ਸਮਝੌਤੇ ਨੂੰ ਸਵੀਕਾਰ ਕਰਦਾ ਹੈ ਤਾਂ ਇਸਦੇ ਘਰੇਲੂ ਖੇਤਰ, ਖਾਸ ਕਰਕੇ ਡੇਅਰੀ ਅਤੇ ਖੇਤੀਬਾੜੀ, ਡਿਊਟੀ-ਮੁਕਤ ਅਮਰੀਕੀ ਸਮਾਨ ਦੇ ਸੰਪਰਕ ਵਿੱਚ ਆ ਸਕਦੇ ਹਨ, ਜਦੋਂ ਕਿ ਬਦਲੇ ਵਿੱਚ ਇਸਨੂੰ ਬਹੁਤ ਘੱਟ ਲਾਭ ਮਿਲੇਗਾ।

GTRI ਦੇ ਸੰਸਥਾਪਕ ਅਜੇ ਸ਼੍ਰੀਵਾਸਤਵ ਨੇ ਕਿਹਾ, "ਆਪਸੀ ਲਾਭ ਤੋਂ ਬਿਨਾਂ ਭਾਰਤ ਨਾਲ ਇੱਕ ਮਾੜਾ ਸਮਝੌਤਾ ਕਿਸੇ ਸਮਝੌਤੇ ਤੋਂ ਵੀ ਮਾੜਾ ਹੋ ਸਕਦਾ ਹੈ... ਇਸ ਲਈ ਭਾਰਤ ਨੂੰ ਪਾਰਦਰਸ਼ੀ ਢੰਗ

* ਬਾਕੀ ਸਫਾ 2 'ਤੇ

# ਲਾਰੈਂਸ ਬਿਸ਼ਨੋਈ ਨੂੰ ਅੱਤਵਾਦੀ ਸੰਗਠਨ ਵਜੋਂ ਕੀਤਾ ਜਾਵੇ ਨਾਮਜ਼ਦ'

## ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਕੀਤੀ ਮੰਗ




ਕੈਨੇਡਾ (ਪੰਜਾਬ ਸਟਾਰ ਬਿਊਰੋ): ਕੈਨੇਡੀਅਨ ਸੂਬੇ ਅਲਬਰਟਾ ਵਿੱਚ ਵੀ ਲਾਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਣ ਦੀ ਮੰਗ ਤੇਜ਼ ਹੋ ਗਈ ਹੈ। ਸੂਬਾਈ ਸਰਕਾਰ ਨੇ ਇਸ ਗੈਂਗ ਦੀ ਵਧਦੀ ਅੰਤਰਰਾਸ਼ਟਰੀ ਪਹੁੰਚ ਅਤੇ ਕੈਨੇਡਾ ਵਿੱਚ ਇਸ ਦੀਆਂ ਖ਼ਤਰਨਾਕ ਗਤੀਵਿਧੀਆਂ ਦਾ ਹਵਾਲਾ ਦਿੱਤਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਗੈਂਗ ਕੈਨੇਡਾ ਵਿੱਚ ਹਿੰਸਾ, ਜਬਰੀ ਵਸੂਲੀ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਟਾਰਗੇਟ ਕਿਲਿੰਗ ਵਰਗੇ ਗੰਭੀਰ ਅਪਰਾਧਾਂ ਨੂੰ ਅੰਜਾਮ ਦੇ ਰਿਹਾ ਹੈ।

ਇਸ ਤੋਂ ਪਹਿਲਾਂ, ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਵੀ ਬਿਸ਼ਨੋਈ ਗੈਂਗ ਵਿਰੁੱਧ ਕਾਰਵਾਈ ਦੀ ਮੰਗ ਉਠਾਈ ਸੀ। ਬ੍ਰਿਟਿਸ਼ ਕੋਲੰਬੀਆ ਦੇ ਮੁਖੀ ਡੇਵਿਡ ਏਬੀ ਨੇ ਕਿਹਾ ਸੀ ਕਿ ਜਬਰੀ ਵਸੂਲੀ ਅਤੇ ਹੋਰ ਅਪਰਾਧਾਂ ਨਾਲ ਨਜਿੱਠਣ ਲਈ ਜਾਂਚ ਏਜੰਸੀਆਂ ਦੀ ਮਦਦ ਕਰਨ ਲਈ ਬਿਸ਼ਨੋਈ ਗੈਂਗ ਨੂੰ ਕੈਨੇਡਾ ਵਿੱਚ ਅਤਿਵਾਦੀ ਸੰਗਠਨ ਐਲਾਨਿਆ ਜਾਣਾ ਚਾਹੀਦਾ ਹੈ।

ਏਬੀ ਨੇ ਇਹ ਵੀ ਦੱਸਿਆ ਸੀ ਕਿ ਜਬਰੀ ਵਸੂਲੀ ਦੀਆਂ ਧਮਕੀਆਂ ਦੇ ਨਾਲ-ਨਾਲ ਗੋਲੀਬਾਰੀ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜੋ ਨਾ ਸਿਰਫ਼ ਬ੍ਰਿਟਿਸ਼ ਕੋਲੰਬੀਆ ਵਿੱਚ ਸਗੋਂ ਐਡਮੰਟਨ ਅਤੇ ਬ੍ਰੈਂਪਟਨ ਵਰਗੇ ਹੋਰ ਸ਼ਹਿਰਾਂ ਵਿੱਚ ਵੀ ਹੋ ਰਹੀਆਂ ਹਨ। ਲਾਰੈਂਸ ਬਿਸ਼ਨੋਈ ਗੈਂਗ

* ਬਾਕੀ ਸਫਾ 2 'ਤੇ

# ਮੁੱਢਲੇ ਟੈਰਿਫ ਤੋਂ ਬਿਨਾਂ ਅਮਰੀਕਾ ਨਾਲ ਵਪਾਰਕ ਸਮਝੌਤਾ ਸੰਭਵ ਨਹੀਂ - ਮਾਰਕ ਕਾਰਨੀ

### * ਕਿਹਾ ਅਮਰੀਕੀ ਰਾਸ਼ਟਰਪਤੀ ਟਰੰਪ ਟੈਰਿਫ ਲਈ ਬਜ਼ਿੱਦ



ਟੋਰਾਂਟੋ (ਬਿਊਰੋ ਰਿਪੋਰਟ): ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜਅਸਿੱਧੇ ਤੌਰ 'ਤੇ ਇਸ ਗੱਲ ਨੂੰ ਸਵੀਕਾਰ ਕਰਦਿਆਂ ਕਿਹਾ ਹੈ ਕਿ ਅਮਰੀਕਾ ਨਾਲ ਵਪਾਰਕ ਸਮਝੌਤਾ ਕੁਝ ਮੁੱਢਲੇ ਟੈਰਿਫ ਨਾਲ ਹੀ ਸਿਰੇ ਚੜ੍ਹ ਸਕੇਗਾ। ਅੱਜ ਕੈਬਨਿਟ ਨਾਲ ਮੀਟਿੰਗ ਤੋਂ ਪਹਿਲਾਂ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਦੇ

* ਬਾਕੀ ਸਫਾ 2 'ਤੇ

# ਗੈਂਗਸਟਰਾਂ ਵੱਲੋਂ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੂੰ ਪਤਨੀ ਤੇ ਬੇਟੇ ਸਮੇਤ ਜਾਨੋਂ ਮਾਰਨ ਦੀ ਦਿੱਤੀ ਧਮਕੀ!



ਬਰੈਂਪਟਨ (ਪੰਜਾਬ ਸਟਾਰ ਬਿਊਰੋ): ਕੈਨੇਡਾ ਵਿਚ ਭਾਰਤੀ ਪਰਵਾਰਾਂ ਦੇ ਘਰਾਂ ਅਤੇ ਕਾਰੋਬਾਰੀ ਟਿਕਾਣਿਆਂ 'ਤੇ ਚੱਲ ਰਹੀਆਂ ਗੋਲੀਆਂ ਦਰਮਿਆਨ ਸਿਆਸਤਦਾਨ ਵੀ ਨਿਸ਼ਾਨਾ 'ਤੇ ਆ ਚੁੱਕੇ ਹਨ ਅਤੇ ਧਮਕੀਆਂ ਆਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਜੀ ਹਾਂ, ਲਾਰੈਂਸ ਬਿਸ਼ਨੋਈ ਗਿਰੋਹ ਨੂੰ ਅਤਿਵਾਦੀ ਜਥੇਬੰਦੀ ਐਲਾਨੇ ਜਾਣ ਦੀ ਮੰਗ ਕਰਨ ਵਾਲੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਦੀ ਜਾਨ ਵੀ ਖਤਰੇ ਵਿਚ ਨਜ਼ਰ ਆ ਰਹੀ ਹੈ ਅਤੇ ਪੀਲ ਰੀਜਨਲ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਬੰਦੋਬਸਤ ਕੀਤੇ ਜਾਣ ਦੀ ਰਿਪੋਰਟ ਹੈ। ਮੀਡੀਆ ਰਿਪੋਰਟ ਮੁਤਾਬਕ ਜਾਨੋ ਮਾਰਨ ਦੀ ਧਮਕੀ ਤਕਰੀਬਨ ਦੋ-ਤਿੰਨ ਹਫ਼ਤੇ ਪਹਿਲਾਂ ਮੇਅਰ ਦੇ ਦਫ਼ਤਰ ਵਿਚ ਈਮੇਲ ਰਾਹੀਂ ਪੁੱਜੀ ਜਿਸ ਵਿਚ ਪੈਟ੍ਰਿਕ ਬ੍ਰਾਊਨ ਦੀ ਪਤਨੀ ਅਤੇ ਬੇਟੇ ਦਾ ਵੀ ਜ਼ਿਕਰ ਕੀਤਾ ਗਿਆ ਸੀ।

ਇਕ ਸਮਾਗਮ ਦੌਰਾਨ ਜਦੋਂ ਪੈਟ੍ਰਿਕ ਬ੍ਰਾਊਨ ਨੂੰ ਧਮਕੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਨੇ ਜਵਾਬ ਦੇਣ ਦੀ ਜ਼ਿੰਮੇਵਾਰੀ ਪੀਲ ਪੁਲਿਸ ਦੇ ਡਿਪਟੀ ਚੀਫ਼ ਨਿਕ ਮਿਲੀਨੋਵਿਚ 'ਤੇ ਸੁੱਟ ਦਿਤੀ। ਮਿਲੀਨੋਵਿਚ ਨੇ ਦੱਸਿਆ ਕਿ ਧਮਕੀ ਸਿਰਫ਼ ਮੇਅਰ ਨੂੰ ਨਹੀਂ ਦਿਤੀ ਗਈ ਸਗੋਂ ਉਨ੍ਹਾਂ ਦੇ ਪਰਵਾਰ ਨੂੰ ਵੀ ਧਮਕਾਇਆ ਗਿਆ ਜਿਸ ਨੂੰ ਵੇਖਦਿਆਂ ਮੁਕੰਮਲ ਚੌਕਸੀ ਵਰਤੀ ਜਾ ਰਹੀ ਹੈ ਅਤੇ ਮੇਅਰ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਪੈਟ੍ਰਿਕ ਬ੍ਰਾਊਨ ਦੀ ਆਵਾਜਾਈ ਦੌਰਾਨ ਅਤੇ ਉਨ੍ਹਾਂ ਦੇ ਘਰ ਦੁਆਲੇ ਦੋ ਹਫ਼ਤੇ ਤੱਕ ਪੁਲਿਸ ਮੁਲਾਜ਼ਮ ਤੈਨਾਤ ਰਹੇ। ਦੂਜੇ ਪਾਸੇ ਧਮਕੀ ਭਰੀ ਈਮੇਲ ਬਾਰੇ ਪੁਣ-ਛਾਣ ਕਰਨ ਮਗਰੋਂ ਸੁਰੱਖਿਆ ਵਾਪਸ ਲਈ ਜਾ ਚੁੱਕੀ ਹੈ। ਮਿਲੀਨੋਵਿਚ ਨੇ ਇਹ ਨਹੀਂ ਦੱਸਿਆ ਕਿ ਕੀ ਮਾਮਲੇ ਦੀ ਪੜਤਾਲ ਹੁਣ ਵੀ ਚੱਲ ਰਹੀ ਹੈ

* ਬਾਕੀ ਸਫਾ 2 'ਤੇ

# ਬੰਗਲਾਦੇਸ਼ 'ਚ 100 ਲੋਕਾਂ ਦਾ ਕਤਲੇਆਮ



ਢਾਕਾ, (ਪੰਜਾਬ ਸਟਾਰ ਬਿਊਰੋ)-ਬੰਗਲਾਦੇਸ਼ ਵਿਚ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਆਵਾਮੀ ਲੀਗ ਪਾਰਟੀ ਨਾਲ ਸੰਬੰਧਤ ਹਮਾਇਤੀਆਂ 'ਤੇ ਹੋਏ ਹਮਲੇ ਵਿਚ 100 ਵਿਅਕਤੀਆਂ ਦੀ ਜਾਨ ਚਲੀ ਗਈ। ਬੰਗਲਾਦੇਸ਼ ਵਿਚ ਆਵਾਮੀ ਲੀਗ ਹਮਾਇਤੀਆਂ 'ਤੇ ਲਗਾਤਾਰ ਹਮਲੇ ਜਾਰੀ ਹਨ। ਇਸ ਕਤਲੇਆਮ 'ਤੇ ਵਿਰੋਧੀ ਧਿਰ ਨੇ ਮੁਹੰਮਦ ਯੂਨੁਸ ਸਰਕਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਗੋਪਾਲਗੰਜ ਵਿਚ ਨੈਸ਼ਨਲ ਸਿਟੀਜ਼ਨ ਪਾਰਟੀ ਵਲੋਂ ਕੀਤੀ ਰੈਲੀ ਦੌਰਾਨ ਹੋਈਆਂ ਹਿੰਸਕ ਝੜਪਾਂ ਵਿਚ ਘੱਟੋ-ਘੱਟ 4 ਵਿਅਕਤੀਆਂ ਦੀ ਮੌਤ ਹੋ ਗਈ।





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**

ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

**ਹੁਣੇ ਹੀ ਕਾਲ ਕਰੋ**

75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

Late Evening and Weekends Appointments Available 1888-864-3131



Jasbir Singh Hundal
Registered Credit Counsellor

www.MakeMeDebtFree.ca **416-502-3100**
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS

**We Help Get You the Compensation You Deserve**

Book a free consultation:
**1-833-BRAR-LAW**

**PERSONAL INJURY**

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

**FOR ALL YOUR REAL ESTATE NEEDS**

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਸ੍ਰੀ ਹਰਿਮੰਦਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ:

## ਈ-ਮੇਲ ਰਾਹੀਂ ਧਮਕੀ ਮਿਲਣ ਤੋਂ ਬਾਅਦ, SGPC ਨੇ ਵਧਾਈ ਸੁਰੱਖਿਆ

### ਗੋਲਡਨ ਟੈਂਪਲ ਨੂੰ 24 ਘੰਟੇ ਅੰਦਰ ਲਗਾਤਾਰ ਦੂਜੀ ਵਾਰ ਬੰਬ ਨਾਲ ਉਡਾਉਣ ਦੀ ਧਮਕੀ



ਅੰਮ੍ਰਿਤਸਰ: ਇੱਕ ਅਣਪਛਾਤੇ ਵਿਅਕਤੀ ਨੇ ਸੋਮਵਾਰ ਨੂੰ ਇੱਕ ਧਮਕੀ ਭਰਿਆ ਈਮੇਲ ਲਿਖਿਆ ਜਿਸ ਵਿੱਚ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਰਡੀਐਕਸ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਐਸਜੀਪੀਸੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਸਬੰਧ ਵਿੱਚ ਪੁਲਿਸ ਨੂੰ ਸ਼ਿਕਾਇਤ ਦੇ ਦਿੱਤੀ ਗਈ ਹੈ।ਸੁਰੱਖਿਆ ਲਈ, ਐਸਜੀਪੀਸੀ ਅਧਿਕਾਰੀਆਂ ਨੇ ਟਾਸਕ ਫੋਰਸ ਦੀ ਮਦਦ ਨਾਲ ਅੰਦਰੂਨੀ ਸੁਰੱਖਿਆ ਵਧਾ ਦਿੱਤੀ ਹੈ। ਸ੍ਰੀ ਹਰਿਮੰਦਰ ਸਾਹਿਬ, ਇਸਦੀ ਪਰਿਕਰਮਾ, ਲੰਗਰ ਭਵਨ ਅਤੇ ਸਰਾਵਾਂ ਵਿੱਚ ਚੈਕਿੰਗ ਕੀਤੀ ਜਾ ਰਹੀ ਹੈ। ਕੰਪਲੈਕਸ ਵਿੱਚ ਸਿਵਲ ਵਰਦੀ ਵਿੱਚ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਵੀ ਵਧਾ ਦਿੱਤੀ ਗਈ ਹੈ। ਪੁਲਿਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਈਮੇਲ ਭੇਜਣ ਵਾਲਾ ਵਿਅਕਤੀ ਕੌਣ ਹੈ ਅਤੇ ਇਹ ਈਮੇਲ ਕਿਸ ਥਾਂ ਤੋਂ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ ਵੀ ਕਈ ਵਾਰ ਸ੍ਰੀ ਹਰਿਮੰਦਰ ਸਾਹਿਬ, ਰੇਲਵੇ ਸਟੇਸ਼ਨ, ਬੱਸ ਸਟੈਂਡ, ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅਤੇ ਅੰਮ੍ਰਿਤਸਰ ਦੇ ਸ੍ਰੀ ਦੁਰਗਿਆਣਾ ਮੰਦਿਰ ਨੂੰ ਆਰਡੀਐਕਸ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ।

ਅੰਮ੍ਰਿਤਸਰ: ਅੰਮ੍ਰਿਤਸਰ ਦੇ ਗੋਲਡਨ ਟੈਂਪਲ ਨੂੰ ਲਗਾਤਾਰ ਦੂਜੇ ਦਿਨ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਇਹ ਧਮਕੀ ਈ-ਮੇਲ ਰਾਹੀਂ ਪ੍ਰਾਪਤ ਹੋਈ ਹੈ। ਈ-ਮੇਲ 'ਚ ਦਾਅਵਾ ਕੀਤਾ ਹੈ ਕਿ ਪਾਈਪਾਂ ਵਿੱਚ RDX ਭਰਿਆ ਗਿਆ ਹੈ, ਜਿਸ ਨਾਲ ਗੋਲਡਨ ਟੈਂਪਲ ਦੇ ਅੰਦਰ ਧਮਾਕੇ ਕੀਤੇ ਜਾਣਗੇ। ਸੁਰੱਖਿਆ ਕਾਰਨਾਂ ਕਰਕੇ ਨਾ ਤਾਂ ਈ-ਮੇਲ ਅਤੇ ਨਾ ਹੀ ਉਸ ਵਿੱਚ ਲਿਖੇ ਸ਼ਬਦਾਂ ਨੂੰ ਜਨਤਕ ਕੀਤਾ ਗਿਆ ਹੈ। ਜਾਂਚ ਲਈ ਡੌਗ ਸਕੁਐਡ ਅਤੇ ਬੰਬ ਸਕੁਐਡ ਮੌਕੇ 'ਤੇ ਪਹੁੰਚ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਅਤੇ ਅੰਮ੍ਰਿਤਸਰ ਪੁਲਿਸ ਵੀ ਸੁਚੇਤ ਹੋ ਗਈ ਹੈ। BSF ਅਤੇ ਪੁਲਿਸ ਕਮਾਂਡੋ ਤਾਇਨਾਤ ਕੀਤੇ ਗਏ ਹਨ। ਹਰ ਆਉਣ-ਜਾਣ ਵਾਲੇ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸੋਮਵਾਰ ਨੂੰ ਵੀ ਈ-ਮੇਲ ਰਾਹੀਂ ਗੋਲਡਨ ਟੈਂਪਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। SGPC ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਧਮਕੀ ਦਿੱਤੀ ਗਈ ਹੈ ਕਿ ਗੋਲਡਨ ਟੈਂਪਲ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ। ਇਹ ਧਮਕੀ ਦੇਣ ਵਾਲੇ ਸਿਰਫ਼ ਗੋਲਡਨ ਟੈਂਪਲ ਦੀ ਗੱਲ ਨਹੀਂ ਕਰਦੇ, ਸਗੋਂ ਸਾਰੇ ਧਰਮਾਂ ਦੇ ਧਾਰਮਿਕ ਸਥਾਨਾਂ ਨੂੰ ਉਡਾਉਣ ਦੀ ਗੱਲ ਵੀ ਕਰਦੇ ਹਨ। ਇਹਨਾਂ ਧਮਕੀਆਂ ਦੇਣ ਵਾਲਿਆਂ ਦਾ ਕੋਈ ਧਰਮ ਨਹੀਂ ਹੁੰਦਾ। ਇਹ ਲੋਕਾਂ ਵਿੱਚ ਡਰ ਦੀ ਭਾਵਨਾ ਪੈਦਾ ਕਰਨ ਲਈ ਅਜਿਹਾ ਕਰਦੇ ਹਨ। ਸਕੱਤਰ ਨੇ ਕਿਹਾ ਕਿ ਸੰਗਤ ਪਹਿਲਾਂ ਵਾਂਗ ਹੀ ਮੱਥਾ ਟੇਕਣ ਆ ਰਹੀ ਹੈ ਅਤੇ ਗੁਰੂਘਰ ਵਿੱਚ ਕੀਰਤਨ ਸੁਣ ਰਹੀ ਹੈ। ਸੰਗਤ ਨੂੰ ਬੇਨਤੀ ਹੈ ਕਿ ਇਹ ਗੁਰੂਆਂ ਦਾ ਦਰ ਹੈ ਅਤੇ ਇੱਥੇ ਅਜਿਹਾ ਸੋਚਣਾ ਵੀ ਪਾਪ ਹੈ। ਜਿਸ ਨੇ ਵੀ ਇਹ ਧਮਕੀ ਦਿੱਤੀ ਹੈ, ਸਰਕਾਰਾਂ ਦਾ ਕੰਮ ਹੈ ਕਿ ਉਹਨਾਂ ਨੂੰ ਟਰੇਸ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ। ਇਹ ਪੁਲਿਸ ਪ੍ਰਸ਼ਾਸਨ ਅਤੇ ਕੇਂਦਰ ਦੀ ਵੀ ਜ਼ਿੰਮੇਵਾਰੀ ਹੈ।

# ਅਮਰੀਕਾ 'ਚ ਟਾਰਗੇਟ ਸਟੋਰ ਤੋਂ ਇੱਕ ਲੱਖ ਰੁਪਏ ਤੋਂ ਵੱਧ ਚੋਰੀ ਦੇ ਦੋਸ਼ ਵਿੱਚ ਭਾਰਤੀ ਔਰਤ ਗ੍ਰਿਫ਼ਤਾਰ



ਵਾਸ਼ਿੰਗਟਨ: ਅਮਰੀਕਾ ਘੁੰਮਣ ਆਈ ਇੱਕ ਭਾਰਤੀ ਮਹਿਲਾ ਸੈਲਾਨੀ ਨੂੰ ਇਲੀਨੋਇਸ ਦੇ ਇੱਕ ਟਾਰਗੇਟ ਸਟੋਰ ਤੋਂ ਵੱਡੀ ਚੋਰੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਟਾਰਗੇਟ ਸਟੋਰ ਵਿੱਚ ਕਥਿਤ ਚੋਰੀ ਦੇ ਮਾਮਲੇ ਵਿੱਚ ਔਰਤ ਜਾਂਚ ਦਾ ਸਾਹਮਣਾ ਕਰ ਰਹੀ ਹੈ। ਦੋਸ਼ ਹੈ ਕਿ ਔਰਤ ਨੇ ਇਲੀਨੋਇਸ ਦੇ ਇਸ ਸਟੋਰ ਵਿੱਚ ਲਗਭਗ ਸੱਤ ਘੰਟੇ ਬਿਤਾਏ ਅਤੇ ਚੋਰੀ ਕੀਤੀ। ਉਸ ਦੀਆਂ ਹਰਕਤਾਂ ਸੀਸੀਟੀਵੀ ਵਿੱਚ ਕੈਦ ਹੋ ਗਈਆਂ। ਜਿਸ ਦੌਰਾਨ ਉਸ ਦੇ ਸ਼ੱਕੀ ਵਿਵਹਾਰ ਨੇ ਸਟਾਫ ਦਾ ਧਿਆਨ ਆਪਣੇ ਵੱਲ ਖਿੱਚਿਆ ਅਤੇ ਪੁਲਿਸ ਨੂੰ ਬੁਲਾਇਆ ਗਿਆ। ਅਮਰੀਕੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਔਰਤ 'ਤੇ ਲਗਭਗ 1,300 (ਲਗਭਗ 1.08 ਲੱਖ) ਡਾਲਰ ਦਾ ਸਾਮਾਨ ਚੋਰੀ ਕਰਨ ਦਾ ਸ਼ੱਕ ਹੈ। ਹਾਲ ਹੀ ਵਿੱਚ ਸਾਹਮਣੇ ਆਈ ਇੱਕ ਵੀਡੀਓ ਵਿੱਚ, ਇੱਕ ਟਾਰਗੇਟ ਕਰਮਚਾਰੀ ਨੂੰ ਇਹ ਕਹਿੰਦੇ ਹੋਏ ਦੇਖਿਆ ਜਾ ਸਕਦਾ ਹੈ ਕਿ ਔਰਤ ਘੰਟਿਆਂ ਤੱਕ ਸਟੋਰ ਵਿੱਚ ਘੁੰਮਦੀ ਰਹੀ ਅਤੇ ਬਿਨਾਂ ਪੈਸੇ ਦਿੱਤੇ ਸਮਾਨ ਦੀ ਪੂਰੀ ਟਰਾਲੀ ਲੈ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ।

ਇੱਕ ਕਰਮਚਾਰੀ ਨੇ ਕਿਹਾ, "ਅਸੀਂ ਇਸ ਔਰਤ ਨੂੰ ਪਿਛਲੇ 7 ਘੰਟਿਆਂ ਤੋਂ ਦੁਕਾਨ ਵਿੱਚ ਘੁੰਮਦੇ ਦੇਖਿਆ ਹੈ। ਉਹ ਚੀਜ਼ਾਂ ਚੁੱਕ ਰਹੀ ਸੀ, ਆਪਣੇ ਫ਼ੋਨ ਵੱਲ ਦੇਖ ਰਹੀ ਸੀ, ਇੱਕ ਗਲਿਆਰੇ ਤੋਂ ਦੂਜੀ ਗਲਿਆਰੇ ਵਿੱਚ ਜਾ ਰਹੀ ਸੀ ਅਤੇ ਅੰਤ ਵਿੱਚ ਬਿਨਾਂ ਪੈਸੇ ਦਿੱਤੇ ਪੱਛਮੀ ਗੇਟ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ।" ਔਰਤ ਨੇ ਪੁਲਿਸ ਨੂੰ ਆਪਣਾ ਪੱਖ ਪੇਸ਼ ਕੀਤਾ ਅਤੇ ਕਿਹਾ ਕਿ ਉਹ ਭੁਗਤਾਨ ਕਰਨ ਲਈ ਤਿਆਰ ਹੈ। "ਜੇਕਰ ਮੈਂ ਤੁਹਾਨੂੰ ਪਰੇਸ਼ਾਨ ਕੀਤਾ ਹੈ, ਤਾਂ ਮੈਨੂੰ ਮਾਫ਼ ਕਰਨਾ। ਮੈਂ ਇਸ ਦੇਸ਼ ਤੋਂ ਨਹੀਂ ਹਾਂ ਅਤੇ ਮੈਂ ਇੱਥੇ ਨਹੀਂ ਰਹਿਣਾ ਚਾਹੁੰਦੀ।" ਪੁਲਿਸ ਅਧਿਕਾਰੀ (ਔਰਤ) ਨੇ ਜਵਾਬ ਦਿੱਤਾ, "ਕੀ ਭਾਰਤ ਵਿੱਚ ਚੋਰੀ ਕਰਨ ਦੀ ਇਜਾਜ਼ਤ ਹੈ? ਮੈਨੂੰ ਨਹੀਂ ਲੱਗਦਾ।" ਬਿੱਲ ਦੀ ਸਮੀਖਿਆ ਕਰਨ ਤੋਂ ਬਾਅਦ, ਪੁਲਿਸ ਨੇ ਔਰਤ ਨੂੰ ਹੱਥਕੜੀ ਲਗਾਈ ਅਤੇ ਉਸਨੂੰ ਸਟੇਸ਼ਨ ਲੈ ਗਈ, ਜਿੱਥੇ ਰਸਮੀ ਕਾਗਜ਼ੀ ਕਾਰਵਾਈ ਕੀਤੀ ਗਈ। ਔਰਤ 'ਤੇ ਘਿਨਾਉਣੇ ਅਪਰਾਧ (ਗੰਭੀਰ ਅਪਰਾਧ) ਦਾ ਦੋਸ਼ ਲਗਾਇਆ ਜਾ ਰਿਹਾ ਹੈ। ਭਾਵੇਂ ਉਸਨੂੰ ਅਜੇ ਅਧਿਕਾਰਤ ਤੌਰ 'ਤੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ, ਪਰ ਜਲਦੀ ਹੀ ਦੋਸ਼ ਲਗਾਏ ਜਾਣ ਦੀ ਸੰਭਾਵਨਾ ਹੈ।

ਇਹ ਮਾਮਲਾ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਗਿਆ ਅਤੇ ਇਸਨੇ ਦੁਕਾਨਦਾਰੀ ਵੀਜ਼ਾ ਸਥਿਤੀ ਅਤੇ ਅਮਰੀਕਾ ਵਿੱਚ ਅੰਤਰਰਾਸ਼ਟਰੀ ਯਾਤਰੀਆਂ ਲਈ ਕਾਨੂੰਨੀ ਪ੍ਰਭਾਵਾਂ 'ਤੇ ਬਹਿਸ ਛੇੜ ਦਿੱਤੀ ਹੈ। ਹੁਣ ਤੱਕ ਟਾਰਗੇਟ ਸਟੋਰ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ ਅਤੇ ਪੁਲਿਸ ਤੋਂ ਹੋਰ ਜਾਣਕਾਰੀ ਦੀ ਉਡੀਕ ਹੈ।

# ਲਹਿੰਦੇ ਪੰਜਾਬ 'ਚ ਮੀਂਹ ਕਾਰਨ 24 ਲੋਕਾਂ ਦੀ ਮੌਤ

ਪਾਕਿਸਤਾਨ ਦੇ ਪੰਜਾਬ ਸੂਬੇ 'ਚ ਪਿਛਲੇ 24 ਘੰਟਿਆਂ ਅੰਦਰ ਮੀਂਹ ਨਾਲ ਜੁੜੀਆਂ ਘਟਨਾਵਾਂ 'ਚ ਘੱਟੋ-ਘੱਟ 24 ਲੋਕਾਂ ਦੀ ਮੌਤ ਹੋ ਗਈ ਅਤੇ 150 ਤੋਂ ਵੱਧ ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦਸਿਆ ਕਿ ਲਾਹੌਰ ਅਤੇ ਪੰਜਾਬ ਦੇ ਕਈ ਹੋਰ ਜ਼ਿਲ੍ਹਿਆਂ 'ਚ ਰਾਤ ਭਰ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ ਅਤੇ ਮੌਜੂਦਾ ਦੌਰ ਵੀਰਵਾਰ ਤਕ ਜਾਰੀ ਰਹਿਣ ਦੀ ਉਮੀਦ ਹੈ।

ਲਾਹੌਰ 'ਚ ਰਾਤ ਦੇ ਸਮੇਂ ਤੂਫਾਨ ਕਾਰਨ ਛੱਤ ਡਿੱਗਣ ਦੀਆਂ ਤਿੰਨ ਘਟਨਾਵਾਂ 'ਚ 12 ਲੋਕਾਂ ਦੀ ਮੌਤ ਹੋ ਗਈ। ਇਕ ਬੁਲਾਰੇ ਨੇ ਦਸਿਆ ਕਿ ਸ਼ਹਿਰ ਦੇ ਥੋਕਰ ਨਿਆਜ਼ ਬੇਗ ਇਲਾਕੇ ਵਿਚ ਇਕੋ ਪਰਵਾਰ ਦੇ ਪੰਜ ਮੈਂਬਰ ਸ਼ਾਮਲ ਸਨ, ਜਿਨ੍ਹਾਂ ਵਿਚ ਛੋਟੀਆਂ ਕੁੜੀਆਂ ਵੀ ਸ਼ਾਮਲ ਸਨ। ਫੈਸਲਾਬਾਦ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ ਪਾਕਪਟਨ 'ਚ ਇਕ ਔਰਤ ਅਤੇ ਦੋ ਬੱਚਿਆਂ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਛੱਤ ਡਿੱਗਣ ਕਾਰਨ ਸ਼ੇਖੂਪੁਰਾ, ਭਾਕਰ, ਬਹਾਵਲਨਗਰ ਅਤੇ ਸ਼ਾਹਕੋਟ ਵਿਚ ਇਕ-ਇਕ ਮੌਤ ਹੋਈ ਜਦਕਿ ਓਕਾਰਾ ਵਿਚ ਦੋ ਨੌਜੁਆਨਾਂ ਦੀ ਮੌਤ ਹੋ ਗਈ।

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਕੌਮੀ ਆਫ਼ਤ ਪ੍ਰਬੰਧਨ ਅਥਾਰਟੀ (ਐਨਡੀਐਮਏ) ਨੇ ਕਿਹਾ ਸੀ ਕਿ 26 ਜੂਨ ਤੋਂ ਲੈ ਕੇ ਹੁਣ ਤਕ ਅਜਿਹੀਆਂ ਘਟਨਾਵਾਂ 'ਚ ਕੁਲ 116 ਲੋਕਾਂ ਦੀ ਮੌਤ ਹੋ ਚੁਕੀ ਹੈ। ਐਨ.ਡੀ.ਐਮ.ਏ. ਮੁਤਾਬਕ 116 ਮੌਤਾਂ ਵਿਚੋਂ 44 ਮੌਤਾਂ ਪੰਜਾਬ ਵਿਚ, 37 ਖੈਬਰ ਪਖਤੂਨਖਵਾ ਵਿਚ, 18 ਸਿੰਧ ਵਿਚ, 16 ਬਲੋਚਿਸਤਾਨ ਵਿਚ ਅਤੇ ਇਕ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿਚ ਹੋਈਆਂ ਹਨ। ਇਸ ਦੌਰਾਨ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਮੀਂਹ ਨਾਲ ਸਬੰਧਤ ਘਟਨਾਵਾਂ ਵਿਚ ਹੋਏ ਜਾਨੀ ਨੁਕਸਾਨ ਉਤੇ ਦੁੱਖ ਜ਼ਾਹਰ ਕੀਤਾ ਅਤੇ ਅਧਿਕਾਰੀਆਂ ਨੂੰ ਉਚਿਤ ਬਚਾਅ ਕਾਰਜਾਂ ਵਿਚ ਸਹਾਇਤਾ ਕਰਨ ਦੇ ਹੁਕਮ ਦਿਤੇ।




# ਪੇਜ ਇੱਕ ਦੀ ਬਾਕੀ

## ਇਰਾਕ 'ਚ ਪੰਜ ਮੰਜ਼ਿਲਾ...

ਇਸ ਦੇ ਨਾਲ ਹੀ ਸੂਬਾਈ ਗਵਰਨਰ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਇਸਦੇ ਸ਼ੁਰੂਆਤੀ ਨਤੀਜੇ 48 ਘੰਟਿਆਂ ਦੇ ਅੰਦਰ ਐਲਾਨੇ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਘਟਨਾ ਨੂੰ ਦੇਖਦੇ ਹੋਏ ਅਸੀਂ ਇਮਾਰਤ ਅਤੇ ਮਾਲ ਦੇ ਮਾਲਕ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਗਵਰਨਰ ਨੇ ਕਿਹਾ ਕਿ ਮੁੱਢਲੀ ਜਾਂਚ ਰਿਪੋਰਟ 48 ਘੰਟਿਆਂ ਦੇ ਅੰਦਰ ਜਾਰੀ ਕੀਤੀ ਜਾਵੇਗੀ। ਨਾਲ ਹੀ ਉਨ੍ਹਾਂ ਕਿਹਾ ਕਿ ਮਾਲ ਅਤੇ ਇਮਾਰਤ ਦੇ ਮਾਲਕ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਰਿਪੋਰਟ ਅਨੁਸਾਰ ਸਥਾਨਕ ਪ੍ਰਸ਼ਾਸਨ ਅਤੇ ਬਚਾਅ ਟੀਮਾਂ ਨੇ ਰਾਤ ਭਰ ਰਾਹਤ ਅਤੇ ਬਚਾਅ ਕਾਰਜ ਚਲਾਏ। ਅੱਗ ਦੀ ਤੀਬਰਤਾ ਨੂੰ ਦੇਖਦੇ ਹੋਏ ਪਾਣੀ ਅਤੇ ਫੋਮ ਨਾਲ ਇਸ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਵਿੱਚ ਕਈ ਘੰਟੇ ਲੱਗ ਗਏ। ਇਮਾਰਤ ਵਿੱਚ ਦਰਜਨਾਂ ਲੋਕ ਫਸ ਗਏ ਸਨ ਅਤੇ ਉਨ੍ਹਾਂ ਨੂੰ ਕੱਢਣ ਲਈ ਕੋਸ਼ਿਸ਼ਾਂ ਜਾਰੀ ਹਨ। ਜ਼ਖਮੀਆਂ ਨੂੰ ਅਲ-ਕੁਤ ਦੇ ਸਰਕਾਰੀ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਸਥਾਨਕ ਸਿਹਤ ਵਿਭਾਗ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ।

## ਅਮਰੀਕਾ 'ਚ ਗ੍ਰਿਫ਼ਤਾਰ...

ਆਇਰਿਸ਼ ਕਿਨਾਹਾਨ ਗੈਂਗ ਨਾਲ ਮਿਲ ਕੇ ਅੰਤਰਰਾਸ਼ਟਰੀ ਪੱਧਰ 'ਤੇ ਮੈਥਾਮਫੇਟਾਮਾਈਨ ਅਤੇ ਫੈਂਟਾਨਿਲ ਦੀ ਤਸਕਰੀ ਕਰਦਾ ਸੀ। ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਸਿਆਨ ਨੂੰ ਪਿਛਲੇ ਮਹੀਨੇ ਨੇਵਾਡਾ ਵਿੱਚ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (ਡੀਈਏ) ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ। ਰਿਪੋਰਟ ਅਨੁਸਾਰ, ਅਦਾਲਤ ਦੇ ਦਸਤਾਵੇਜ਼ਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸਿਆਨ, ਤੁਰਕੀ ਅਤੇ ਅਮਰੀਕੀ ਅਪਰਾਧਿਕ ਸੰਗਠਨਾਂ ਦੁਆਰਾ ਸਮਰਥਤ, ਚੀਨ ਤੋਂ ਰਸਾਇਣਾਂ ਨੂੰ ਇੱਥੇ ਆਯਾਤ ਕਰਨ ਅਤੇ ਲਾਸ ਏਂਜਲਸ ਬੰਦਰਗਾਹ ਰਾਹੀਂ ਆਸਟ੍ਰੇਲੀਆ ਨੂੰ ਨਸ਼ੀਲੇ ਪਦਾਰਥਾਂ ਦੀ ਬਰਾਮਦ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ।

ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਸਿਆਨ ਨੂੰ ਪਿਛਲੇ ਮਹੀਨੇ ਨੇਵਾਡਾ ਵਿੱਚ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (ਡੀਈਏ) ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ। ਰਿਪੋਰਟ ਅਨੁਸਾਰ, ਅਦਾਲਤ ਦੇ ਦਸਤਾਵੇਜ਼ਾਂ ਤੋਂ ਇਹ ਵੀ ਪਤਾ ਲੱਗਿਆ ਹੈ ਕਿ ਸਿਆਨ, ਤੁਰਕੀ ਅਤੇ ਅਮਰੀਕੀ ਅਪਰਾਧਿਕ ਸੰਗਠਨਾਂ ਦੁਆਰਾ ਸਮਰਥਤ, ਚੀਨ ਤੋਂ ਰਸਾਇਣਾਂ ਨੂੰ ਇੱਥੇ ਆਯਾਤ ਕਰਨ ਅਤੇ ਲਾਸ ਏਂਜਲਸ ਬੰਦਰਗਾਹ ਰਾਹੀਂ ਆਸਟ੍ਰੇਲੀਆ ਨੂੰ ਨਸ਼ੀਲੇ ਪਦਾਰਥਾਂ ਦੀ ਬਰਾਮਦ ਕਰਨ ਦੀ ਸਾਜ਼ਿਸ਼ ਵਿੱਚ ਸ਼ਾਮਲ ਸੀ।

ਨੇਵਾਡਾ ਦੇ ਇੱਕ ਜੱਜ ਨੇ ਸਿਆਨ (37) ਨੂੰ ਕੈਲੀਫ਼ੋਰਨੀਆ ਤਬਦੀਲ ਹੋਣ ਤੱਕ ਹਿਰਾਸਤ ਵਿੱਚ ਰੱਖਣ ਦਾ ਹੁਕਮ ਦਿੱਤਾ ਹੈ।

## ਇੰਡੋਨੇਸ਼ੀਆ ਨਾਲ ਹੋਏ...

ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਇੱਕ-ਪਾਸੜ ਨਤੀਜਿਆਂ ਤੋਂ ਬਚਣਾ ਚਾਹੀਦਾ ਹੈ ਅਤੇ ਲੰਬੇ ਸਮੇਂ ਦੇ ਆਰਥਿਕ ਹਿੱਤਾਂ ਨਾਲ ਸਮਝੌਤਾ ਕਰਨ ਵਾਲੇ ਤੇਜ਼, ਪ੍ਰਤੀਕਾਤਮਕ ਸਮਝੌਤਿਆਂ ਲਈ ਦਬਾਅ ਵਿੱਚ ਨਹੀਂ ਆਉਣਾ ਚਾਹੀਦਾ।" ਭਾਰਤੀ ਵਣਜ ਮੰਤਰਾਲੇ ਦੀ ਟੀਮ ਦਾ ਅਮਰੀਕਾ ਦੌਰਾ ਮਹੱਤਵਪੂਰਨ ਹੈ ਕਿਉਂਕਿ ਦੋਵਾਂ ਧਿਰਾਂ ਨੂੰ ਖੇਤੀਬਾੜੀ ਅਤੇ ਆਟੋਮੋਬਾਈਲ ਵਰਗੇ ਖੇਤਰਾਂ ਵਿੱਚ ਸਮੱਸਿਆਵਾਂ ਨੂੰ ਹੱਲ ਕਰਨਾ ਪਵੇਗਾ। ਇਹ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਨੇ ਭਾਰਤ ਸਮੇਤ ਕਈ ਦੇਸ਼ਾਂ 'ਤੇ ਵਾਧੂ ਡਿਊਟੀ 1 ਅਗਸਤ ਤੱਕ ਮੁਲਤਵੀ ਕਰ ਦਿੱਤੀ ਹੈ।

ਭਾਰਤ ਨੇ ਖੇਤੀਬਾੜੀ ਅਤੇ ਡੇਅਰੀ ਉਤਪਾਦਾਂ 'ਤੇ ਡਿਊਟੀ ਵਿੱਚ ਰਿਆਇਤ ਦੀ ਅਮਰੀਕੀ ਮੰਗ 'ਤੇ ਆਪਣਾ ਸਟੈਂਡ ਸਖ਼ਤ ਕਰ ਲਿਆ ਹੈ। ਭਾਰਤ ਨੇ ਡੇਅਰੀ ਸੈਕਟਰ ਵਿੱਚ ਮੁਕਤ ਵਪਾਰ ਸਮਝੌਤੇ ਵਿੱਚ ਆਪਣੇ ਕਿਸੇ ਵੀ ਵਪਾਰਕ ਭਾਈਵਾਲ ਨੂੰ ਡਿਊਟੀ ਪੱਧਰ 'ਤੇ ਅਜੇ ਤੱਕ ਕੋਈ ਰਿਆਇਤ ਨਹੀਂ ਦਿੱਤੀ ਹੈ। ਭਾਰਤ ਇਸ ਵਾਧੂ ਡਿਊਟੀ (26 ਪ੍ਰਤੀਸ਼ਤ) ਨੂੰ ਹਟਾਉਣ ਦੀ ਮੰਗ ਕਰ ਰਿਹਾ ਹੈ। ਇਹ ਸਟੀਲ ਅਤੇ ਐਲੂਮੀਨੀਅਮ (50 ਪ੍ਰਤੀਸ਼ਤ) ਅਤੇ ਆਟੋਮੋਬਾਈਲ (25 ਪ੍ਰਤੀਸ਼ਤ) ਖੇਤਰਾਂ 'ਤੇ ਡਿਊਟੀ ਵਿੱਚ ਛੋਟ ਦੀ ਮੰਗ ਵੀ ਕਰ ਰਿਹਾ ਹੈ। ਭਾਰਤ ਨੇ ਵਿਸ਼ਵ ਵਪਾਰ ਸੰਗਠਨ ਦੇ ਨਿਯਮਾਂ ਤਹਿਤ ਇਸ ਵਿਰੁੱਧ ਜਵਾਬੀ ਡਿਊਟੀ ਲਗਾਉਣ ਦਾ ਆਪਣਾ ਅਧਿਕਾਰ ਰਾਖਵਾਂ ਰੱਖਿਆ ਹੈ। ਅਮਰੀਕਾ ਕੁਝ ਉਦਯੋਗਿਕ ਸਮਾਨ, ਵਾਹਨਾਂ, ਖਾਸ ਕਰਕੇ ਇਲੈਕਟ੍ਰਿਕ ਵਾਹਨਾਂ, ਸ਼ਰਾਬ, ਪੈਟਰੋ ਕੈਮੀਕਲ ਉਤਪਾਦਾਂ ਅਤੇ ਡੇਅਰੀ ਸਮੇਤ ਕੁਝ ਖੇਤੀਬਾੜੀ ਉਤਪਾਦਾਂ 'ਤੇ ਡਿਊਟੀ ਛੋਟ ਚਾਹੁੰਦਾ ਹੈ। ਦੂਜੇ ਪਾਸੇ ਭਾਰਤ ਪ੍ਰਸਤਾਵਿਤ ਵਪਾਰ ਸਮਝੌਤੇ ਵਿੱਚ ਟੈਕਸਟਾਈਲ, ਰਤਨ ਅਤੇ ਗਹਿਣੇ, ਚਮੜੇ ਦੇ ਸਮਾਨ, ਕੱਪੜੇ, ਪਲਾਸਟਿਕ, ਰਸਾਇਣ, ਝੀਂਗਾ, ਤੇਲ ਬੀਜ, ਅੰਗੂਰ ਅਤੇ ਕੇਲੇ ਵਰਗੇ ਕਿਰਤ-ਸੰਬੰਧੀ ਖੇਤਰਾਂ ਲਈ ਡਿਊਟੀ ਰਿਆਇਤਾਂ ਚਾਹੁੰਦਾ ਹੈ। ਦੋਵੇਂ ਦੇਸ਼ ਇਸ ਸਾਲ ਸਤੰਬਰ-ਅਕਤੂਬਰ ਤੱਕ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ ਦੇ ਪਹਿਲੇ ਪੜਾਅ ਲਈ ਗੱਲਬਾਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤੋਂ ਪਹਿਲਾਂ ਉਹ ਇੱਕ ਅੰਤਰਿਮ ਵਪਾਰ ਸਮਝੌਤੇ 'ਤੇ ਵਿਚਾਰ ਕਰ ਰਹੇ ਹਨ।

## ਲਾਰੈਂਸ ਬਿਸ਼ਨੋਈ ਨੂੰ...

ਬ੍ਰਿਟਿਸ਼ ਕੋਲੰਬੀਆ, ਅਲਬਰਟਾ ਅਤੇ ਓਨਟਾਰੀਓ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਹੁਣ ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਅਤੇ ਜਨਤਕ ਸੁਰੱਖਿਆ ਅਤੇ ਐਮਰਜੈਂਸੀ ਸੇਵਾਵਾਂ ਮੰਤਰੀ ਮਾਈਕ ਐਲਿਸ ਨੇ ਵੀ ਬਿਸ਼ਨੋਈ ਗੈਂਗ ਨੂੰ ਅਤਿਵਾਦੀ ਸੰਗਠਨ ਘੋਸ਼ਿਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਗੈਂਗ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦੇ ਰਿਹਾ ਹੈ ਅਤੇ ਇਸ ਦੀ ਪਹੁੰਚ ਪੂਰੀ ਦੁਨੀਆਂ ਵਿੱਚ ਫੈਲੀ ਹੋਈ ਹੈ।

ਸਮਿੱਥ ਅਤੇ ਐਲਿਸ ਨੇ ਇੱਕ ਸਾਂਝੇ ਸੋਸ਼ਲ ਮੀਡੀਆ ਬਿਆਨ ਵਿੱਚ ਕਿਹਾ, ਲਾਰੈਂਸ ਬਿਸ਼ਨੋਈ ਗੈਂਗ ਇੱਕ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਹੈ, ਜੋ ਕੈਨੇਡਾ ਸਮੇਤ ਕਈ ਦੇਸ਼ਾਂ ਵਿੱਚ ਹਿੰਸਾ, ਜਬਰੀ ਵਸੂਲੀ, ਟਾਰਗੇਟ ਕਿਲਿੰਗ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੈ। ਇਸ ਦੀ ਪਹੁੰਚ ਵਿਸ਼ਵਵਿਆਪੀ ਹੈ ਅਤੇ ਇਸ ਦਾ ਇਰਾਦਾ ਅਪਰਾਧਿਕ ਅਤੇ ਹਿੰਸਕ ਹੈ।

### ਅਲਬਰਟਾ ਦੀ ਸਪੱਸ਼ਟ ਚੇਤਾਵਨੀ - 'ਤੁਹਾਡਾ ਇੱਥੇ ਸਵਾਗਤ ਨਹੀਂ ਹੈ'

ਬਿਆਨ ਵਿੱਚ ਜ਼ੋਰ ਦਿੱਤਾ ਗਿਆ ਹੈ ਕਿ ਇਸ ਗੈਂਗ ਦੀਆਂ ਗਤੀਵਿਧੀਆਂ ਨਾ ਤਾਂ ਸੀਮਾਵਾਂ ਨੂੰ ਜਾਣਦੀਆਂ ਹਨ ਅਤੇ ਨਾ ਹੀ ਉਨ੍ਹਾਂ ਦਾ ਸਨਮਾਨ ਕਰਦੀਆਂ ਹਨ। ਅਲਬਰਟਾ ਇੱਕ ਸਪੱਸ਼ਟ ਸੰਦੇਸ਼ ਦੇਣਾ ਚਾਹੁੰਦਾ ਹੈ - 'ਤੁਹਾਡਾ ਇੱਥੇ ਸਵਾਗਤ ਨਹੀਂ ਹੈ।'

ਸਮਿਥ ਅਤੇ ਐਲਿਸ ਨੇ ਕਿਹਾ ਕਿ ਜੇਕਰ ਬਿਸ਼ਨੋਈ ਗੈਂਗ ਨੂੰ ਅਤਿਵਾਦੀ ਸੰਗਠਨ ਘੋਸ਼ਿਤ ਕੀਤਾ ਜਾਂਦਾ ਹੈ, ਤਾਂ ਸੂਬਾਈ ਸਰਕਾਰ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਜਿਹੇ ਨੈੱਟਵਰਕ ਦੇ ਸੰਚਾਲਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਸ਼ਕਤੀ ਅਤੇ ਸਰੋਤ ਮਿਲਣਗੇ। ਇਹ ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਏਗਾ।

### ਦੱਖਣੀ ਏਸ਼ੀਆਈ ਭਾਈਚਾਰੇ 'ਤੇ ਪ੍ਰਭਾਵ

ਬਿਆਨ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਅਲਬਰਟਾ ਅਤੇ ਪੂਰੇ ਕੈਨੇਡਾ ਵਿੱਚ ਦੱਖਣੀ ਏਸ਼ੀਆਈ ਭਾਈਚਾਰਾ ਇਸ ਗਿਰੋਹ ਦੀਆਂ ਗਤੀਵਿਧੀਆਂ ਤੋਂ ਪ੍ਰਭਾਵਿਤ ਹੋਇਆ ਹੈ। ਸਮਿੱਥ ਅਤੇ ਐਲਿਸ ਨੇ ਕਿਹਾ, ਅਸੀਂ ਅਤਿਵਾਦੀ ਸੰਗਠਨਾਂ, ਗਰੋਹਾਂ ਅਤੇ ਹਿੰਸਕ ਅਪਰਾਧੀਆਂ ਨੂੰ ਅਲਬਰਟਾ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਤੋਂ ਰੋਕਣ ਲਈ ਵਚਨਬੱਧ ਹਾਂ। ਦੋਵਾਂ ਨੇਤਾਵਾਂ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇਸ ਮੁੱਦੇ 'ਤੇ ਤੁਰੰਤ ਕਾਰਵਾਈ ਕਰਨ ਅਤੇ ਸਾਰੇ ਕੈਨੇਡੀਅਨ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ, ਹੁਣ ਕਾਰਵਾਈ ਦਾ ਸਮਾਂ ਹੈ। ਸੰਘੀ ਸਰਕਾਰ ਨੂੰ ਇਸ ਗਰੋਹ ਨੂੰ ਖ਼ਤਮ ਕਰਨ ਲਈ ਹਰ ਸੰਭਵ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਕੈਨੇਡੀਅਨ ਨਾਗਰਿਕ ਸੁਰੱਖਿਅਤ ਮਹਿਸੂਸ ਕਰ ਸਕਣ।

## ਮੁੱਢਲੇ ਟੈਰਿਫ ਤੋਂ ਬਿਨਾਂ...

ਰਾਸ਼ਟਰਪਤੀ ਡੋਨਾਲਡ ਟਰੰਪ ਟੈਰਿਫ 'ਤੇ ਬੇਹੱਦ ਕੇਂਦਰਿਤ ਹਨ, ਇਸ ਲਈ ਇਸ ਗੱਲ ਦੀ ਬਹੁਤ ਘੱਟ ਸੰਭਾਵਨਾ ਹੈ ਕਿ ਆਉਣ ਵਾਲੀ ਗੱਲਬਾਤ 'ਚ ਟੈਰਿਫ ਤੋਂ ਬਿਨਾਂ ਸਮਝੌਤਾ ਸਿਰੇ ਚੜ੍ਹ ਸਕੇ।

ਉਹਨਾਂ ਨੇ ਇਸ ਗੱਲ ਦਾ ਹਵਾਲਾ ਵੀ ਦਿੱਤਾ ਕਿ ਕੁਝ ਦੇਸ਼ਾਂ ਵੱਲੋਂ ਕੁਝ ਮੁੱਢਲੇ ਟੈਰਿਫ ਨੂੰ ਸ਼ਾਮਿਲ ਕਰਕੇ ਹੀ ਅਮਰੀਕਾ ਨਾਲ ਸਮਝੌਤਾ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਬਰਤਾਨੀਆਂ ਨੇ ਕੁਝ ਸਮਾਂ ਪਹਿਲਾਂ ਹੀ ਅਮਰੀਕਾ ਨਾਲ 10 ਫ਼ੀਸਦੀ ਮੁੱਲੇ ਟੈਰਿਫ ਨੂੰ ਸਵੀਕਾਰ ਕਰਕੇ ਸਮਝੌਤਾ ਕੀਤਾ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਇਸ ਬਿਆਨ ਨੂੰ ਲੈ ਕੇ ਵਿਰੋਧੀ ਸਿਆਸੀ ਪਾਰਟੀਆਂ ਵੱਲੋਂ ਉਨ੍ਹਾਂ ਨੂੰ ਦੀ ਸਿਆਸੀ ਘੇਰਾਬੰਦੀ ਕੀਤੇ ਜਾਣ ਦੀ ਸੰਭਾਵਨਾ ਹੈ। ਕੰਜ਼ਰਵੇਟਿਵ ਆਗੂ ਪੀਅਰ ਪੋਲੀਏਵਰ ਨੇ ਹਾਲ ਵਿੱਚ ਕਿਹਾ ਸੀ ਕਿ ਲਿਬਰਲ ਸਰਕਾਰ ਨੂੰ ਅਮਰੀਕਾ ਨਾਲ ਸਮਝੌਤਾ ਕਰਨ 'ਚ ਕਾਹਲੀ ਨਹੀਂ ਕਰਨੀ ਚਾਹੀਦੀ ਅਤੇ ਬਿਨਾਂ ਕਿਸੇ ਦਬਾਅ ਤੋਂ ਵਪਾਰਕ ਸਮਝੌਤੇ ਲਈ ਗੱਲਬਾਤ ਕਰਨੀ ਚਾਹੀਦੀ ਹੈ।

## ਗੈਂਗਸਟਰਾਂ ਵੱਲੋਂ ਬਰੈਂਪਟਨ...

ਪਰ ਇਸ ਗੱਲ ਦੀ ਤਸਦੀਕ ਕਰ ਦਿਤੀ ਕਿ ਧਮਕੀ ਕੈਨੇਡਾ ਵਿਚੋਂ ਹੀ ਆਈ ਸੀ।

ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਜਲਦ ਹੀ ਵਿਸਤਾਰਤ ਮੁਹੱਈਆ ਕਰਵਾਉਣ ਦੇ ਸਮਰੱਥ ਹੋ ਜਾਵੇਗੀ ਪਰ ਇਸ ਵੇਲੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ। ਇਸੇ ਦੌਰਾਨ ਪੈਟ੍ਰਿਕ ਬ੍ਰਾਊਨ ਨੇ ਕਿਹਾ ਕਿ ਉਹ ਪੜਤਾਲ ਵਿਚ ਦਖਲ ਨਹੀਂ ਦੇਣਾ ਚਾਹੁੰਦੇ ਅਤੇ ਪੀਲ ਪੁਲਿਸ ਉਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ। ਮੇਅਰ ਨੇ ਦੱਸਿਆ ਕਿ ਉਨ੍ਹਾਂ ਨੂੰ ਕੁਝ ਵਰ੍ਹੇ ਪਹਿਲਾਂ ਵੀ ਜਾਨੋ ਮਾਰਨ ਦੀ ਧਮਕੀ ਮਿਲ ਚੁੱਕੀ ਹੈ ਅਤੇ ਇਹ ਸਭ ਤੁਹਾਡੀ ਜ਼ਿੰਦਗੀ 'ਤੇ ਲੰਮਾ ਸਮਾਂ ਅਸਰ-ਅੰਦਾਜ਼ ਨਹੀਂ ਰਹਿੰਦਾ। ਇਥੇ ਦਸਣਾ ਬਣਦਾ ਹੈ ਕਿ ਬੀ.ਸੀ. ਦੇ ਪ੍ਰੀਮੀਅਰ ਡੇਵਿਡ ਈਬੀ ਅਤੇ ਐਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਸਣੇ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਵੀ ਲਾਰੈਂਸ ਬਿਸ਼ਨੋਈ ਦੇ ਗਿਰੋਹ ਨੂੰ ਅਤਿਵਾਦੀ ਜਥੇਬੰਦੀ ਐਲਾਨਣ ਦੀ ਮੰਗ ਕਰ ਚੁੱਕੇ ਹਨ ਜਦਕਿ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਤਾਮਿਲ ਭਾਈਚਾਰੇ ਦੇ ਹੱਕ ਵਿਚ ਵੀ ਹਾਅ ਦਾ ਨਾਹਰਾ ਮਾਰਿਆ ਗਿਆ।

ਪੁਲਿਸ ਸੂਤਰਾਂ ਮੁਤਾਬਕ ਜਾਨੋ ਮਾਰਨ ਦੀ ਧਮਕੀ ਤਾਮਿਲ ਭਾਈਚਾਰੇ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੇ ਜਾਣ ਦਾ ਸਿੱਟਾ ਨਹੀਂ। ਦੂਜੇ ਪਾਸੇ ਭਾਰਤੀ ਪਰਵਾਰਾਂ ਦੇ ਘਰਾਂ 'ਤੇ ਪਿਛਲੇ ਦਿਨੀਂ ਗੋਲੀਆਂ ਚਲਾਉਣ ਵਾਲਿਆਂ ਦੀ ਹੁਣ ਤੱਕ ਕੋਈ ਉਘ-ਸੁਘ ਨਹੀਂ ਲੱਗ ਸਕੀ ਜਦਕਿ ਸੋਸ਼ਲ ਮੀਡੀਆ 'ਤੇ ਹੋ ਰਹੀਆਂ ਟਿੱਪਣੀਆਂ ਵਿਚ ਇਹ ਵੀ ਆਖਿਆ ਜਾ ਰਿਹਾ ਹੈ ਕਿ ਕੁਝ ਲੋਕ ਆਪਣੇ ਆਪ ਨੂੰ ਪੀੜਤ ਦਰਸਾਉਣ ਲਈ ਖੁਦ ਹੀ ਗੋਲੀਬਾਰੀ ਦੀਆਂ ਵਾਰਦਾਤਾਂ ਕਰਵਾ ਰਹੇ ਹਨ। ਇਸ ਮੁੱਦੇ 'ਤੇ ਪੀਲ ਰੀਜਨਲ ਪੁਲਿਸ ਦੀ ਟਿੱਪਣੀ ਹਾਸਲ ਨਹੀਂ ਹੋ ਸਕੀ।






# ਕੈਨੇਡਾ 'ਚ ਪੰਜਾਬੀਆਂ ਦੇ 2 ਧੜਿਆ ਦਰਮਿਆਨ ਚੱਲੀਆਂ ਗੋਲੀਆਂ

## ਤਿੰਨ ਜ਼ਖਮੀਆਂ ਨੂੰ ਸਰੀ ਦੇ ਹਸਪਤਾਲ ਵਿਚ ਕਰਵਾਇਆ ਦਾਖਲ



ਸਰੀ : ਕੈਨੇਡਾ ਵਿਚ ਸਾਊਥ ਏਸ਼ੀਅਨਜ਼ ਦੀ ਸ਼ਮੂਲੀਅਤ ਵਾਲੀ ਇਕ ਹੋਰ ਵਾਰਦਾਤ ਦੌਰਾਨ ਤਿੰਨ ਜਣਿਆਂ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿਤਾ ਗਿਆ ਜਦਕਿ ਤਿੰਨ ਸ਼ੱਕੀਆਂ ਦੀ ਸਰੀ ਪੁਲਿਸ ਭਾਲ ਕਰ ਰਹੀ ਹੈ ਜੋ ਸਾਊਥ ਏਸ਼ੀਅਨ ਹੀ ਦੱਸੇ ਜਾ ਰਹੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਗੋਲੀਬਾਰੀ ਦੀ ਇਹ ਵਾਰਦਾਤ ਪੰਜਾਬੀਆਂ ਦੇ ਦੋ ਧੜਿਆਂ ਦਰਮਿਆਨ ਹੋਏ ਟਕਰਾਅ ਦਾ ਨਤੀਜਾ ਰਹੀ। ਸਰੀ ਪੁਲਿਸ ਨੇ ਦੱਸਿਆ ਕਿ ਨਿਊਟਨ ਇਲਾਕੇ ਵਿਚ 15 ਜੁਲਾਈ ਨੂੰ ਵੱਡੇ ਤੜਕੇ ਤਕਰੀਬਨ 1 ਵਜੇ ਚਾਰ ਜਣੇ ਆਪਣੀ ਗੱਡੀ ਵਿਚ ਜਾ ਰਹੇ ਸਨ ਜਦੋਂ 140ਵੀਂ ਸਟ੍ਰੀਟ ਨੇੜੇ 84 ਐਵੇਨਿਊ 'ਤੇ ਉਨਟਾਰੀਓ ਲਾਇਸੰਸ ਪਲੇਟ ਵਾਲੀ ਟੈਸਲਾ 3 ਗੱਡੀ ਵਿਚੋਂ ਤਿੰਨ ਜਣੇ ਬਾਹਰ ਨਿਕਲੇ ਅਤੇ ਗੋਲੀਆਂ ਚਲਾ ਕੇ ਫਰਾਰ ਹੋ ਗਏ। ਗੋਲੀਬਾਰੀ ਦਾ ਸ਼ਿਕਾਰ ਪੀੜਤਾਂ ਵੱਲੋਂ ਪੁਲਿਸ ਅਤੇ ਐਮਰਜੰਸੀ ਸਿਹਤ ਕਾਮਿਆਂ ਨੂੰ ਸੱਦਿਆ ਗਿਆ ਜਿਨ੍ਹਾਂ ਵਿਚੋਂ ਤਿੰਨ ਜਣਿਆਂ ਨੂੰ ਸਥਿਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਵਾਰਦਾਤ ਦੀ ਗੰਭੀਰਤਾ ਨੂੰ ਵੇਖਦਿਆਂ ਸਰੀ ਪੁਲਿਸ ਦੀ ਫਰੰਟਲਾਈਨ ਇਨਵੈਸਟੀਗੇਟਿਵ ਸਪੋਰਟ ਟੀਮ ਨੂੰ ਸੱਦਿਆ ਗਿਆ ਜਦਕਿ ਸਰੀ ਪੁਲਿਸ ਦਾ ਸੀਰੀਅਸ ਕ੍ਰਾਈਮ ਯੂਨਿਟ ਮਾਮਲੇ ਦੀ ਪੁਣ-ਛਾਣ ਕਰ ਰਿਹਾ ਹੈ। ਪੁਲਿਸ ਮੁਤਾਬਕ ਪੀੜਤ ਜਾਂਚ ਵਿਚ ਮੁਕੰਮਲ ਸਹਿਯੋਗ ਕਰ ਰਹੇ ਹਨ ਅਤੇ ਗੋਲੀਬਾਰੀ ਦੇ ਮਕਸਦ ਬਾਰੇ ਫ਼ਿਲਹਾਲ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ। ਸ਼ੱਕੀਆਂ ਦੀ ਪਛਾਣ ਸਿਰਫ਼ ਸਾਊਥ ਏਸ਼ੀਅਨ ਵਜੋਂ ਕੀਤੀ ਗਈ ਹੈ ਅਤੇ ਸਰੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਸ ਵਾਰਦਾਤ ਬਾਰੇ ਕੋਈ ਜਾਣਕਾਰੀ ਹੋਵੇ ਤਾਂ 604 599 0502 'ਤੇ ਸੰਪਰਕ ਕਰਦਿਆਂ ਫਾਈਲ 2025-58724 ਦਾ ਜ਼ਿਕਰ ਕੀਤਾ ਜਾਵੇ।

# ਕਨੇਡੀਅਨ ਲੀਡਰਾਂ ਦਾ ਡਿੱਗ ਰਿਹਾ ਮਿਆਰ !

## ਸਾਰੇ ਵੱਡੇ ਗੈਂਗਾਂ 'ਨੂੰ ਅੱਤਵਾਦੀ ਐਲਾਨਿਆ ਜਾਵੇ !

ਦੋ ਤਿੰਨ ਦਹਾਕੇ ਪਹਿਲਾਂ ਤੱਕ ਜਿੱਥੇ ਕਨੇਡਾ ਦੇ ਆਮ ਲੋਕ ਬੜੇ ਸ਼ਰੀਫ ਤੇ ਨਿਮਰ ਸੁਭਾਅ ਦੇ ਮਾਲਕ ਮੰਨੇ ਜਾਂਦੇ ਸਨ। ਉੱਥੇ ਰਾਜਸੀ ਲੀਡਰ ਵੀ ਸ਼ਰੀਫ ਤੇ ਇਮਾਨਦਾਰ ਸਨ। ਰਾਜਨੀਤੀ ਵਿੱਚ ਪੈਸੇ ਦੀ ਕੋਈ ਬਹੁਤੀ ਅਹਿਮੀਅਤ ਨਹੀ ਸੀ। ਪਰ ਜਿਵੇਂ ਜਿਵੇਂ ਨਵੇਂ ਆਏ ਇਮੀਗਰੈਂਟ ਲੋਕਾਂ ਨੇ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ, ਤਿਵੇਂ ਤਿਵੇਂ ਜਿਨ੍ਹਾਂ ਦੇਸ਼ਾਂ ਦੇ ਭ੍ਰਿਸ਼ਟ ਸਿਸਟਮ ਤੋਂ ਭੱਜ ਕੇ ਇੱਥੇ ਆਏ ਸਨ, ਇੱਥੇ ਆ ਕੇ ਇਨ੍ਹਾਂ ਦੇਸ਼ਾਂ ਦੇ ਸਿਸਟਮ ਤੇ ਲੀਡਰਾਂ ਨੂੰ ਵੀ ਭ੍ਰਿਸ਼ਟ ਕਰਨਾ ਸ਼ੁਰੂ ਕਰ ਦਿੱਤਾ। ਇੱਥੇ ਦੇ ਇਮਾਨਦਾਣ ਸਿਸਟਮ ਦਾ ਫਾਇਦਾ ਉਠਾ ਹਰ ਗੈਰ ਇਖਲਾਕੀ ਤੇ ਗੈਰ ਕਨੂੰਨੀ ਢੰਗ ਨਾਲ ਰਾਜਨੀਤੀ ਵਿੱਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਜਿਸਦਾ ਨਤੀਜਾ ਇਹ ਹੈ ਕਿ ਕਨੇਡਾ ਦਾ ਰਾਜਸੀ ਸਿਸਟਮ ਵੀ ਬਹੁ ਗਿਣਤੀ ਇਮੀਗਰੈਂਟ ਭਾਈਚਾਰਿਆਂ ਵਿੱਚ ਭ੍ਰਿਸ਼ਟ ਹੋ ਚੁੱਕਾ ਹੈ।

ਇਮੀਗਰੈਂਟ ਭਾਈਚਾਰਿਆਂ ਦੇ ਵੱਧਦੇ ਪ੍ਰਭਾਵ ਅਧੀਨ ਮੌਕਾ ਪ੍ਰਸਤ ਮੇਨ ਸਟਰੀਮ ਲੀਡਰਾਂ ਨੇ ਵੀ ਵੋਟ ਤੇ ਨੋਟ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਕਨੇਡਾ ਪਿਛਲੇ 20-25 ਸਾਲ ਤੋਂ ਡਰੱਗ ਸਮਗਲਿੰਗ, ਡਰੱਗ ਓਵਰਡੋਜ਼, ਗੈਂਗਵਾਰ ਨਾਲ਼ ਜੂਝ ਰਿਹਾ ਹੈ। 500 ਤੋਂ ਵੱਧ ਤਾਂ ਸਿੱਖ ਭਾਈਚਾਰੇ ਦੇ ਨੌਜਵਾਨ ਗੈਂਗਵਾਰ ਦਾ ਸ਼ਿਕਾਰ ਹੋ ਚੁੱਕੇ ਸਨ। ਰੋਜ਼ਾਨਾ 25-30 ਨੌਜਵਾਨ ਡਰੱਗ ਓਵਰਡੋਜ ਨਾਲ਼ ਮਰਦੇ ਹਨ। ਚੋਰੀਆਂ, ਡਾਕੇ, ਫਿਰੌਤੀਆਂ ਆਮ ਵਰਤਾਰਾ ਬਣ ਚੁੱਕਾ ਹੈ।

ਪਿਛਲੇ ਦਿਨੀਂ ਬੀਸੀ ਦੇ ਪ੍ਰੀਮੀਅਰ ਨੇ ਮੰਗ ਕੀਤੀ ਕਿ ਭਾਰਤ ਦੇ ਲੌਰੈਂਸ ਬਿਸ਼ਨੋਈ ਗੈਂਗ ਨੂੰ ਅੱਤਵਾਦੀ ਸੰਗਠਨ ਐਲਾਨਿਆ ਜਾਵੇ। ਉਸਦੀ ਨਕਲ ਕਰਦੇ ਓਨਟੇਰੀਓ ਦੇ ਪ੍ਰੀਮੀਅਰ ਨੇ ਵੀ ਉਸਦੀ ਹਾਮੀ ਭਰੀ। ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ ਦੀ ਕਹਾਵਤ ਅਨੁਸਾਰ ਅਲਬਰਟਾ ਦੀ ਪ੍ਰੀਮੀਅਰ ਨੇ ਵੀ ਬਿਆਨ ਦਾਗ਼ ਦਿੱਤਾ ਕਿ ਬਿਧਨੋਈ ਗੈਂਗ ਨੂੰ ਅੱਤਵਾਦੀ ਐਲਾਨਿਆ ਜਾਵੇ।



ਬੇਸ਼ੱਕ ਦੇਖਣ ਨੂੰ ਚੰਗੀ ਮੰਗ ਲੱਗਦੀ ਹੈ ਅਤੇ ਇਹ ਹੋਣਾ ਵੀ ਚਾਹੀਦਾ ਹੈ। ਪਰ ਸਵਾਲ ਤਾਂ ਇਹ ਹੈ ਕਿ ਕੀ ਕਨੇਡਾ ਵਿੱਚ ਸਿਰਫ ਬਿਧਨੋਈ ਗੈਂਗ ਹੀ ਸਭ ਕੁਝ ਕਰ ਰਿਹਾ ਹੈ। ਸਾਲ ਕੁ ਪਹਿਲਾਂ ਤੱਕ ਕਿਸੇ ਨੇ ਬਿਸ਼ਨੋਈ ਗੈਂਗ ਦਾ ਨਾਮ ਵੀ ਕਨੇਡਾ 'ਚ ਨਹੀਂ ਸੁਣਿਆ ਸੀ। ਜਦਕਿ ਅਨੇਕਾਂ ਪੰਜਾਬੀ, ਚੀਨੇ, ਗੋਰੇ, ਕਾਲ਼ਿਆਂ ਦੇ ਗੈਂਗ 2-3 ਦਹਾਕਿਆਂ ਤੋਂ ਸਰਗਰਮ ਹਨ। ਕੁਝ ਗੈਂਗ ਤਾਂ ਅਜਿਹੇ ਵੀ ਹਨ, ਜੋ ਇੱਧਰ ਸੁਪਾਰੀਆਂ ਦੇ ਕੇ ਪੰਜਾਬ ਜਾਂ ਭਾਰਤ ਦੇ ਬਾਕੀ ਹਿੱਸਿਆਂ ਵਿੱਚ ਕਤਲ ਕਰਾਉਂਦੇ ਰਹੇ ਹਨ। ਅਜਿਹੇ ਗੈਂਗਾਂ ਨੂੰ ਅੱਤਵਾਦੀ ਕਿਉਂ ਨਾ ਐਲਾਨਿਆ ਜਾਵੇ?

ਅਜੇ ਪਿਛਲੇ ਹਫਤੇ ਕਪਿਲ ਸ਼ਰਮਾ ਦੇ ਕੈਫੇ 'ਤੇ ਗੋਲ਼ੀਆਂ ਚਲਾਉਣ ਵਾਲ਼ੇ ਗੈਂਗਸਟਰ ਹਰਜੀਤ ਲਾਡੀ 'ਨੇ ਪਿਛਲੇ ਸਾਲ ਪੰਜਾਬ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੀਡਰ ਦਾ ਕਤਲ ਕਰਾਇਆਂ ਸੀ ਅਤੇ ਪੰਜਾਬ ਪੁਲਿਸ ਨੇ ਉਸ ਉੱਪਰ ਦਸ ਲੱਖ ਇਨਾਮ ਰੱਖਿਆ ਹੋਇਆ ਹੈ।

ਕੀ ਸਾਡੇ ਇਹ ਲੀਡਰ ਕਨੇਡਾ ਵਿੱਚੋਂ ਕਰਾਈਮ ਖਤਮ ਕਰਨਾ ਚਾਹੁੰਦੇ ਹਨ ਜਾਂ ਵੋਟ-ਨੋਟ ਦੀ ਰਾਜਨੀਤੀ ਹੀ ਕਰ ਰਹੇ ਹਨ? ਜੇ ਇਹ ਸੁਹਿਰਦ ਹੋਣ ਤਾਂ ਸਾਰੇ ਗਰੁੱਪਾਂ 'ਤੇ ਪਾਬੰਦੀ ਲਗਾਉਣ, ਅੱਤਵਾਦੀ ਐਲਾਨਣ ਦੀ ਮੰਗ ਕਿਉਂ ਨਹੀਂ ਕਰਦੇ? ਕਿਉਂ ਨਹੀਂ ਕਨੂੰਨ ਵਿੱਚ ਤਬਦੀਲੀ ਕਰਕੇ ਅਪਰਾਧੀਆਂ 'ਤੇ ਸ਼ਿਕੰਜਾ ਕੱਸਣ ਦੀ ਮੰਗ ਕਰਦੇ?

ਹੁਣ ਕਨੇਡੀਅਨ ਲੀਡਰ ਵੀ ਆਪਣੀ ਇਮਾਨਦਾਰੀ ਤੇ ਭਰੋਸੇਯੋਗਤਾ ਗਵਾ ਰਹੇ ਹਨ। ਇਹ ਵੀ ਥਰਡ ਵਰਲਡ ਦੇਸ਼ਾਂ ਦੀ ਭ੍ਰਿਸ਼ਟ ਰਾਜਨੀਤੀ ਦਾ ਸ਼ਿਕਾਰ ਹੋ ਰਹੇ ਹਨ। ਕਨੇਡੀਅਨ ਰਾਜਨੀਤੀ ਨੂੰ ਸਾਫ ਸੁਥਰੀ ਰੱਖਣ ਲਈ ਹੁਣ ਕਨੇਡੀਅਨ ਸਰਕਾਰ ਨੂੰ ਕਨੂੰਨ ਬਦਲ ਕੇ ਕਨੇਡੀਅਨ ਬੌਰਨ ਵਿਅਕਤੀਆਂ ਨੂੰ ਹੀ ਰਾਜਨੀਤੀ ਵਿੱਚ ਦਾਖਿਲ ਹੋਣ ਇਜਾਜ਼ਤ ਦੇਣੀ ਚਾਹੀਦੀ ਹੈ। ਵਿਦੇਸ਼ਾਂ ਦੇ ਜੰਮਪਲ ਇਮੀਗਰੈਂਟਸ ਤੇ ਰਾਜਨੀਤੀ ਵਿੱਚ ਪਾਬੰਧੀ ਲੱਗਣੀ ਚਾਹੀਦੀ ਹੈ ਤਾਂ ਹੀ ਕਨੇਡਾ ਆਪਣਾ ਪੁਰਾਣਾ ਵਕਾਰ ਕਾਇਮ ਰੱਖ ਸਕਦਾ ਹੈ। ਨਹੀਂ ਤਾਂ ਉਹ ਸਮਾਂ ਬਹੁਤਾ ਦੂਰ ਨਹੀਂ, ਜਦੋਂ ਕਨੇਡਾ ਦੀ ਰਾਜਨੀਤੀ ਵੀ ਥਰਡ ਵਰਲਡ ਦੇਸ਼ਾਂ ਦੇ ਲੈਵਲ 'ਤੇ ਪਹੁੰਚ ਜਾਵੇਗੀ।

ਪ੍ਰਹਾਰ

# ਸਿੱਧੂ ਮੂਸੇਵਾਲਾ ਦਾ ਅਧੂਰਾ ਸੁਫਨਾ ਹੋਵੇਗਾ ਪੂਰਾ: ਵਿਸ਼ਵ ਟੂਰ ਦੀ ਤਿਆਰੀ !

ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਅਧਿਕਾਰਕ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀ ਕੀਤੀ ਗਈ ਇੱਕ ਪੋਸਟ ਨੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਪੋਸਟ ਨੇ ਸਿੱਧੂ ਦੇ ਪ੍ਰਸ਼ੰਸਕਾਂ ਵਿੱਚ ਜੋਸ਼, ਭਾਵੁਕਤਾ ਅਤੇ ਉਮੀਦਾਂ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪੋਸਟ ਵਿੱਚ 'ਸਾਈਨ ਟੂ ਵਾਰ 2026 ਵਰਲਡ ਟੂਰ' ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਨਾਲ ਸਿੱਧੂ ਦੀ ਟੀਮ ਨੇ ਇੱਕ ਉਤਸ਼ਾਹਜਨਕ ਸੰਕੇਤ ਦਿੱਤਾ ਹੈ। 'ਸਾਈਨ ਟੂ ਵਾਰ' ਸਿੱਧੂ ਮੂਸੇਵਾਲਾ ਦੀ ਪ੍ਰਸਿੱਧੀ ਅਤੇ ਉਸ ਦੀ ਕਲਾਤਮਕ ਸ਼ੈਲੀ ਨਾਲ ਮੇਲ ਖਾਂਦਾ ਜਾਪਦਾ ਹੈ। 'ਸਾਈਨ ਟੂ ਵਾਰ' ਸਿੱਧੂ ਦੀ ਸਖ਼ਸ਼ੀਅਤ ਅਤੇ ਉਸ ਦੀ ਜੋਸ਼ੀਲੀ, ਤੇਜ਼-ਤਰਾਰ ਸ਼ੈਲੀ ਨੂੰ ਦਰਸਾਉਂਦਾ ਹੈ, ਅਤੇ 2026 ਨੂੰ ਨਿਸ਼ਾਨਾ ਬਣਾ ਕੇ ਵਿਸ਼ਵ ਟੂਰ ਦੀ ਸੰਭਾਵਨਾ ਵੱਲ ਇਸ਼ਾਰਾ ਕਰਦਾ ਹੈ।

ਹਾਲਾਂਕਿ, ਹੁਣ ਤੱਕ ਇਸ ਦੀ ਕੋਈ ਅਧਿਕਾਰਕ ਮਿਤੀ, ਸਥਾਨ ਜਾਂ ਸਮਾਂ-ਸਾਰਣੀ ਜਨਤਕ ਨਹੀਂ ਕੀਤੀ ਗਈ, ਪਰ ਮੂਸੇਵਾਲਾ ਦੀ ਟੀਮ ਨੇ ਸਪੱਸ਼ਟ ਕੀਤਾ ਹੈ ਕਿ ਵਿਸਤ੍ਰਿਤ ਜਾਣਕਾਰੀ ਜਲਦੀ ਸਾਂਝੀ ਕੀਤੀ ਜਾਵੇਗੀ।

**ਅੰਦਰੂਨੀ ਤਿਆਰੀਆਂ ਜਾਰੀ**

ਸਿੱਧੂ ਮੂਸੇਵਾਲਾ ਦੀ ਪ੍ਰਬੰਧਕ ਟੀਮ ਨੇ ਕਿਹਾ ਕਿ ਇਸ ਸੰਭਾਵੀ ਟੂਰ ਦੀਆਂ ਤਿਆਰੀਆਂ ਫਿਲਹਾਲ ਅੰਦਰੂਨੀ ਪੱਧਰ 'ਤੇ ਚੱਲ ਰਹੀਆਂ ਹਨ। ਟੀਮ ਨੇ ਇਹ ਵੀ ਦੁਹਰਾਇਆ ਕਿ ਪ੍ਰਸ਼ੰਸਕਾਂ ਨਾਲ ਜੁੜੀ ਸਾਰੀ ਜਾਣਕਾਰੀ ਸਿਰਫ਼ ਸਿੱਧੂ ਮੂਸੇਵਾਲਾ ਦੇ ਅਧਿਕਾਰਕ ਸੋਸ਼ਲ ਮੀਡੀਆ ਅਕਾਊਂਟਸ ਰਾਹੀਂ ਹੀ ਦਿੱਤੀ ਜਾਵੇਗੀ, ਤਾਂ ਜੋ ਅਫਵਾਹਾਂ ਅਤੇ ਗਲਤ ਸੂਚਨਾਵਾਂ ਤੋਂ ਬਚਿਆ ਜਾ ਸਕੇ।

ਸਿੱਧੂ ਮੂਸੇਵਾਲਾ ਦੇ ਪ੍ਰਸ਼ੰਸਕਾਂ ਲਈ ਇਹ ਪੋਸਟ ਭਾਵਨਾਤਮਕ ਹੈ। 2022 ਵਿੱਚ ਸਿੱਧੂ ਦੇ ਕਤਲ ਤੋਂ ਬਾਅਦ, ਇਹ ਪਹਿਲੀ ਵਾਰ ਹੈ ਜਦੋਂ ਉਸ ਦੀ ਟੀਮ ਨੇ ਇੰਨੇ ਵੱਡੇ ਸੰਭਾਵੀ ਸਮਾਗਮ ਦਾ ਸੰਕੇਤ ਦਿੱਤਾ ਹੈ।

## ਨਾਟੋ ਨੇ ਭਾਰਤ, ਚੀਨ ਅਤੇ ਬ੍ਰਾਜ਼ੀਲ ਨੂੰ ਦਿੱਤੀ ਚੇਤਾਵਨੀ

# ਰੂਸ ਨਾਲ ਵਪਾਰ ਕਰਨ 'ਤੇ ਲਗਾਈਆਂ ਜਾ ਸਕਦੀਆਂ ਹਨ ਸਖ਼ਤ ਪਾਬੰਦੀਆਂ



ਵਾਸ਼ਿੰਗਟਨ: ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨੇ ਬੁੱਧਵਾਰ ਨੂੰ ਭਾਰਤ, ਬ੍ਰਾਜ਼ੀਲ ਅਤੇ ਚੀਨ ਨੂੰ ਇੱਕ ਵੱਡੀ ਚੇਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਸਾਰੇ ਦੇਸ਼ ਰੂਸ ਨਾਲ ਵਪਾਰ ਜਾਰੀ ਰੱਖਦੇ ਹਨ, ਤਾਂ ਉਨ੍ਹਾਂ 'ਤੇ ਬਹੁਤ ਸਖ਼ਤ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਦੱਸ ਦੇਈਏ ਕਿ ਟਰੰਪ ਪਹਿਲਾਂ ਵੀ ਕਈ ਵਾਰ ਇਨ੍ਹਾਂ ਦੇਸ਼ਾਂ ਨੂੰ ਅਜਿਹੀਆਂ ਚੇਤਾਵਨੀਆਂ ਦੇ ਚੁੱਕੇ ਹਨ। ਰੂਟ ਨੇ ਇਹ ਟਿੱਪਣੀ ਅਮਰੀਕੀ ਕਾਂਗਰਸ ਵਿੱਚ ਸੈਨੇਟਰਾਂ ਨਾਲ ਮੁਲਾਕਾਤ ਦੌਰਾਨ ਕੀਤੀ। ਇਹ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਯੂਕਰੇਨ ਨੂੰ ਨਵੇਂ ਹਥਿਆਰਾਂ ਦੀ ਸਪਲਾਈ ਦਾ ਐਲਾਨ ਕਰਨ ਅਤੇ 50 ਦਿਨਾਂ ਦੇ ਅੰਦਰ ਸ਼ਾਂਤੀ ਸਮਝੌਤਾ ਨਾ ਹੋਣ 'ਤੇ ਰੂਸੀ ਨਿਰਯਾਤ ਦੇ ਖਰੀਦਦਾਰਾਂ 'ਤੇ 100% ਦੇ ਸਖ਼ਤ ਸੈਕੰਡਰੀ ਟੈਰਿਫ ਲਗਾਉਣ ਦੀ ਧਮਕੀ ਦੇਣ ਤੋਂ ਇੱਕ ਦਿਨ ਬਾਅਦ ਆਇਆ ਹੈ। ਰੂਟ ਨੇ ਸੋਮਵਾਰ ਨੂੰ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕੀਤੀ ਅਤੇ ਰੂਸ-ਯੂਕਰੇਨ ਯੁੱਧ ਸੰਬੰਧੀ ਉਨ੍ਹਾਂ ਦੀਆਂ ਕਾਰਵਾਈਆਂ ਦਾ ਸਮਰਥਨ ਕੀਤਾ ਸੀ। ਇਨ੍ਹਾਂ ਤਿੰਨਾਂ ਦੇਸ਼ਾਂ ਨੂੰ ਮੇਰੀ ਖਾਸ ਸਲਾਹ ਇਹ ਹੈ ਕਿ ਜੇਕਰ ਤੁਸੀਂ ਇਸ ਸਮੇਂ ਬੀਜਿੰਗ ਵਿੱਚ ਰਹਿੰਦੇ ਹੋ ਜਾਂ ਤੁਸੀਂ ਦਿੱਲੀ ਵਿੱਚ ਹੋ ਜਾਂ ਤੁਸੀਂ ਬ੍ਰਾਜ਼ੀਲ ਦੇ ਰਾਸ਼ਟਰਪਤੀ ਹੋ, ਤਾਂ ਤੁਹਾਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਇਹ ਤੁਹਾਨੂੰ ਬਹੁਤ ਬੁਰਾ ਪ੍ਰਭਾਵਿਤ ਕਰ ਸਕਦਾ ਹੈ। ਕਿਰਪਾ ਕਰਕੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਫ਼ੋਨ ਕਰੋ ਅਤੇ ਉਨ੍ਹਾਂ ਨੂੰ ਦੱਸੋ ਕਿ ਉਨ੍ਹਾਂ ਨੂੰ ਸ਼ਾਂਤੀ ਵਾਰਤਾ ਪ੍ਰਤੀ ਗੰਭੀਰ ਹੋਣਾ ਪਵੇਗਾ। ਨਹੀਂ ਤਾਂ, ਇਸ ਦੇ ਬ੍ਰਾਜ਼ੀਲ, ਭਾਰਤ ਅਤੇ ਚੀਨ ਲਈ ਵੱਡੇ ਨਤੀਜੇ ਹੋਣਗੇ।

ਰੂਟ ਨੇ ਕਿਹਾ ਕਿ ਯੂਰਪ ਇਹ ਯਕੀਨੀ ਬਣਾਉਣ ਲਈ ਫੰਡ ਇਕੱਠਾ ਕਰੇਗਾ ਕਿ ਯੂਕਰੇਨ ਸ਼ਾਂਤੀ ਵਾਰਤਾ ਵਿੱਚ ਸਭ ਤੋਂ ਵਧੀਆ ਸਥਿਤੀ ਵਿੱਚ ਹੋਵੇ। ਉਨ੍ਹਾਂ ਕਿਹਾ ਕਿ ਅਮਰੀਕਾ ਹੁਣ ਟਰੰਪ ਨਾਲ ਹੋਏ ਸਮਝੌਤੇ ਦੇ ਤਹਿਤ ਯੂਕਰੇਨ ਨੂੰ ਵੱਡੇ ਪੱਧਰ 'ਤੇ ਹਥਿਆਰਾਂ ਦੀ ਸਪਲਾਈ ਪ੍ਰਦਾਨ ਕਰੇਗਾ। ਇਹ ਨਾ ਸਿਰਫ਼ ਹਵਾਈ ਰੱਖਿਆ ਪ੍ਰਣਾਲੀਆਂ, ਸਗੋਂ ਮਿਜ਼ਾਈਲਾਂ ਵੀ ਪ੍ਰਦਾਨ ਕਰੇਗਾ। ਇਹ ਯੂਰਪੀ ਦੇਸ਼ਾਂ ਦੀ ਮਦਦ ਨਾਲ ਯੂਕਰੇਨ ਨੂੰ ਗੋਲਾ-ਬਾਰੂਦ ਵੀ ਪ੍ਰਦਾਨ ਕਰੇਗਾ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਯੂਕਰੇਨ ਲਈ ਲੰਬੀ ਦੂਰੀ ਦੀਆਂ ਮਿਜ਼ਾਈਲਾਂ 'ਤੇ ਚਰਚਾ ਹੋਈ ਹੈ, ਤਾਂ ਰੂਟ ਨੇ ਕਿਹਾ, "ਇਹ ਰੱਖਿਆਤਮਕ ਅਤੇ ਹਮਲਾਵਰ ਦੋਵੇਂ ਤਰ੍ਹਾਂ ਦੇ ਹਨ। ਇਸ ਲਈ ਹਰ ਤਰ੍ਹਾਂ ਦੇ ਹਥਿਆਰ ਹਨ, ਪਰ ਅਸੀਂ ਰਾਸ਼ਟਰਪਤੀ ਨਾਲ ਇਸ ਬਾਰੇ ਵਿਸਥਾਰ ਵਿੱਚ ਚਰਚਾ ਨਹੀਂ ਕੀਤੀ ਹੈ। " ਇਸ 'ਤੇ ਹੁਣ ਪੈਂਟਾਗਨ, ਯੂਰਪ ਵਿੱਚ ਸਹਿਯੋਗੀ ਕਮਾਂਡਰਾਂ ਅਤੇ ਯੂਕਰੇਨੀਅਨਾਂ ਦੁਆਰਾ ਕੰਮ ਕੀਤਾ ਜਾ ਰਿਹਾ ਹੈ।

# ਕੈਨੇਡਾ-ਅਮਰੀਕਾ 'ਤੇ ਬਾਰਡਰ 'ਤੇ ਪ੍ਰਵਾਸੀਆਂ ਨਾਲ ਅਣਹੋਣੀ

ਮੌਂਟਰੀਅਲ : ਟਰੰਪ ਦੇ ਇੰਮੀਗ੍ਰੇਸ਼ਨ ਛਾਪਿਆਂ ਦੇ ਡਰੋਂ ਸੁਰੱਖਿਅਤ ਟਿਕਾਣੇ ਤਲਾਸ਼ ਕਰ ਰਹੇ ਪ੍ਰਵਾਸੀਆਂ ਨਾਲ ਕੈਨੇਡਾ ਵਿਚ ਭਾਣਾ ਵਰਤ ਗਿਆ ਜਦੋਂ ਸ਼ਰਾਬੀ ਏਜੰਟ ਨੇ ਸਾਹਮਣੇ ਤੋਂ ਆ ਰਹੇ ਐਸ.ਯੂ.ਵੀ. ਨੂੰ ਟੱਕਰ ਮਾਰ ਦਿਤੀ। ਹਾਦਸਾ ਕਿਊਬੈਕ ਸੂਬੇ ਵਿਚ ਵਾਪਰਿਆ ਅਤੇ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਵਿਚੋਂ ਘੱਟੋ ਘੱਟ ਚਾਰ ਜਣੇ ਜ਼ਖਮੀ ਹੋ ਗਏ। ਮੌਂਟਰੀਅਲ ਤੋਂ 65 ਕਿਲੋਮੀਟਰ ਦੱਖਣ ਵੱਲ ਹੈਮਿੰਗਫਰਡ ਦੇ ਇਕ ਇੰਟਰਸੈਕਸ਼ਨ 'ਤੇ ਵਾਪਰਿਆ। ਪੁਲਿਸ ਦਾ ਕਹਿਣਾ ਹੈ ਕਿ ਗੈਰਕਾਨੂੰਨੀ ਤਰੀਕੇ ਨਾਲ ਅਮਰੀਕਾ ਤੋਂ ਕੈਨੇਡਾ ਦਾਖਲ ਹੋ ਰਹੇ ਪ੍ਰਵਾਸੀਆਂ ਨੂੰ ਆਪਣੀ ਦੀ ਕੋਈ ਪ੍ਰਵਾਹ ਨਹੀਂ।

ਉਧਰ ਗੱਡੀ ਵਿਚ ਤੁੰਨੇ ਪ੍ਰਵਾਸੀਆਂ ਦੀ ਗਿਣਤੀ ਬਾਰੇ ਵੀ ਵੱਖੋ-ਵੱਖਰੇ ਅੰਕੜੇ ਸਾਹਮਣੇ ਆ ਰਹੇ ਹਨ। ਮੌਕੇ 'ਤੇ ਪੁੱਜੇ ਐਮਰਜੰਸੀ ਕਾਮਿਆਂ ਵੱਲੋਂ ਪਹਿਲਾਂ 10 ਜਣਿਆਂ ਦਾ ਜ਼ਿਕਰ ਕੀਤਾ ਗਿਆ ਪਰ ਕੁਝ ਦੇਰ ਮਗਰੋਂ ਅੰਕੜਾ 12 ਦੱਸਿਆ ਜਾ ਰਿਹਾ ਸੀ। ਆਰ.ਸੀ.ਐਮ.ਪੀ. ਨੇ ਗੈਰਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਤੋਂ ਆਉਣ ਬਾਰੇ ਤਸਦੀਕ ਕਰ ਦਿਤੀ ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਕਦੋਂ ਦਾਖਲ ਹੋਏ। ਪੁਲਿਸ ਵੱਲੋਂ 48 ਸਾਲ ਦੇ ਅਮੈਰਿਕਨ ਨੂੰ ਗ੍ਰਿਫ਼ਤਾਰ ਕਰਦਿਆਂ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਥੇ ਦਸਣਾ ਬਣਦਾ ਹੈ ਕਿ ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਕੈਨੇਡਾ ਤੋਂ ਅਮਰੀਕਾ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਲੱਖਾਂ ਵਿਚ ਹੁੰਦੀ ਸੀ ਅਤੇ 2023 ਦੌਰਾਨ ਕਸਟਮਜ਼ ਅਤੇ ਬਾਰਡਰ ਪੈਟਰੋਲ ਵਾਲਿਆਂ ਨੇ 1 ਲੱਖ 90 ਹਜ਼ਾਰ ਤੋਂ ਵੱਧ ਪ੍ਰਵਾਸੀਆਂ ਨੂੰ ਬਾਰਡਰ 'ਤੇ ਰੋਕਿਆ। ਨਿਊ ਯਾਰਕ, ਵਰਮੌਂਟ ਅਤੇ ਨਿਊ ਹੈਂਪਸ਼ਾਇਰ ਦੇ ਨਾਲ ਲਗਦੇ ਕੈਨੇਡਾ ਦੇ ਸਵੈਂਟਨ ਸੈਕਟਰ ਦਾ 24 ਹਜ਼ਾਰ ਵਰਗ ਮੀਲ ਇਲਾਕਾ ਪ੍ਰਵਾਸੀਆਂ ਦੇ ਅਮਰੀਕਾ ਦਾਖਲ ਹੋਣ ਦਾ ਬਿਹਤਰੀਨ ਰਾਹ ਮੰਨਿਆ ਜਾਂਦਾ ਸੀ ਪਰ ਹੁਣ ਇਸੇ ਰਸਤੇ ਅਮਰੀਕਾ ਤੋਂ ਕੈਨੇਡਾ ਆਉਣ ਵਾਲਿਆਂ ਦੀ ਭੀੜ ਵਧਦੀ ਜਾ ਰਹੀ ਹੈ।

# ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਵਿਰੁੱਧ ਲੱਗੇ ਗੰਭੀਰ ਦੋਸ਼

* ਅੱਤਵਾਦੀ ਜਥੇਬੰਦੀ ਦੇ ਮੈਂਬਰ ਨੂੰ ਪੀ.ਆਰ. ਦੇਣ ਦੀ ਕੀਤੀ ਸੀ ਸਿਫ਼ਾਰਸ਼
* ਗੈਰੀ ਆਨੰਦਸੰਗਰੀ ਨੇ ਕਿਹਾ, ਮੰਤਰੀ ਬਣਨ ਮਗਰੋਂ ਕੋਈ ਚਿੱਠੀ ਨਹੀਂ ਲਿਖੀ



ਔਟਵਾ : ਕੈਨੇਡਾ ਦੇ ਲੋਕ ਸੁਰੱਖਿਆ ਮੰਤਰੀ ਗੈਰੀ ਆਨੰਦਸੰਗਰੀ ਵਿਰੁੱਧ ਇਕ ਅਤਿਵਾਦੀ ਜਥੇਬੰਦੀ ਦੇ ਮੈਂਬਰ ਨੂੰ ਵੀਜ਼ਾ ਦੇਣ ਦੀ ਸਿਫ਼ਾਰਸ਼ ਕਰਨ ਦੇ ਦੋਸ਼ ਲੱਗੇ ਹਨ। ਜੀ ਹਾਂ, ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਗੈਰੀ ਆਨੰਦਸੰਗਰੀ ਨੇ ਸਿਫ਼ਾਰਸ਼ੀ ਪੱਤਰ 2016 ਅਤੇ 2023 ਵਿਚ ਲਿਖੇ ਜਦੋਂ ਉਹ ਮੰਤਰੀ ਮੰਡਲ ਵਿਚ ਸ਼ਾਮਲ ਨਹੀਂ ਸਨ ਹੋਏ। ਬਤੌਰ ਐਮ.ਪੀ. ਹਾਊਸ ਆਫ਼ ਕਾਮਨਜ਼ ਦੇ ਲੈਟਰਹੈਡ 'ਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਲਿਖੇ ਪੱਤਰਾਂ ਵਿਚ ਉਨ੍ਹਾਂ ਵੱਲੋਂ ਸ੍ਰੀਲੰਕਾ ਦੀ ਲਿਬਰੇਸ਼ਨ ਟਾਇਗਰਜ਼ ਆਫ਼ ਤਾਮਿਲ ਇਲਮ ਦੇ ਇਕ ਕਥਿਤ ਮੈਂਬਰ ਨੂੰ ਵੀਜ਼ੇ ਦੀ ਵਕਾਲਤ ਕੀਤੀ ਗਈ।

19 ਜੁਲਾਈ 2023 ਦੇ ਪੱਤਰ ਵਿਚ ਗੈਰੀ ਆਨੰਦਸੰਗਰੀ ਨੇ ਲਿਖਿਆ ਕਿਹਾ ਕਿ ਸੇਲਵਾਕੁਮਾਰਨ ਨੂੰ ਪੀ.ਆਰ. ਦੇਣ ਤੋਂ ਨਾਂਹ ਕੀਤੇ ਜਾਣ ਕਰ ਕੇ ਉਹ ਆਪਣੀ ਕੈਨੇਡੀਅਨ ਪਤਨੀ ਅਤੇ ਬੱਚੇ ਤੋਂ ਵੱਖ ਹੋ ਗਿਆ ਅਤੇ ਇਹ ਫੈਸਲਾ ਸਰਾਸਰ ਅਣਮਨੁੱਖੀ ਹੈ। ਲਿਬਰਲ ਐਮ.ਪੀ. ਨੇ ਅੱਗੇ ਲਿਖਿਆ ਕਿ ਸੀ.ਬੀ.ਐਸ.ਏ. ਵੱਲੋਂ ਫੈਸਲੇ 'ਤੇ ਮੁੜ ਵਿਚਾਰ ਕੀਤਾ ਜਾਵੇ। ਦੱਸ ਦੇਈਏ ਕਿ ਪੱਤਰ ਲਿਖਣ ਵੇਲੇ ਗੈਰੀ ਆਨੰਦਸੰਗਰੀ ਨਿਆਂ ਮੰਤਰਾਲੇ ਵਿਚ ਪਾਰਲੀਮਾਨੀ ਸਕੱਤਰ ਸਨ ਅਤੇ 26 ਜੁਲਾਈ 2023 ਨੂੰ ਉਹ ਜਸਟਿਨ ਟਰੂਡੋ ਦੀ ਸਰਕਾਰ ਵਿਚ ਪਹਿਲੀ ਵਾਰ ਕੈਬਨਿਟ ਮੰਤਰੀ ਬਣੇ। ਸੇਲਵਾਕੁਮਾਰਨ ਦੀ ਹਮਾਇਤ ਬਾਰੇ ਪੁੱਛੇ ਜਾਣ 'ਤੇ ਗੈਰੀ ਆਨੰਦਸੰਗਰੀ ਨੇ ਇਕ ਬਿਆਨ ਵਿਚ ਕਿਹਾ ਕਿ ਮਾਮਲਾ ਅਦਾਲਤ ਵਿਚ ਹੋਣ ਕਾਰਨ ਕੋਈ ਟਿੱਪਣੀ ਕਰਨੀ ਵਾਜਬ ਨਹੀਂ। ਉਨ੍ਹਾਂ ਦਲੀਲ ਦਿਤੀ ਕਿ ਬਤੌਰ ਮੰਤਰੀ ਕਦੇ ਕਿਸੇ ਵਾਸਤੇ ਕੋਈ ਸਿਫ਼ਾਰਸ਼ ਨਹੀਂ ਪਰ ਸਿਆਸਤ ਦੇ ਜਾਣਕਾਰੀ ਮਾਮਲਾ ਗੁੰਝਲਦਾਰ ਦੱਸ ਰਹੇ ਹਨ। ਸੇਲਵਾਕੁਮਾਰਨ ਦੀ ਪੀ.ਆਰ. ਅਰਜ਼ੀ ਰੱਦ ਕਰਨ ਵਾਲੀ ਸੀ.ਬੀ.ਐਸ.ਏ. ਦੀ ਪ੍ਰੈਜ਼ੀਡੈਂਟ ਐਰਿਨ ਓ ਗੌਰਮਨ ਇਸ ਵੇਲੇ ਗੈਰੀ ਆਨੰਦਸੰਗਰੀ ਦੇ ਅਧੀਨ ਕੰਮ ਕਰਦੇ ਹਨ। ਦੂਜੇ ਪਾਸੇ ਇਕ ਫ਼ੈਡਰਲ ਅਦਾਲਤ ਨੇ ਪਿਛਲੇ ਦਿਨੀਂ ਸੇਲਵਾਕੁਮਾਰਨ ਦੀ ਅਪੀਲ ਰੱਦ ਕਰ ਦਿਤੀ ਅਤੇ ਜੱਜ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਬਤੌਰ ਸਬੂਤ ਇਕ ਐਮ.ਪੀ. ਦਾ ਸਿਫ਼ਾਰਸ਼ੀ ਪੱਤਰ ਪੇਸ਼ ਕੀਤਾ ਗਿਆ। ਮੁਕੱਦਮੇ ਦੇ ਦਸਤਾਵੇਜ਼ਾਂ ਦੀ ਪੁਣ-ਛਾਣ ਦੌਰਾਨ ਆਨੰਦਸੰਗਰੀ ਦੇ ਦਸਤਖਤ ਵਾਲੀਆਂ ਦੋ ਚਿੱਠੀਆਂ ਮਿਲ ਗਈਆਂ। ਇਸੇ ਦੌਰਾਨ ਸੇਲਵਾਕੁਮਾਰਨ ਦੇ ਵਕੀਲ ਲੌਰਨ ਵਾਲਡਮੈਨ ਨੇ ਕਿਹਾ ਕਿ ਇਕ ਐਮ.ਪੀ. ਅਜਿਹੇ ਸਿਫ਼ਾਰਸ਼ੀ ਪੱਤਰ ਉਸ ਵੇਲੇ ਲਿਖਦਾ ਹੈ ਜਦੋਂ ਹਲਕੇ ਦੇ ਲੋਕਾਂ ਵੱਲੋਂ ਆਪਣੇ ਚੁਣੇ ਹੋਏ ਨੁਮਾਇੰਦੇ ਨਾਲ ਸੰਪਰਕ ਕਰਦਿਆਂ ਅਜਿਹਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ। ਅਜਿਹਾ ਕਰਨ ਵਿਚ ਕੁਝ ਗਲਤ ਵੀ ਨਹੀਂ ਹੁੰਦਾ। ਵਾਲਡਮੈਨ ਨੇ ਅਦਾਲਤੀ ਫੈਸਲੇ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਮੁਵੱਕਲ ਨੂੰ ਦੋ ਦਹਾਕੇ ਪਹਿਲਾਂ ਹੋਈ ਗਲਤੀ ਦੀ ਸਜ਼ਾ ਭੁਗਤਣੀ ਪੈ ਰਹੀ ਹੈ। ਵਾਲਡਮੈਨ ਮੁਤਾਬਕ ਸੇਲਵਾਕੁਮਾਰਨ ਨੇ ਯੂ.ਕੇ. ਵਿਚ ਅਸਾਇਲਮ ਹਾਸਲ ਕਰਨ ਵਾਸਤੇ ਲਿੱਟੇ ਵਿਚ ਮਾਮੂਲੀ ਸ਼ਮੂਲੀਅਤ ਵਾਲੀ ਫਰਜ਼ੀ ਕਹਾਣੀ ਪੇਸ਼ ਕਰ ਦਿਤੀ ਸੀ। ਉਧਰ ਆਨੰਦਸੰਗਰੀ ਦੀਆਂ ਚਿੱਠੀਆਂ ਵਿਚ ਵਰਤੀ ਸ਼ਬਦਾਵਲੀ ਨੂੰ ਗੌਰ ਨਾਲ ਪੜ੍ਹਿਆ ਜਾਵੇ ਤਾਂ ਇਨ੍ਹਾਂ ਵਿਚ ਲਿਖਿਆ ਹੈ ਕਿ ਸੇਲਵਾਕੁਮਾਰਨ ਬਾਰੇ ਸੀ.ਬੀ.ਐਸ.ਏ. ਦੀਆਂ ਚਿੰਤਾਵਾਂ ਬੇਤੁਕੀਆਂ ਹਨ। ਲੋਕ ਸੁਰੱਖਿਆ ਮੰਤਰੀ ਨੇ ਉਸ ਵੇਲੇ ਦਾਅਵਾ ਕੀਤਾ ਸੀ ਕਿ ਸੇਲਵਾਕੁਮਾਰਨ ਨੂੰ ਕੈਨੇਡਾ ਆਉਣ ਦੇ ਅਯੋਗ ਮੰਨਣ ਦਾ ਕੋਈ ਆਧਾਰ ਨਹੀਂ ਜਦਕਿ ਸੀ.ਬੀ.ਐਸ.ਏ. ਵੱਲੋਂ ਆਪਣੇ ਫੈਸਲੇ ਦੇ ਹੱਕ ਵਿਚ ਵਿਸਤਾਤਰ ਰਿਪੋਰਟ ਨੱਥੀ ਕੀਤੀ ਗਈ ਜਿਸ ਵਿਚ ਸਾਫ਼ ਤੌਰ 'ਤੇ ਲਿਖਿਆ ਕਿ ਸੇਲਵਾਕੁਮਾਰਨ ਨੇ 1992 ਵਿਚ ਲਿੱਟੇ ਵਾਸਤੇ ਕੰਮ ਕਰਨਾ ਸ਼ੁਰੂ ਕੀਤਾ ਅਤੇ 1998 ਤੱਕ ਜਾਰੀ ਰੱਖਿਆ। ਚੇਤੇ ਰਹੇ ਕਿ ਲਿੱਟੇ ਦਾ ਮਈ 2009 ਵਿਚ ਸ੍ਰੀਲੰਕਾ ਦੀ ਫੌਜ ਵੱਲੋਂ ਖਾਤਮਾ ਕਰ ਦਿਤਾ ਗਿਆ ਸੀ।




## ਤਰਨਤਾਰਨ ਜ਼ਿਮਨੀ ਚੋਣ ਦੀ ਤਿਆਰੀ !

# BJP ਨੇ ਸੁਰਜੀਤ ਜਿਆਣੀ ਸਣੇ 3 ਸੀਨੀਅਰ ਲੀਡਰਾਂ ਨੂੰ ਸੌਂਪੀ ਵੱਡੀ ਜ਼ਿੰਮੇਵਾਰੀ





ਭਾਰਤੀ ਜਨਤਾ ਪਾਰਟੀ ਨੇ ਤਰਨਤਾਰਨ ਵਿੱਚ ਹੋਣ ਵਾਲੀ ਵਿਧਾਨ ਸਭਾ ਉਪ ਚੋਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਬੰਧ ਵਿੱਚ ਪਾਰਟੀ ਨੇ ਸਾਬਕਾ ਮੰਤਰੀ ਸੁਰਜੀਤ ਜਿਆਣੀ ਨੂੰ ਇੰਚਾਰਜ ਨਿਯੁਕਤ ਕੀਤਾ ਹੈ। ਜਦੋਂਕਿ ਸਾਬਕਾ ਸੀਪੀਐਸ ਕੇਡੀ ਭੰਡਾਰੀ ਅਤੇ ਸਾਬਕਾ ਵਿਧਾਇਕ ਰਵੀ ਕਰਨ ਸਿੰਘ ਕਾਹਲੋਂ ਨੂੰ ਸਹਿ-ਇੰਚਾਰਜ ਨਿਯੁਕਤ ਕੀਤਾ ਗਿਆ ਹੈ।

ਹਾਲਾਂਕਿ, ਚੋਣ ਦੀ ਤਰੀਕ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ। ਇਹ ਸੀਟ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਉਨ੍ਹਾਂ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ। ਇਸ ਵਾਰ ਤਰਨਤਾਰਨ ਵਿੱਚ ਹੋਣ ਵਾਲੀ ਉਪ ਚੋਣ ਇਸ ਵਾਰ ਬਹੁਤ ਮਹੱਤਵਪੂਰਨ ਹੋਣ ਵਾਲੀ ਹੈ, ਕਿਉਂਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਨੇ ਵੀ ਇਹ ਚੋਣ ਲੜਨ ਦਾ ਫੈਸਲਾ ਕੀਤਾ ਹੈ। ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਤੋਂ ਲੋਕ ਸਭਾ ਚੋਣ ਜਿੱਤ ਕੇ ਸੰਸਦ ਮੈਂਬਰ ਬਣੇ। ਅਜਿਹੀ ਸਥਿਤੀ ਵਿੱਚ ਇਹ ਸਾਰੀਆਂ ਪਾਰਟੀਆਂ ਲਈ ਇੱਕ ਚੁਣੌਤੀ ਮੰਨਿਆ ਜਾ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਸਥਿਤੀ ਸਪੱਸ਼ਟ ਹੋ ਜਾਵੇਗੀ ਕਿ ਪਾਰਟੀ ਵੱਲੋਂ ਕਿਸ ਨੂੰ ਉਮੀਦਵਾਰ ਐਲਾਨਿਆ ਜਾਂਦਾ ਹੈ।

ਦੂਜੇ ਪਾਸੇ ਤਰਨਤਾਰਨ ਤੋਂ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। 2022 ਦੀਆਂ ਚੋਣਾਂ ਵਿੱਚ, ਉਨ੍ਹਾਂ ਨੂੰ 39 ਹਜ਼ਾਰ 347 ਵੋਟਾਂ ਮਿਲੀਆਂ, ਅਤੇ ਉਹ ਦੂਜੇ ਸਥਾਨ 'ਤੇ ਰਹੇ। ਜਦੋਂ ਕਿ 'ਆਪ' ਨੇਤਾ ਕਸ਼ਮੀਰ ਸਿੰਘ ਸੋਹਲ 52 ਹਜ਼ਾਰ 935 ਵੋਟਾਂ ਜਿੱਤ ਕੇ ਵਿਧਾਇਕ ਬਣੇ ਸਨ। ਉਨ੍ਹਾਂ ਦੀ ਮੌਤ 27 ਜੂਨ 2025 ਨੂੰ ਹੋਈ।

# ਅਮਰੀਕਾ 'ਚ ਚੋਰੀ ਜਾਂ ਹਮਲਾ ਕਰਨ ਵਾਲੇ ਦਾ ਵੀਜ਼ਾ ਹੋ ਸਕਦਾ ਹੈ ਰੱਦ !

## ਭਾਰਤ 'ਚ US ਦੂਤਾਵਾਸ ਨੇ ਜਾਰੀ ਕੀਤੀ ਚੇਤਾਵਨੀ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਮੇਂ ਆਪਣੇ ਦੇਸ਼ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੀ ਮੁਹਿੰਮ ਵਿੱਚ ਰੁੱਝੇ ਹੋਏ ਹਨ। ਇਸ ਦੌਰਾਨ, ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਅਮਰੀਕਾ ਜਾਣ ਵਾਲੇ ਲੋਕਾਂ ਲਈ ਇੱਕ ਵੱਡੀ ਚੇਤਾਵਨੀ ਜਾਰੀ ਕੀਤੀ ਹੈ। ਇਸ ਵਿੱਚ, ਦੂਤਾਵਾਸ ਨੇ ਕਿਹਾ ਹੈ ਕਿ ਜੇਕਰ ਕੋਈ ਵਿਅਕਤੀ ਅਮਰੀਕਾ ਵਿੱਚ ਹਮਲਾਜਾਂ ਚੋਰੀ ਕਰਦਾ ਹੈ, ਤਾਂ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਜਾਵੇਗਾ।

ਚੇਤਾਵਨੀ ਵਿੱਚ ਅੱਗੇ ਕਿਹਾ ਗਿਆ ਹੈ ਕਿ ਸਿਰਫ ਇਹ ਹੀ ਨਹੀਂ, ਜੇਕਰ ਦੋਸ਼ੀ ਵਿਅਕਤੀ ਅਜਿਹਾ ਕਰਦਾ ਹੈ, ਤਾਂ ਉਸ ਨੂੰ ਦੁਬਾਰਾ ਕਦੇ ਵੀ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਮਰੀਕੀ ਦੂਤਾਵਾਸ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ X 'ਤੇ ਪੋਸਟ ਕਰ ਕੇ ਇਹ ਚੇਤਾਵਨੀ ਦਿੱਤੀ ਹੈ।

X 'ਤੇ ਆਪਣੀ ਪੋਸਟ ਵਿੱਚ, ਦੂਤਾਵਾਸ ਨੇ ਕਿਹਾ ਕਿ ਸੰਯੁਕਤ ਰਾਜ ਵਿੱਚ ਹਮਲਾ ਕਰਨ ਜਾਂ ਚੋਰੀ ਕਰਨ ਨਾਲ ਨਾ ਸਿਰਫ਼ ਤੁਹਾਨੂੰ ਕਾਨੂੰਨੀ ਸਮੱਸਿਆਵਾਂ ਪੈਦਾ ਹੋਣਗੀਆਂ ਬਲਕਿ ਇਹ ਤੁਹਾਡੇ ਵੀਜ਼ਾ ਨੂੰ ਰੱਦ ਕਰਨ ਦਾ ਕਾਰਨ ਵੀ ਬਣ ਸਕਦਾ ਹੈ। ਇੰਨਾ ਹੀ ਨਹੀਂ, ਜੇਕਰ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਭਵਿੱਖ ਵਿੱਚ ਅਮਰੀਕੀ ਵੀਜ਼ਾ ਲਈ ਵੀ ਅਯੋਗ ਹੋ ਸਕਦੇ ਹੋ। ਸੰਯੁਕਤ ਰਾਜ ਅਮਰੀਕਾ ਕਾਨੂੰਨ ਅਤੇ ਵਿਵਸਥਾ ਦੀ ਕਦਰ ਕਰਦਾ ਹੈ ਅਤੇ ਉਮੀਦ ਕਰਦਾ ਹੈ ਕਿ ਵਿਦੇਸ਼ੀ ਸੈਲਾਨੀ ਸਾਰੇ ਅਮਰੀਕੀ ਕਾਨੂੰਨਾਂ ਦੀ ਪਾਲਣਾ ਕਰਨਗੇ।

ਧਿਆਨ ਦੇਣ ਯੋਗ ਹੈ ਕਿ ਅਮਰੀਕੀ ਦੂਤਾਵਾਸ ਨੇ ਇਹ ਕਦਮ ਅਜਿਹੇ ਸਮੇਂ ਚੁੱਕਿਆ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਅਤੇ ਹੋਰ ਅਪਰਾਧੀਆਂ ਨੂੰ ਕੱਢਣ ਦੀ ਮੁਹਿੰਮ ਵਿੱਚ ਲੱਗੇ ਹੋਏ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਲਈ ਹਾਈ ਕਮਿਸ਼ਨਰ ਦੇ ਦਫ਼ਤਰ ਦੇ ਅਨੁਸਾਰ, 20 ਜਨਵਰੀ ਤੋਂ 29 ਅਪ੍ਰੈਲ ਦੇ ਵਿਚਕਾਰ ਅਮਰੀਕਾ ਤੋਂ 1,42,000 ਲੋਕਾਂ ਨੂੰ ਕੱਢਿਆ ਗਿਆ ਹੈ।

ਤੁਹਾਨੂੰ ਦੱਸ ਦੇਈਏ ਕਿ ਅਮਰੀਕਾ ਵਿੱਚ ਚੋਰੀ ਲਈ ਜੁਰਮਾਨਾ ਅਤੇ ਜੇਲ੍ਹ ਦੀ ਸਜ਼ਾ ਦੋਵਾਂ ਦੀ ਵਿਵਸਥਾ ਹੈ। ਅਮਰੀਕੀ ਨਿਆਂ ਵਿਭਾਗ ਦੇ ਅਨੁਸਾਰ, ਜੇਕਰ ਚੋਰੀ ਕੀਤੇ ਸਮਾਨ ਦੀ ਕੀਮਤ 300 ਅਮਰੀਕੀ ਡਾਲਰ ਤੋਂ ਘੱਟ ਹੈ, ਤਾਂ ਦੋਸ਼ੀ ਵਿਅਕਤੀ 'ਤੇ ਸ਼੍ਰੇਣੀ 'ਏ' ਅਪਰਾਧ ਦਾ ਦੋਸ਼ ਲਗਾਇਆ ਜਾਵੇਗਾ, ਜਿਸ ਲਈ ਜੁਰਮਾਨਾ (2,500 ਅਮਰੀਕੀ ਡਾਲਰ ਤੱਕ) ਅਤੇ ਕੈਦ (ਇੱਕ ਸਾਲ ਤੱਕ) ਹੋ ਸਕਦੀ ਹੈ। ਦੂਜੇ ਪਾਸੇ, ਜੇਕਰ ਚੋਰੀ ਕੀਤੀ ਵਸਤੂ ਦੀ ਕੀਮਤ 300 ਅਮਰੀਕੀ ਡਾਲਰ ਤੋਂ ਵੱਧ ਹੈ, ਤਾਂ ਵਿਅਕਤੀ 'ਤੇ ਸ਼੍ਰੇਣੀ '4' ਅਪਰਾਧ ਦਾ ਦੋਸ਼ ਲਗਾਇਆ ਜਾਵੇਗਾ, ਜਿਸ ਲਈ ਜੁਰਮਾਨਾ (25,000 ਅਮਰੀਕੀ ਡਾਲਰ ਤੱਕ) ਅਤੇ ਕੈਦ (1 ਤੋਂ 3 ਸਾਲ ਤੱਕ) ਹੋ ਸਕਦੀ ਹੈ।



# ਸੂਬਾ ਸਰਕਾਰ ਦੇ ਵੱਕਾਰੀ 'ਓਨਟਾਰੀਓ ਸੀਨੀਅਰਜ਼ ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਤੋਂ ਬਾਅਦ ਕਿਰਪਾਲ ਸਿੰਘ ਪੰਨੂੰ ਨੂੰ ਦੋਸਤਾਂ ਨੇ ਕੀਤਾ ਸਨਮਾਨਿਤ



ਬਰੈਂਪਟਨ, (ਡਾ. ਝੰਡ) – ਓਨਟਾਰੀਓ ਸੂਬਾ ਸਰਕਾਰ ਵੱਲੋਂ ਪਿਛਲੇ ਮਹੀਨੇ 25 ਜੂਨ ਨੂੰ 'ਓਨਟਾਰੀਓ ਸੀਨੀਅਰਜ਼ ਲਾਈਫ਼ਟਾਈਮ ਅਚੀਵਮੈਂਟ ਐਵਾਰਡ' ਦੇ ਵੱਕਾਰੀ ਇਨਾਮ ਨਾਲ ਸਨਮਾਨਿਤ ਕੀਤਾ ਗਿਆ। ਇਸ ਖ਼ੁਸ਼ੀ ਮੁੱਖ ਰੱਖਦਿਆਂ ਉਨ੍ਹਾਂ ਦੇ ਨਜ਼ਦੀਕੀ ਦੋਸਤ ਸ. ਪੂਰਨ ਸਿੰਘ ਪਾਂਧੀ ਵੱਲੋਂ ਆਪਣੇ ਗ੍ਰਹਿ ਵਿਖੇ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ ਗਈ ਜਿਸ ਵਿੱਚ ਉਨ੍ਹਾਂ ਦੀ 'ਮਿੱਤਰ-ਮੰਡਲੀ' ਦੇ ਨੇੜਲੇ ਸਾਥੀ ਪਰਿਵਾਰਾਂ ਸਮੇਤ ਸ਼ਾਮਲ ਹੋਏ। ਲੰਘੇ ਐਤਵਾਰ 13 ਜੁਲਾਈ ਨੂੰ ਇਸ ਮੌਕੇ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਨੂੰ ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਪਾਂਧੀ ਸਾਹਿਬ ਦੇ ਪਰਿਵਾਰ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਅਤੇ ਇੰਜੀ. ਈਸ਼ਰ ਸਿੰਘ ਚਾਹਲ ਜਿਨ੍ਹਾਂ ਨੇ ਪੰਨੂੰ ਸਾਹਿਬ ਦਾ 'ਬਾਇਓ-ਡਾਟਾ' ਬੜੇ ਭਾਵਪੂਰਤ ਸ਼ਬਦਾਂ ਵਿੱਚ ਅੰਗਰੇਜ਼ੀ ਵਿੱਚ ਤਿਆਰ ਕਰਕੇ ਓਨਟਾਰੀਓ ਸਰਕਾਰ ਨੂੰ ਭੇਜਿਆ ਸੀ, ਨੂੰ ਸ਼ਾਨਦਾਰ ਸ਼ਾਲ ਤੇ ਦਸਤਾਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਿੰਸੀਪਲ ਸਰਵਣ ਸਿੰਘ ਨੇ ਸੰਖੇਪ ਵਿੱਚ ਪੰਨੂੰ ਸਾਹਿਬ ਦੇ ਜੀਵਨ ਅਤੇ ਪ੍ਰਾਪਤੀਆਂ ਸਬੰਧੀ ਪੰਛੀ-ਝਾਤ ਪਾਉਂਦਿਆਂ ਉਨ੍ਹਾਂ ਦੀ ਲਗਨ, ਸਖ਼ਤ ਮਿਹਨਤ ਅਤੇ ਸੰਘਰਸ਼ਮਈ ਜੀਵਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪੰਨੂੰ ਸਾਹਿਬ ਦੇ 75'ਵੇਂ ਜਨਮ-ਦਿਨ 'ਤੇ ਉਨ੍ਹਾਂ ਬਾਰੇ ਵੱਖ-ਵੱਖ ਵਿਦਵਾਨਾਂ ਦੁਆਰਾ ਲਿਖੇ ਗਏ ਆਰਟੀਕਲਾਂ ਨੂੰ ਉਨ੍ਹਾਂ ਵੱਲੋਂ ਸੰਪਾਦਿਤ ਕਰਕੇ "ਕੰਪਿਊਟਰ ਧਨੰਤਰ- ਸ. ਕਿਰਪਾਲ ਸਿੰਘ ਪੰਨੂੰ" ਨਾਮਕ ਅਭਿਨੰਦਨ-ਗ੍ਰੰਥ ਦੇ ਰੂਪ ਵਿੱਚ ਲੋਕ-ਅਰਪਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੰਪਿਊਟਰ ਸਬੰਧੀ ਪੰਨੂੰ ਸਾਹਿਬ ਵੱਲੋਂ ਕੀਤਾ ਗਿਆ ਕੰਮ ਕਿਸੇ ਸੰਸਥਾ ਤੋਂ ਘੱਟ ਨਹੀਂ ਹੈ।

ਪੰਨੂੰ ਸਾਹਿਬ ਬਾਰੇ ਗੱਲ ਕਰਦਿਆਂ ਸ. ਪੂਰਨ ਸਿੰਘ ਪਾਂਧੀ ਨੇ ਕਿਹਾ ਕਿ ਪੰਨੂੰ ਸਾਹਿਬ ਜਦੋਂ ਕੈਨੇਡਾ ਆਏ ਸਨ ਤਾਂ ਉਨ੍ਹਾਂ ਦਾ ਇੱਕ ਲੇਖ ਅਖ਼ਬਾਰ ਵਿੱਚ ਛਪਿਆ ਸੀ। ਉਸ ਸਮੇਂ ਉਨ੍ਹਾਂ ਨੂੰ ਪੰਨੂੰ ਸਾਹਿਬ ਬਾਰੇ ਕੁਝ ਵੀ ਪਤਾ ਨਹੀਂ ਸੀ ਪਰ ਅਖ਼ਬਾਰ ਵਿੱਚੋਂ ਉਹ ਲੇਖ ਪੜ੍ਹ ਕੇ ਉਨ੍ਹਾਂ ਨੇ ਫ਼ੋਨ 'ਤੇ ਪੰਨੂੰ ਸਾਹਿਬ ਕੋਲ ਉਸ ਲੇਖ ਦੀ ਭਰਪੂਰ ਪ੍ਰਸ਼ੰਸਾ ਕੀਤੀ ਜੋ ਬਾਅਦ ਵਿੱਚ ਗੂੜ੍ਹੀ ਮਿੱਤਰਤਾ ਵਿੱਚ ਤਬਦੀਲ ਹੋ ਗਈ। ਗੁਰਦੇਵ ਸਿੰਘ ਮਾਨ ਨੇ ਇਸ ਮੌਕੇ ਬੋਲਦਿਆਂ ਦੱਸਿਆ ਕਿ ਪਾਂਧੀ ਸਾਹਿਬ ਦੇ ਸੰਪਰਕ 'ਚ ਆਉਣ ਕਰਕੇ ਉਨ੍ਹਾਂ ਦੀ ਪੰਨੂੰ ਸਾਹਿਬ ਦੀ ਬਾ-ਕਮਾਲ ਸ਼ਖ਼ਸੀਅਤ ਦੇ ਨਾਲ ਨੇੜਤਾ ਹੋ ਜਾ ਦਾ ਸਬੱਬ ਬਣੀ। ਮਲੂਕ ਸਿੰਘ ਕਾਹਲੋਂ ਨੇ ਕਿਹਾ ਕਿ ਪੰਨੂੰ ਸਾਹਿਬ ਨੇ ਪੰਜਾਬੀ ਦੇ ਫ਼ੌਂਟਸ ਵਿੱਚ ਬਾ-ਕਮਾਲ ਕੰਮ ਕੀਤਾ ਹੈ ਅਤੇ ਬਰੈਂਪਟਨ ਵਿੱਚ ਉਨ੍ਹਾਂ ਨੇ ਸੱਭ ਤੋਂ ਪਹਿਲਾਂ ਕੰਪਿਊਟਰ ਬਾਰੇ ਜਾਣਕਾਰੀ ਦੇਣੀ ਸ਼ੁਰੂ ਕੀਤੀ ਜਿਸ ਦਾ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਲਾਭ ਹੋਇਆ ਅਤੇ ਸੀਨੀਅਰਾਂ ਨੂੰ ਤਾਂ ਇਹ ਖ਼ਾਸ ਤੌਰ 'ਤੇ ਹੀ ਹੋਇਆ। ਉਨ੍ਹਾਂ ਕਿਹਾ ਕਿ ਪੰਨੂੰ ਸਾਹਿਬ ਦੀ ਸੰਗਤ 'ਚ ਆ ਕੇ ਉਨ੍ਹਾਂ ਨੇ ਕੇਵਲ ਕੰਪਿਊਟਰ ਹੀ ਨਹੀ, ਹੋਰ ਵੀ ਬੜਾ ਕੁਝ ਸਿੱਖਿਆ ਹੈ।

ਇੰਜੀਨੀਅਰ ਈਸ਼ਰ ਸਿੰਘ ਨੇ ਕਿਹਾ ਕਿ ਉਹ ਵੀ ਕੰਪਿਊਟਰ ਦੀਆਂ ਕਲਾਸਾਂ ਵਿੱਚ ਪੰਨੂੰ ਸਾਹਿਬ ਦੇ ਨੇੜੇ ਹੋ ਗਏ ਤੇ ਫਿਰ ਉਹ 'ਉਨ੍ਹਾਂ ਦੇ' ਹੀ ਹੋ ਕੇ ਰਹਿ ਗਏ। ਉਨ੍ਹਾਂ ਕਿਹਾ ਕਿ ਪੰਨੂੰ ਸਾਹਿਬ ਦਾ ਸੁਭਾਅ ਕੁਝ ਸਖ਼ਤ ਹੈ। ਇਸ ਦੀ ਉਦਾਹਰਣ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੰਪਿਊਪਰ ਸਿੱਖਦਿਆਂ ਉਨ੍ਹਾਂ ਕੋਲੋਂ ਜਦੋਂ ਸੁਭਾਵਿਕ ਹੀ ਦੋ-ਤਿੰਨ ਵਾਰ ਗ਼ਲਤੀ ਹੋ ਗਈ ਤਾਂ ਪੰਨੂੰ ਸਾਹਿਬ ਨੇ ਕਿਹਾ, "ਜਾਂ ਗ਼ਲਤੀਆਂ ਕਰਨੀਆਂ ਛੱਡ ਦੇ ਤੇ ਜਾਂ ਫਿਰ ਮੈਨੂੰ ਛੱਡ ਦੇ।" ਤਾਂ ਉਨ੍ਹਾਂ ਨੇ ਅੱਗੋਂ ਕਿਹਾ, "ਮੈਂ ਗ਼ਲਤੀਆਂ ਕਰਨੀਆਂ ਤਾਂ ਛੱਡ ਸਕਦਾ ਹਾਂ, ਪਰ ਤੁਹਾਨੂੰ ਨਹੀਂ।" ਉਨ੍ਹਾਂ ਦੱਸਿਆ ਕਿ ਕੰਪਿਊਟਰ ਸਿਖਾਉਣ ਦਾ ਕੰਮ ਪੰਨੂੰ ਸਾਹਿਬ ਬੜੀ ਦ੍ਰਿੜ੍ਹਤਾ ਤੇ ਲਗਨ ਨਾਲ ਕਰਦੇ ਹਨ। ਉਨ੍ਹਾਂ ਹੋਰ ਕਿਹਾ ਕਿ ਪੰਨੂੰ ਸਾਹਿਬ ਲਈ ਸੀਨੀਅਰਜ਼ ਐਵਾਰਡ ਦਾ ਕੇਸ ਤਿਆਰ ਕਰਨ ਲਈ ਉਨ੍ਹਾਂ ਨੇ ਕਾਫ਼ੀ ਲੰਮਾਂ ਸਮਾਂ ਕੰਮ ਕੀਤਾ ਅਤੇ ਇਸ ਦੇ ਨਾਲ ਉਹ ਪੰਨੂੰ ਸਾਹਿਬ ਪ੍ਰਤੀ ਆਪਣੀ 'ਰਿਣ-ਪੂਰਤੀ' ਕੁਝ ਹੱਦ ਤੀਕ ਕਰ ਪਾਏ ਹਨ। ਪੰਨੂੰ ਸਾਹਿਬ ਦੀ ਧਰਮ-ਪਤਨੀ ਪਤਵੰਤ ਕੌਰ ਨੇ ਇਸ ਮੌਕੇ ਦੱਸਿਆ ਕਿ ਕੰਪਿਊਟਰ ਪ੍ਰਤੀ ਪੰਨੂੰ ਸਾਹਿਬ ਏਨੇ ਸਮਰਪਿਤ ਹਨ ਕਿ ਉਹ ਰੋਟੀ ਵਿੱਚੇ ਹੀ ਛੱਡ ਕੇ ਆਪਣੇ ਵਿਦਿਅਰਥੀਆਂ ਨੂੰ ਸਹਿਜ ਤੇ ਠਰੰਮੇਂ ਨਾਲ ਸਮਝਾਉਣ ਲੱਗ ਪੈਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚ ਉਹ ਸਾਰੇ ਹੀ ਗੁਣ ਹਨ ਜੋ ਇੱਕ ਸੰਪੂਰਨ ਮਨੁੱਖ ਵਿੱਚ ਹੋਣੇ ਚਾਹੀਦੇ ਹਨ।

ਇਸ ਮੌਕੇ ਪੰਨੂੰ ਸਾਹਿਬ ਦੇ ਸਪੁੱਤਰ ਹਰਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ, ਉਨ੍ਹਾਂ ਦੀ ਬੇਟੀ ਅਤੇ ਉਨ੍ਹਾਂ ਦੇ ਪਿਤਾ ਜੀ ਨੇ ਇਕੱਠਿਆਂ ਹੀ ਕੰਪਿਊਟਰ ਸਿੱਖਣਾ ਸ਼ੁਰੂ ਕੀਤਾ ਸੀ ਅਤੇ ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨਾਲ ਦੋਸਤਾਂ ਵਾਂਗ ਹੀ ਵਿਹਾਰ ਕਰਦੇ ਹਨ। ਇਸ ਮੌਕੇ ਹਾਜ਼ਰ ਹੋਰ ਮੈਂਬਰਾਂ ਵੱਲੋਂ ਵੀ ਪੰਨੂੰ ਸਾਹਿਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਅਖ਼ੀਰ ਵਿੱਚ ਪੰਨੂੰ ਸਾਹਿਬ, ਉਨ੍ਹਾਂ ਦੀ ਧਰਮ-ਪਤਨੀ ਪਤਵੰਤ ਕੌਰ ਅਤੇ ਇੰਜੀ. ਈਸ਼ਰ ਸਿੰਘ ਨੂੰ ਸ਼ਾਲ ਤੇ ਦਸਤਾਰਾਂ ਨਾਲ ਸਨਮਾਨਿਤ ਕੀਤਾ ਗਿਆ। ਉਪਰੋਕਤ ਵਰਨਣ ਸ਼ਖ਼ਸੀਅਤਾਂ ਤੋਂ ਇਲਾਵਾ ਇਸ ਸਮੇਂ ਇਲਾਵਾ ਪਾਂਧੀ ਸਾਹਿਬ ਦਾ ਬੇਟਾ ਨਵਤੇਜ ਸਿੰਘ, ਡਾ. ਗੁਰਚਰਨ ਸਿੰਘ ਸਿੰਘ ਤੇ ਉਨ੍ਹਾਂ ਦੀਆਂ ਧਰਮ-ਪਤਨੀਆਂ ਵੀ ਸ਼ਾਮਲ ਸਨ।

ਪੰਨੂੰ ਸਾਹਿਬ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਇਹ ਸਨਮਾਨ ਉਨ੍ਹਾਂ ਦੇ ਬਾਪ, ਘਰ ਵਾਲੀ, ਪਰਿਵਾਰਕ ਮੈਂਬਰਾਂ ਤੇ ਦੋਸਤਾਂ-ਮਿੱਤਰਾਂ ਦੀ ਬਦੌਲਤ ਹੀ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਹ ਸਾਰਿਆਂ ਦੇ ਸ਼ੁਕਰਗੁਜ਼ਾਰ ਹਨ, ਵਿਸ਼ੇਸ਼ ਕਰਕੇ ਇੰਜੀ. ਈਸ਼ਰ ਸਿੰਘ ਦੇ ਜਿਨ੍ਹਾਂ ਨੇ ਉਨਾਂ ਦੇ ਕੰਮ ਦੀ ਮਹੱਤਤਾ ਸਮਝਦੇ ਹੋਏ ਇਸ ਸਬੰਧੀ ਸਾਰਾ ਕੇਸ ਤਿਆਰ ਕੀਤਾ ਤੇ ਉਹ ਇਸ ਐਵਾਰਡ ਦੇ ਯੋਗ ਹੋ ਸਕੇ ਹਨ। ਅਖ਼ੀਰ ਵਿੱਚ ਸਾਰਿਆਂ ਨੇ ਘਰ 'ਚ ਤਿਆਰ ਕੀਤੇ ਗਏ ਸੁਆਦਲੇ ਖਾਣੇ ਦਾ ਅਨੰਦ ਲਿਆ।

# ਕੈਨੇਡਾ ਦੀ ਤਰਕਸ਼ੀਲ ਸੋਸਾਇਟੀ ਨੇ ਡਾ.ਬਲਜਿੰਦਰ ਸਿੰਘ ਸੇਖੋਂ ਦੀ ਯਾਦ 'ਚ ਕਰਾਇਆ ਭਾਵਪੂਰਤ ਸਮਾਗਮ

## ਦਿਮਾਗ਼ੀ ਸਿਹਤ ਦੀ ਤੰਦਰੁਸਤੀ ਸਬੰਧੀ ਵਰਕਸ਼ਾਪ ਵੀ ਲਗਾਈ ਗਈ











ਬਰੈਂਪਟਨ, (ਡਾ. ਝੰਡ) – ਡਾ. ਬਲਜਿੰਦਰ ਸਿੰਘ ਸੇਖੋਂ ਜੋ ਪਿਛਲੇ ਦਿਨੀਂ ਪੰਜਾਬ ਦੇ ਬਠਿੰਡਾ ਜ਼ਿਲੇ 'ਚ ਆਪਣੇ ਪਿੰਡ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਦੀ ਨਿੱਘੀ ਯਾਦ ਨੂੰ ਸਮਰਪਿਤ ਕੈਨੇਡਾ ਦੀ ਤਰਕਸ਼ੀਲ ਸੋਸਾਇਟੀ ਵੱਲੋਂ ਗਰੀਨ ਬਰੀਅਨ ਕਮਿਊਨਿਟੀ ਸੈਂਟਰ ਵਿਖੇ ਸ਼ਰਧਾਂਜਲੀ ਸਮਾਗ਼ਮ ਆਯੋਜਿਤ ਕੀਤਾ ਗਿਆ। ਇਸ ਦੇ ਪਹਿਲੇ ਸੈਸ਼ਨ ਵਿੱਚ ਡਾ. ਬਲਜਿੰਦਰ ਸੇਖੋਂ ਦੇ ਨੇੜਲੇ ਸਾਥੀਆਂ ਵੱਲੋਂ ਉਨ੍ਹਾਂ ਨੂੰ ਭਾਵਪੂਰਤ ਸ਼ਰਧਾਂਜਲੀ ਦਿੱਤੀ ਗਈ।

ਡਾ. ਸੇਖੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਕੀਟ-ਵਿਗਿਆਨ ਦੇ ਪ੍ਰੋਫ਼ੈਸਰ ਸਨ ਅਤੇ ਸੇਵਾ-ਮੁਕਤੀ ਤੋਂ ਬਾਅਦ ਇੱਥੇ ਕੈਨੇਡਾ ਆ ਕੇ ਉਹ ਇੱਥੋਂ ਦੀ ਤਰਕਸ਼ੀਲ ਸੋਸਾਇਟੀ ਨਾਲ ਪੂਰੀ ਤਰ੍ਹਾਂ ਸਮੱਰਪਿਤ ਰਹੇ। ਪੀਐੱਚ.ਡੀ. ਦੌਰਾਨ ਉਨ੍ਹਾਂ ਦੇ ਵਿਦਿਆਰਥੀ ਰਹੇ ਡਾ.ਮਨਜੀਤ ਸਿੰਘ ਢੀਂਡਸਾ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਡਾ.ਸੇਖੋਂ ਬੜੀ ਤੇਜ਼ ਬੁੱਧੀ ਦੇ ਮਾਲਕ ਸਨ। ਆਪਣੇ ਸੰਬੋਧਨ ਵਿੱਚ ਉਨ੍ਹਾਂ ਡਾ. ਸੇਖੋਂ ਨਾਲ ਬਿਤਾਏ ਹੋਏ ਦਿਨਾਂ ਨੂੰ ਬਾਖ਼ੂਬੀ ਯਾਦ ਕੀਤਾ।

ਸੋਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਸਿੰਘ ਰਹਿਪਾ ਨੇ ਡਾ. ਸੇਖੋਂ ਦੇ ਜੀਵਨ ਤੇ ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਬਾਰੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਉਹ ਤਰਕਸ਼ੀਲ ਸੋਸਾਇਟੀ ਦੇ ਬੌਧਿਕ ਸਲਾਹਕਾਰ ਸਨ ਅਤੇ ਇਸ ਦੇ ਨਾਲ ਹੀ ਉਹ ਸੋਸਾਇਟੀ ਦੇ ਸਿੱਖਿਆ-ਵਿੰਗ ਦੇ ਮੁਖੀ ਵੀ ਸਨ। ਉਨ੍ਹਾਂ ਦੇ ਇਸ ਤਰ੍ਹਾਂ ਅਚਾਨਕ ਚਲੇ ਜਾਣ ਨਾਲ ਤਰਕਸ਼ੀਲ ਸੋਸਾਇਟੀ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸੋਸਾਇਟੀ ਦੇ ਕੌਮੀ ਮੀਤ-ਪ੍ਰਧਾਨ ਬਲਵਿੰਦਰ ਸਿੰਘ ਬਰਨਾਲਾ ਨੇ ਡਾ. ਸੇਖੋਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਕੀਟ-ਵਿਗਿਆਨੀ ਹੋਣ ਕਾਰਨ ਉਹ ਜੀਵ-ਵਿਗਿਆਨ ਦੇ ਹਰੇਕ ਪਹਿਲੂ ਬਾਰੇ ਡੂੰਘੀ ਪਕੜ ਰੱਖਦੇ ਸਨ ਅਤੇ ਸੋਸਾਇਟੀ ਵੱਲੋਂ ਆਯੋਜਿਤ ਕੀਤੇ ਜਾਣ ਵਾਲੇ ਸੈਮੀਨਾਰਾਂ ਅਤੇ ਇਸ ਦੀਆਂ ਮੀਟਿੰਗਾਂ ਵਿੱਚ ਮੈਂਬਰਾਂ ਤੇ ਮਹਿਮਾਨਾਂ ਨਾਲ ਵੱਡਮੁੱਲੀ ਜਾਣਕਾਰੀ ਸਾਂਝੀ ਕਰਦੇ ਸਨ। ਸਮਾਗ਼ਮ ਦੇ ਦੂਸਰੇ ਸੈਸ਼ਨ ਵਿੱਚ ਦਿਮਾਗ਼ੀ ਸਿਹਤ ਨੂੰ ਤੰਦਰੁਸਤ ਰੱਖਣ ਬਾਰੇ ਹਾਜ਼ਰੀਨ ਨੂੰ ਇਸ ਵਿਸ਼ੇ ਦੇ ਮਾਹਿਰਾਂ ਵੱਲੋਂ ਜਾਣਕਾਰੀ ਦਿੱਤੀ ਗਈ। ਜਸਮੀਨ ਚਾਹਲ ਤੇ ਜਸਮੀਨ ਸ਼ੌਕਰ ਵੱਲੋਂ ਉਦਾਸੀ ਰੋਗ (ਡਿਪਰੈੱਸ਼ਨ) ਦੇ ਲੱਛਣਾਂ, ਇਸ ਦੇ ਕਾਰਨ ਅਤੇ ਇਸ ਦੇ ਇਲਾਜ ਬਾਰੇ ਪ੍ਰੋਜੈੱਕਟਰ ਦੀ ਮਦਦ ਨਾਲ ਬਹੁਤ ਵਧੀਆ ਜਾਣਕਾਰੀ ਸਾਂਝੀ ਕੀਤੀ ਗਈ।

ਬਲਵਿੰਦਰ ਸਿੰਘ ਬਰਨਾਲਾ ਜੋ ਕਿ ਮਾਨਸਿਕ ਰੋਗਾਂ ਦੇ ਮਾਹਿਰ ਸਾਈਕੋਥੈਰੈਪਿਸਟ ਹਨ, ਨੇ ਇਸ ਮੌਕੇ ਮਾਨਸਿਕ ਸਿਹਤ ਤੇ ਸਰੀਰਕ ਸਿਹਤ, ਜਜ਼ਬਾਤੀ ਸਿਹਤ ਅਤੇ ਸਮਾਜੀਕਰਨ ਸਬੰਧਾਂ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕੀਤੀ। ਉਨ੍ਹਾਂ ਕਿਹਾ ਕਿ ਬਾਹਰੀ ਅਨੁਭਵ ਨੂੰ ਅੰਦਰੂਨੀ ਅਨੁਭਵ ਨਾਲ ਦਰੁੱਸਤ ਕਰਕੇ ਉਸਦੀ ਉਚਿਤਤਾ ਪਰਖ਼ੀ ਜਾ ਸਕਦੀ ਹੈ। ਹਾਲ ਵਿੱਚ ਹਾਜ਼ਰ ਸਮੂਹ ਦਰਸ਼ਕਾਂ ਨੇ ਇਸ ਵਿਸ਼ੇ ਵਿੱਚ ਕਾਫ਼ੀ ਦਿਲਚਸਪੀ ਵਿਖਾਈ ਅਤੇ ਉਨ੍ਹਾਂ ਵੱਲੋਂ ਬੁਲਾਰਿਆਂ ਨੂੰ ਕਈ ਸੁਆਲ ਪੁੱਛੇ ਗਏ ਜਿਨ੍ਹਾਂ ਦੇ ਜੁਆਬ ਬੁਲਾਰਿਆਂ ਵੱਲੋਂ ਉਨ੍ਹਾਂ ਨੂੰ ਤਸੱਲੀ ਪੂਰਵਕ ਦਿੱਤੇ ਗਏ। ਇਸ ਦੌਰਾਨ ਰਾਮ ਕੁਮਾਰ ਭਦੌੜ ਵੱਲੋਂ ਸੁਰਜੀਤ ਪਾਤਰ ਦੀਆਂ ਇਸ ਮਾਹੌਲ ਨਾਲ ਢੁਕਵੀਆਂ ਦੋ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ। ਅਕਰਮ ਧੂਰਕੋਟ ਵੱਲੋਂ ਆਪਣੀ ਵਿੱਛੜੀ ਮਾਂ ਨੂੰ ਯਾਦ ਕਰਦਿਆਂ ਹੋਇਆਂ ਖ਼ੂਬਸੂਰਤ ਕਵਿਤਾ ਪੇਸ਼ ਕੀਤੀ ਗਈ। ਮੰਚ-ਸੰਚਾਲਕ ਦੀ ਅਹਿਮ ਜ਼ਿੰਮੇਂਵਾਰੀ ਬਲਰਾਜ ਸ਼ੌਕਰ ਵੱਲੋਂ ਬਾਖ਼ੂਬੀ ਨਿਭਾਈ ਗਈ। ਹਾਲ ਵਿੱਚ ਇਸ ਸਮੇਂ 150 ਤੋਂ ਵਧੇਰੇ ਸਰੋਤੇ ਹਾਜ਼ਰ ਸਨ। ਹਾਲ ਦੇ ਬਾਹਰਵਾਰ ਤਰਕਸ਼ੀਲ ਸੋਸਾਇਟੀ ਵੱਲੋਂ ਇਸ ਮੌਕੇ ਉਸਾਰੂ ਸਾਹਿਤ ਨਾਲ ਸਬੰਧਿਤ ਪੁਸਤਕਾਂ ਦੀ ਸ਼ਾਨਦਾਰ ਪ੍ਰਦਰਸ਼ਨੀ ਲਗਾਈ ਗਈ ਜਿੱਥੋਂ ਕਈ ਵਿਅੱਕਤੀ ਆਪਣੀ ਦਿਲਚਸਪੀ ਦੀਆਂ ਕਿਤਾਬਾਂ ਖ਼ੑਰੀਦ ਰਹੇ ਸਨ।

# ਕਰਨਲ ਬਾਠ ਮਾਮਲੇ ਦੀ ਜਾਂਚ ਸੀਬੀਆਈ ਹਵਾਲੇ

## ਦੋਸ਼ੀਆਂ ਨੂੰ ਸਜ਼ਾ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ: ਜਸਵਿੰਦਰ ਬਾਠ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ 'ਚ ਕਰਨਲ ਪੁਸ਼ਪਿੰਦਰ ਸਿੰਘ ਬਾਠ 'ਤੇ ਹੋਏ ਹਮਲੇ ਦੇ ਮਾਮਲੇ ਦੀ ਜਾਂਚ ਹੁਣ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸੌਂਪ ਦਿੱਤੀ ਹੈ। ਹਾਈ ਕੋਰਟ ਦਾ ਇਹ ਫ਼ੈਸਲਾ ਪੰਜਾਬ ਸਰਕਾਰ ਲਈ ਝਟਕਾ ਹੈ। ਹਾਈ ਕੋਰਟ ਦੇ ਜਸਟਿਸ ਰਾਜੇਸ਼ ਭਾਰਦਵਾਜ ਨੇ ਕਰਨਲ ਬਾਠ ਦੇ ਮਾਮਲੇ 'ਚ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਾ ਕਰਨ 'ਤੇ ਪੁਲੀਸ ਨੂੰ ਦੋ ਦਿਨ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ। ਕਰਨਲ ਬਾਠ ਦੇ ਪਰਿਵਾਰ ਨੇ ਹਾਈ ਕੋਰਟ ਤੱਕ ਪਹੁੰਚ ਕਰਕੇ ਮੰਗ ਕੀਤੀ ਸੀ ਕਿ ਚੰਡੀਗੜ੍ਹ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੂੰ ਸੌਂਪੀ ਗਈ ਜਾਂਚ ਕਿਸੇ ਹੋਰ ਏਜੰਸੀ ਦੇ ਹਵਾਲੇ ਕੀਤੀ ਜਾਵੇ ਜਾਂ ਇਹ ਮਾਮਲਾ ਸੀਬੀਆਈ ਨੂੰ ਸੌਂਪਿਆ ਜਾਵੇ। ਬਾਠ ਪਰਿਵਾਰ ਨੇ ਅਦਾਲਤ 'ਚ ਅਫ਼ਸੋਸ ਜ਼ਾਹਿਰ ਕੀਤਾ ਕਿ ਚੰਡੀਗੜ੍ਹ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਤਿੰਨ ਮਹੀਨੇ ਮਗਰੋਂ ਵੀ ਹਾਲੇ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ ਅਤੇ ਇਹ ਸਿਟ ਨਿਰਪੱਖ ਅਤੇ ਸੁਤੰਤਰ ਜਾਂਚ ਕਰਨ ਵਿੱਚ ਅਸਫ਼ਲ ਰਹੀ ਹੈ। ਕਰਨਲ ਬਾਠ 'ਤੇ 13-14 ਮਾਰਚ ਦੀ ਰਾਤ ਨੂੰ ਪਟਿਆਲਾ ਵਿੱਚ ਹਮਲਾ ਹੋਇਆ ਸੀ। ਬਾਠ ਪਰਿਵਾਰ ਨੇ ਪੰਜਾਬ ਪੁਲੀਸ ਦੇ ਚਾਰ ਇੰਸਪੈਕਟਰਾਂ 'ਤੇ ਹਮਲਾ ਕਰਨ ਦੇ ਇਲਜ਼ਾਮ ਲਾਏ ਸਨ। ਸੀਸੀਟੀਵੀ ਵਿੱਚ ਇਹ ਘਟਨਾ ਕੈਦ ਹੋ ਗਈ ਸੀ। ਹਮਲੇ ਮੌਕੇ ਉਨ੍ਹਾਂ ਦਾ ਆਈਡੀ ਕਾਰਡ ਅਤੇ ਮੋਬਾਈਲ ਫ਼ੋਨ ਵੀ ਖੋਹ ਲਏ ਗਏ ਸਨ ਅਤੇ ਪੁਲੀਸ ਨੇ ਧਮਕੀਆਂ ਵੀ ਦਿੱਤੀਆਂ ਸਨ। ਉਸ ਸਮੇਂ ਵਿਰੋਧੀ ਪਾਰਟੀਆਂ ਨੇ ਕਰਨਲ ਬਾਠ 'ਤੇ ਹੋਏ ਹਮਲੇ ਨੂੰ ਲੈ ਕੇ 'ਆਪ' ਸਰਕਾਰ ਨੂੰ ਘੇਰਿਆ ਸੀ ਅਤੇ ਧਰਨੇ-ਪ੍ਰਦਰਸ਼ਨ ਵੀ ਕੀਤੇ ਗਏ ਸਨ। ਬਾਠ ਪਰਿਵਾਰ ਨੇ ਪੰਜਾਬ ਦੇ ਰਾਜਪਾਲ ਨਾਲ ਵੀ ਮੁਲਾਕਾਤ ਕਰਕੇ ਇਨਸਾਫ਼ ਦੀ ਮੰਗ ਕੀਤੀ ਸੀ। ਪੰਜਾਬ ਪੁਲੀਸ ਦੀ ਜਾਂਚ ਪਹਿਲਾਂ ਹੀ ਸ਼ੱਕੀ ਰਹੀ ਸੀ ਅਤੇ ਮਗਰੋਂ ਇਸ ਮਾਮਲੇ ਦੀ ਜਾਂਚ 2 ਅਪਰੈਲ ਨੂੰ ਚੰਡੀਗੜ੍ਹ ਪੁਲੀਸ ਨੂੰ ਸੌਂਪ ਦਿੱਤੀ ਗਈ ਸੀ।

ਪਟੀਸ਼ਨਰ ਤਰਫ਼ੋਂ ਵਕੀਲ ਪ੍ਰੀਤਇੰਦਰ ਸਿੰਘ ਆਹਲੂਵਾਲੀਆ ਅਤੇ ਦੀਪਇੰਦਰ ਸਿੰਘ ਵਿਰਕ ਪੇਸ਼ ਹੋਏ। ਕਰਨਲ ਬਾਠ ਦੇ ਵਕੀਲਾਂ ਦਾ ਕਹਿਣਾ ਸੀ ਕਿ ਮੌਜੂਦਾ ਜਾਂਚ ਏਜੰਸੀ ਤਰਫ਼ੋਂ ਦੋਸ਼ੀਆਂ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ਹੈ ਜਿਵੇਂ ਕਿ ਨਾ ਕਿਸੇ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਗਏ ਅਤੇ ਨਾ ਹੀ ਕੋਈ ਹੋਰ ਉਪਰਾਲੇ ਕੀਤੇ ਗਏ ਹਨ। ਬਾਠ ਪਰਿਵਾਰ ਦਾ ਕਹਿਣਾ ਸੀ ਕਿ ਚੰਡੀਗੜ੍ਹ ਪੁਲੀਸ ਵੀ ਪੰਜਾਬ ਪੁਲੀਸ ਦੇ ਅਧਿਕਾਰੀਆਂ ਦੇ ਦਬਾਅ ਹੇਠ ਜਾਂਚ ਨੂੰ ਅੱਗੇ ਨਹੀਂ ਵਧਾ ਸਕੀ ਹੈ। ਇਸ ਤੋਂ ਪਹਿਲਾਂ ਬਾਠ ਪਰਿਵਾਰ ਨੂੰ ਦੋਸ਼ੀਆਂ ਖ਼ਿਲਾਫ਼ ਪੁਲੀਸ ਕੇਸ ਦਰਜ ਕਰਾਉਣ ਲਈ ਵੀ ਲੜਾਈ ਲੜਨੀ ਪਈ ਸੀ।



# ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲੇ ਦੀ ਕੋਰਟ 'ਚ ਹੋਈ ਪੇਸ਼ੀ, ਭੇਜਿਆ ਗਿਆ ਨਿਆਇਕ ਹਿਰਾਸਤ 'ਚ



114 ਸਾਲਾਂ ਦੌੜਾਕ ਫੌਜਾ ਸਿੰਘ ਨੂੰ ਟੱਕਰ ਮਾਰਨ ਵਾਲੇ ਦੋਸ਼ੀ ਨੂੰ ਅੱਜ ਜਲੰਧਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਅਦਾਲਤ ਨੇ ਉਸ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ। ਦੱਸ ਦੇਈਏ ਕਿ ਫੌਜਾ ਨੂੰ ਨੂੰ 30 ਸਾਲਾ NRI ਅੰਮ੍ਰਿਤਪਾਲ ਸਿੰਘ ਨੇ ਟੱਕਰ ਮਾਰੀ ਸੀ। ਅੰਮ੍ਰਿਤਪਾਲ ਸਿੰਘ 8 ਦਿਨ ਪਹਿਲਾਂ ਹੀ ਕੈਨੇਡਾ ਤੋਂ ਪਰਤਿਆ ਸੀ। ਪੁਲਿਸ ਨੇ ਉਸ ਤੋਂ ਹਾਦਸੇ ਵਿਚ ਵਰਤੀ ਗਈ ਫਾਰਚੂਨਰ ਗੱਡੀ ਵੀ ਬਰਾਮਦ ਕਰ ਲਈ ਹੈ। ਰਾਤ ਨੂੰ ਉਸ ਨੂੰ ਥਾਣੇ ਭੋਗਪੁਰ ਵਿਚ ਲਿਜਾਇਆ ਗਿਆ ਸੀ ਜਿਥੋਂ ਉਸ ਤੋਂ ਪੁੱਛਗਿਛ ਕੀਤੀ ਗਈ।

ਐੱਸਐੱਸਪੀ ਜਲੰਧਰ ਦਿਹਾਤੀ ਹਰਵਿੰਦਰ ਐੱਸ. ਵਿਰਕ ਨੇ ਦੱਸਿਆ ਕਿ ਚਾਲਕ ਅੰਮ੍ਰਿਤਪਾਲ ਸਿੰਘ ਵਾਸੀ ਦਾਸੂਪੁਰ ਨੂੰ ਉਸ ਦੇ ਘਰੋਂ ਗੱਡੀ ਸਣੇ ਗ੍ਰਿਫਤਾਰ ਕੀਤਾ ਗਿਆ ਹੈ। ਗੱਡੀ ਦੀ ਪਛਾਣ ਹਾਦਸੇ ਵਾਲੀ ਥਾਂ ਡਿੱਗੀ ਹੈੱਡਲਾਈਟ ਤੇ ਬੰਪਰ ਦੇ ਹਿੱਸੇ ਸਣੇ ਇਸ ਦੇ ਗੁੰਮ ਹੋਏ ਹਿੱਸਿਆਂ ਤੋਂ ਹੋਈ। ਉਨ੍ਹਾਂ ਦੱਸਿਆ ਕਿ ਹਾਦਸੇ ਵਾਲੀ ਥਾਂ 'ਤੇ ਕੋਈ ਸੀਸੀਟੀਵੀ ਨਹੀਂ ਸੀ, ਜਿਸ ਕਰਕੇ ਪੁਲਿਸ ਟੀਮਾਂ ਨੂੰ ਘਟਨਾ ਸਥਾਨ ਦੇ ਨੇੜਲੀਆਂ ਥਾਵਾਂ ਤੋਂ ਸੀਸੀਟੀਵੀ ਫੁਟੇਜ ਇਕੱਠੀ ਕਰਨ 'ਚ ਕਾਫੀ ਸਮਾਂ ਲੱਗਾ।

ਐਸ ਐਸਪੀ ਨੇ ਅੱਗੇ ਕਿਹਾ ਕਿ ਅਸੀਂ ਮੰਗਲਵਾਰ ਸ਼ਾਮ ਨੂੰ ਗੱਡੀ ਦਾ ਪਤਾ ਲਗਾਇਆ। ਘਟਨਾ ਵੇਲੇ ਉਸ ਜਗ੍ਹਾ ਤੋਂ 40 ਤੋਂ ਵੱਧ ਗੱਡੀਆਂ ਲੰਘੀਆਂ ਸਨ। ਜਦੋਂ ਅਸੀਂ ਸੀਸੀਟੀਵੀ ਦੀ ਭਾਲ ਕੀਤੀ ਤਾਂ ਮੌਕੇ ਤੋਂ ਮਿਲੀ ਫਾਰਚੂਨਰ ਗੱਡੀ ਦਾ ਉਹ ਹਿੱਸਾ ਗਾਇਬ ਸੀ ਜੋ ਸਾਨੂੰ ਮਿਲਿਆ ਸੀ। ਇਸ ਤੋਂ ਪੁਲਿਸ ਨੂੰ ਪੁਸ਼ਟੀ ਹੋਈ ਕਿ ਹਾਦਸਾ ਇਸ ਗੱਡੀ ਨਾਲ ਹੋਇਆ ਹੈ। ਜਦੋਂ ਅਸੀਂ ਸੀਸੀਟੀਵੀ ਦੀ ਜਾਂਚ ਦਾ ਦਾਇਰਾ ਵਧਾਇਆ ਤਾਂ ਗੱਡੀ ਦਾ ਨੰਬਰ ਟਰੇਸ ਹੋ ਗਿਆ, ਜਿਸ ਨਾਲ ਦੋਸ਼ੀ ਦੀ ਪਛਾਣ ਹੋ ਗਈ। ਨੰਬਰ ਤੋਂ ਪਤਾ ਲੱਗਾ ਕਿ ਗੱਡੀ ਕਪੂਰਥਲਾ ਦੇ ਪਿੰਡ ਅਠੌਲੀ ਦੇ ਰਹਿਣ ਵਾਲੇ ਵਰਿੰਦਰ ਸਿੰਘ ਦੇ ਨਾਮ 'ਤੇ ਰਜਿਸਟਰਡ ਹੈ। ਜਿਸ ਤੋਂ ਬਾਅਦ ਜਲੰਧਰ ਪੁਲਿਸ ਦੀਆਂ ਟੀਮਾਂ ਕਪੂਰਥਲਾ ਲਈ ਰਵਾਨਾ ਹੋਈਆਂ ਅਤੇ ਵਰਿੰਦਰ ਤੱਕ ਪਹੁੰਚੀ। ਵਰਿੰਦਰ ਸਿੰਘ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਕੈਨੇਡਾ ਤੋਂ ਆਏ ਇੱਕ ਐਨਆਰਆਈ ਅੰਮ੍ਰਿਤਪਾਲ ਸਿੰਘ ਢਿੱਲੋਂ ਨੇ ਆਪਣੀ ਕਾਰ ਖਰੀਦੀ ਸੀ।

# ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ-ਰੋਕੂ ਬਿਲ ਸਿਲੈਕਟ ਕਮੇਟੀ ਕੋਲ ਭੇਜਣ ਦਾ ਫ਼ੈਸਲਾ



ਪੰਜਾਬ ਵਿਧਾਨ ਸਭਾ ਨੇ ਅੱਜ ਸਰਬਸੰਮਤੀ ਨਾਲ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ' ਨੂੰ ਸਿਲੈਕਟ ਕਮੇਟੀ ਕੋਲ ਭੇਜਣ ਦਾ ਫੈਸਲਾ ਕੀਤਾ ਹੈ, ਤਾਂ ਜੋ ਉਹ ਸਾਰੇ ਹਿੱਸੇਦਾਰਾਂ ਨਾਲ ਬਿੱਲ ਦੇ ਉਪਬੰਧਾਂ 'ਤੇ ਚਰਚਾ ਕਰ ਸਕੇ। ਸਿਲੈਕਟ ਕਮੇਟੀ 'ਚ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਸਦਨ 'ਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਬੀਤੇ ਦਿਨ ਪੇਸ਼ ਕੀਤੇ ਗਏ ਬੇਅਦਬੀ-ਰੋਕੂ ਬਿੱਲ 'ਤੇ ਅੱਜ ਲੰਮੀ ਬਹਿਸ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਕਿ ਸਿਲੈਕਟ ਕਮੇਟੀ ਇਸ ਬਹੁਤ ਹੀ ਭਾਵਨਾਤਮਕ ਮੁੱਦੇ 'ਤੇ ਜਨਤਾ ਤੋਂ ਪ੍ਰਾਪਤ ਸੁਝਾਵਾਂ ਨੂੰ ਵੱਧ ਤੋਂ ਵੱਧ ਛੇ ਮਹੀਨਿਆਂ ਦੇ ਅੰਦਰ-ਅੰਦਰ ਮੁਕੰਮਲ ਕਰੇਗੀ।

ਬਿੱਲ 'ਤੇ ਬਹਿਸ ਸਮਾਪਤ ਕਰਨ ਵਾਲੇ ਮੁੱਖ ਮੰਤਰੀ ਮਾਨ ਨੇ ਸ਼ੁਰੂ ਵਿੱਚ ਸਿਫਾਰਸ਼ ਕੀਤੀ ਸੀ ਕਿ ਚੋਣਵੀਂ ਕਮੇਟੀ ਚਾਰ ਮਹੀਨਿਆਂ ਦੇ ਅੰਦਰ ਸੁਝਾਵਾਂ ਨਾਲ ਸਦਨ ਵਿੱਚ ਵਾਪਸ ਆਵੇ। ਬਿੱਲ ਵਿੱਚ ਕਿਹਾ ਗਿਆ ਹੈ ਕਿ ਬੇਅਦਬੀ ਨਾਲ ਸਬੰਧਤ ਅਪਰਾਧਾਂ ਦੀ ਸਜ਼ਾ ਘੱਟੋ-ਘੱਟ ਦਸ ਸਾਲ ਤੋਂ ਲੈ ਕੇ ਉਮਰ ਕੈਦ ਤੱਕ ਹੋਵੇਗੀ। ਇਸ ਬਿਲ ਵਿੱਚ ਜ਼ਿਕਰ ਕੀਤੇ ਗਏ ਪਵਿੱਤਰ ਗ੍ਰੰਥ ਵਿਚ ਸ਼ਾਮਲ ਹਨ: ਗੁਰੂ ਗ੍ਰੰਥ ਸਾਹਿਬ ਜਾਂ ਪੋਥੀਆਂ ਤੇ ਗੁਟਕਾ ਸਾਹਿਬ, ਭਗਵਦ ਗੀਤਾ, ਕੁਰਾਨ ਅਤੇ ਬਾਈਬਲ ਸਮੇਤ ਇਨ੍ਹਾਂ ਦੇ ਅੰਸ਼। ਬੇਅਦਬੀ ਦੇ ਦੋਸ਼ੀ ਪਾਏ ਜਾਣ ਵਾਲਿਆਂ ਨੂੰ 5 ਲੱਖ ਰੁਪਏ ਦਾ ਜੁਰਮਾਨਾ ਵੀ ਦੇਣਾ ਪਵੇਗਾ, ਜਿਸ ਨੂੰ 10 ਲੱਖ ਰੁਪਏ ਤੱਕ ਵਧਾਇਆ ਜਾ ਸਕਦਾ ਹੈ। ਇਸ ਬਿਲ ਅਧੀਨ ਸਿਰਫ਼ ਡੀਐਸਪੀ ਅਤੇ ਇਸ ਤੋਂ ਉੱਪਰ ਦੇ ਰੈਂਕ ਦੇ ਪੁਲੀਸ ਅਧਿਕਾਰੀ ਨੂੰ ਹੀ ਮਾਮਲੇ ਦੀ ਜਾਂਚ ਕਰਨ ਦੀ ਇਜਾਜ਼ਤ ਹੋਵੇਗੀ।

ਬਿੱਲ ਦੇ ਉਪਬੰਧਾਂ ਦੇ ਤਹਿਤ, ਕੋਈ ਵੀ ਵਿਅਕਤੀ ਜੋ ਕਿਸੇ ਵੀ ਪਵਿੱਤਰ ਗ੍ਰੰਥ ਜਾਂ ਇਸਦੇ ਹਿੱਸੇ ਨੂੰ ਭੜਕਾਹਟ ਜਾਂ ਸਾਜ਼ਿਸ਼ ਤਹਿਤ ਅਪਰਾਧ (ਅਪਵਿੱਤਰਤਾ, ਨੁਕਸਾਨ, ਵਿਨਾਸ਼, ਵਿਗਾੜਨਾ, ਰੰਗ ਵਿਗਾੜਨਾ, ਪਰਿਭਾਸ਼ਿਤ ਕਰਨਾ, ਸੜਨਾ, ਸਾੜਨਾ, ਤੋੜਨਾ ਜਾਂ ਇਲਾਜ ਕਰਨਾ) ਕਰਨ ਲਈ ਉਕਸਾਉਂਦਾ ਹੈ, ਨੂੰ ਤਿੰਨ ਤੋਂ ਪੰਜ ਸਾਲ ਦੀ ਕੈਦ ਦੀ ਸਜ਼ਾ ਅਤੇ 3 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ।

ਇੱਕ ਵਾਰ ਵਿਧਾਨ ਸਭਾ ਵਿਚ ਪਾਸ ਹੋਣ ਤੋਂ ਬਾਅਦ ਇਹ ਬਿਲ ਜਦੋਂ ਕਾਨੂੰਨ (ਐਕਟ) ਬਣ ਜਾਵੇਗਾ ਤਾਂ ਪੂਰੇ ਪੰਜਾਬ ਰਾਜ ਵਿੱਚ ਲਾਗੂ ਹੋਵੇਗਾ। ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਲਾਗੂ ਹੋਵੇਗਾ। ਇਹ ਬਿਲ ਹੋਰ ਕਾਨੂੰਨਾਂ ਨੂੰ ਦੇ ਉਪਰੋਂ ਲਾਗੂ ਹੋਵੇਗਾ ਅਤੇ ਇਸ ਸਮੇਂ ਲਾਗੂ ਕਿਸੇ ਹੋਰ ਕਾਨੂੰਨ ਦੇ ਉਪਬੰਧਾਂ ਦਾ ਅਪਮਾਨ ਨਹੀਂ ਕਰੇਗਾ।

# ਸਾਂਸਦ ਵਜੋਂ ਕੰਮ ਕਰਨ 'ਚ ਮੈਨੂੰ ਮਜ਼ਾ ਨਹੀਂ ਆ ਰਿਹਾ, ਮੈਂ ਸੋਚਿਆ ਸੀ ਕਿ ਮੈਂ ਮੰਤਰੀ ਬਣਾਂਗੀ : MP ਕੰਗਨਾ ਰਣੌਤ




ਮੰਡੀ ਸੰਸਦੀ ਹਲਕੇ ਦੀ ਸੰਸਦ ਮੈਂਬਰ ਅਤੇ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਇੱਕ ਵਾਰ ਫਿਰ ਆਪਣੇ ਇੱਕ ਪੁਰਾਣੇ ਇੰਟਰਵਿਊ ਲਈ ਸੁਰਖੀਆਂ ਵਿੱਚ ਹੈ। ਇਸ ਇੰਟਰਵਿਊ ਵਿੱਚ, ਉਸਨੇ ਰਾਜਨੀਤੀ ਵਿੱਚ ਆਪਣੀ ਭੂਮਿਕਾ, ਮੰਤਰੀ ਅਹੁਦੇ ਤੋਂ ਉਮੀਦਾਂ ਅਤੇ ਇੱਕ ਸੰਸਦ ਮੈਂਬਰ ਵਜੋਂ ਉਸ ਨੂੰ ਦਰਪੇਸ਼ ਚੁਣੌਤੀਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ।

ਇੱਕ ਨਿਊਜ਼ ਚੈਨਲ ਨੂੰ ਦਿੱਤੇ ਇੱਕ ਹਾਲੀਆ ਇੰਟਰਵਿਊ ਵਿੱਚ, ਉਸਨੇ ਕਿਹਾ ਕਿ ਮੇਰੀ ਪ੍ਰੋਫਾਈਲ ਅਤੇ ਪੇਸ਼ੇ ਦੇ ਅਨੁਸਾਰ, ਮੈਂ ਇੱਕ ਫਿਲਮ ਨਿਰਮਾਤਾ, ਨਿਰਦੇਸ਼ਕ ਅਤੇ ਲੇਖਕ ਹਾਂ। ਮੇਰੇ ਕੋਲ ਦੇਸ਼ ਦਾ ਚੌਥਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ, ਪਦਮ ਸ਼੍ਰੀ ਹੈ। ਮੈਂ ਇੱਕ ਬਹੁਤ ਮੁਸ਼ਕਲ ਸੀਟ ਜਿੱਤੀ ਸੀ। ਮੇਰੇ ਯੋਗਦਾਨ ਨੂੰ ਵੇਖਦਿਆਂ, ਮੈਨੂੰ ਲੱਗਿਆ ਕਿ ਮੈਂ ਮੰਤਰੀ ਬਣਾਂਗੀ ਅਤੇ ਕੋਈ ਵਿਭਾਗ ਪ੍ਰਾਪਤ ਕਰਾਂਗੀ। ਕੈਬਨਿਟ ਵਿੱਚ ਬਹੁਤ ਸਾਰੇ ਮੰਤਰੀ ਪਹਿਲੀ ਵਾਰ ਆਏ ਹਨ।

ਕੰਗਨਾ ਨੇ ਕਿਹਾ ਕਿ ਉਸਨੂੰ ਸੰਸਦ ਮੈਂਬਰ ਵਜੋਂ ਕੰਮ ਕਰਨ ਵਿੱਚ ਮਜ਼ਾ ਨਹੀਂ ਆ ਰਿਹਾ ਹੈ। ਟਿਕਟ ਦਿੰਦੇ ਸਮੇਂ, ਭਾਜਪਾ ਨੇ ਕਿਹਾ ਸੀ ਕਿ ਮੈਨੂੰ 60 ਤੋਂ 70 ਦਿਨ ਕੰਮ ਕਰਨਾ ਪਵੇਗਾ। ਉਸ ਤੋਂ ਬਾਅਦ ਆਪਣਾ ਕੰਮ ਕਰਦੇ ਰਹੋ। ਕੰਗਨਾ ਨੇ ਇਮਾਨਦਾਰ ਹੁੰਦੇ ਹੋਏ ਰਾਜਨੀਤੀ ਵਿੱਚ ਰਹਿਣ ਨੂੰ ਇੱਕ ਮਹਿੰਗਾ ਸ਼ੌਕ ਦੱਸਿਆ ਅਤੇ ਕਿਹਾ ਕਿ ਉਸਦੀ ਪੂਰੀ ਤਨਖਾਹ ਉਸਦੇ ਸੰਸਦੀ ਹਲਕੇ ਵਿੱਚ ਜਨਤਾ ਵਿੱਚ ਜਾਣ ਵਿੱਚ ਖਰਚ ਹੁੰਦੀ ਹੈ।

ਕੰਗਨਾ ਨੇ ਇਹ ਵੀ ਕਿਹਾ ਕਿ ਉਸਨੂੰ ਉਮੀਦ ਹੈ ਕਿ ਉਸਨੂੰ ਮੰਤਰੀ ਬਣਾਇਆ ਜਾਵੇਗਾ ਕਿਉਂਕਿ ਉਸਦਾ ਯੋਗਦਾਨ ਬਹੁਤ ਵੱਡਾ ਸੀ। ਸੰਸਦ ਮੈਂਬਰ ਵਜੋਂ ਮੇਰਾ ਇੱਕ ਸਾਲ ਬਹੁਤ ਵਧੀਆ ਰਿਹਾ ਹੈ। ਮੈਂ ਮੰਡੀ ਦੇ ਹੁਣ ਤੱਕ ਦੇ ਸਾਰੇ ਸਾਬਕਾ ਸੰਸਦ ਮੈਂਬਰਾਂ ਨੂੰ ਚੁਣੌਤੀ ਦਿੰਦੀ ਹਾਂ। ਲੋਕ ਸਭਾ ਵਿੱਚ ਮੇਰੀ ਹਾਜ਼ਰੀ ਅਤੇ ਪੁੱਛੇ ਗਏ ਸਵਾਲ ਸਭ ਤੋਂ ਵੱਧ ਹਨ। ਮੈਂ ਸਦਨ ਵਿੱਚ ਬਿਜਲੀ, ਆਫ਼ਤ (ਮੌਸਮ ਦੀ ਤਬਾਹੀ) ਵਰਗੇ ਮੁੱਦੇ ਉਠਾਏ ਹਨ।

# ਕਰਨਲ ਬਾਠ ਕੁੱਟਮਾਰ ਮਾਮਲੇ ਦੀ CBI ਕਰੇਗੀ ਜਾਂਚ, ਹਾਈ ਕੋਰਟ ਨੇ ਸੁਣਾਇਆ ਫ਼ੈਸਲਾ



ਪਟਿਆਲਾ ਵਿਚ ਭਾਰਤੀ ਫ਼ੌਜ ਦੇ ਕਰਨਲ ਪੁਸ਼ਪਿੰਦਰ ਬਾਠ ਅਤੇ ਉਨ੍ਹਾਂ ਦੇ ਪੁੱਤਰ 'ਤੇ ਮਾਰਚ ਮਹੀਨੇ ਹੋਏ ਹਮਲੇ ਦੇ ਮਾਮਲੇ ਵਿੱਚ ਇੱਕ ਵੱਡਾ ਮੋੜ ਆਇਆ ਹੈ। ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪਣ ਦੇ ਹੁਕਮ ਦਿੱਤੇ ਹਨ। ਪਹਿਲਾਂ, ਜਾਂਚ ਚੰਡੀਗੜ੍ਹ ਪੁਲਿਸ ਨੂੰ ਸੌਂਪੀ ਗਈ ਸੀ, ਪਰ ਅਦਾਲਤ ਨੇ ਮੰਨਿਆ ਕਿ ਯੂਟੀ ਪੁਲਿਸ ਮਾਮਲੇ ਦੀ ਨਿਰਪੱਖ ਅਤੇ ਪ੍ਰਭਾਵਸ਼ਾਲੀ ਜਾਂਚ ਕਰਨ ਵਿੱਚ ਅਸਫ਼ਲ ਰਹੀ।

ਕਰਨਲ ਦੀ ਪਤਨੀ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅਦਾਲਤ ਦਾ ਇਹ ਫ਼ੈਸਲਾ ਰਾਹਤ ਵਾਲਾ ਹੈ ਕਿਉਂਕਿ ਹੁਣ ਉਮੀਦ ਹੈ ਕਿ ਸੱਚਾਈ ਸਾਹਮਣੇ ਆਵੇਗੀ। ਜਲਦੀ ਹੀ ਅਦਾਲਤ ਵਲੋਂ ਇਕ ਰਸਮੀ ਹੁਕਮ ਵੀ ਜਾਰੀ ਕੀਤਾ ਜਾਵੇਗਾ, ਜਿਸ ਵਿੱਚ ਇਹ ਵੀ ਸਪੱਸ਼ਟ ਹੋ ਜਾਵੇਗਾ ਕਿ ਸੀਬੀਆਈ ਨੂੰ ਜਾਂਚ ਕਿੰਨੀ ਦੇਰ ਵਿੱਚ ਪੂਰੀ ਕਰਨੀ ਹੈ।

# ਭ੍ਰਿਸ਼ਟਾਚਾਰ ਮਾਮਲੇ 'ਚ ਗ੍ਰਿਫ਼ਤਾਰ ਵਿਧਾਇਕ ਰਮਨ ਅਰੋੜਾ ਦੇ ਪੁੱਤਰ ਦੀ ਨਹੀਂ ਹੋਵੇਗੀ ਗ੍ਰਿਫ਼ਤਾਰੀ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭ੍ਰਿਸ਼ਟਾਚਾਰ ਮਾਮਲੇ ਵਿੱਚ ਜੇਲ੍ਹ ਵਿੱਚ ਬੰਦ ਵਿਧਾਇਕ ਰਮਨ ਅਰੋੜਾ ਦੇ ਪੁੱਤਰ ਰਾਜਨ ਅਰੋੜਾ ਨੂੰ ਰਾਹਤ ਦਿੱਤੀ ਹੈ, ਜੋ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਭਗੌੜਾ ਹੈ। ਅਦਾਲਤ ਨੇ ਰਾਜਨ ਅਰੋੜਾ ਦੀ ਗ੍ਰਿਫ਼ਤਾਰੀ 'ਤੇ 24 ਸਤੰਬਰ ਤੱਕ ਰੋਕ ਲਗਾ ਦਿੱਤੀ ਹੈ। ਇਹ ਰਾਹਤ ਉਸ ਸਮੇਂ ਮਿਲੀ ਹੈ ਜਦੋਂ ਵਿਜੀਲੈਂਸ ਬਿਊਰੋ ਨੇ ਰਾਜਨ ਅਰੋੜਾ ਵਿਰੁੱਧ ਲੁੱਕਆਊਟ ਸਰਕੂਲਰ (LOC) ਜਾਰੀ ਕੀਤਾ ਸੀ, ਅਤੇ ਉਸ ਦੇ ਦੁਬਈ ਵਿਚ ਲੁਕੇ ਹੋਣ ਦੀ ਸੰਭਾਵਨਾ ਸੀ।

ਜਾਣਕਾਰੀ ਅਨੁਸਾਰ ਹਾਈ ਕੋਰਟ ਨੇ ਰਾਜਨ ਅਰੋੜਾ ਨੂੰ ਜਾਂਚ ਵਿੱਚ ਪੂਰਾ ਸਹਿਯੋਗ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਦੇ ਇਸ ਹੁਕਮ ਤੋਂ ਬਾਅਦ, ਰਾਜਨ ਅਰੋੜਾ ਨੂੰ ਹੁਣ ਜਾਂਚ ਵਿੱਚ ਸ਼ਾਮਲ ਹੋਣਾ ਪਵੇਗਾ। ਇਸ ਤੋਂ ਪਹਿਲਾਂ ਵਿਜੀਲੈਂਸ ਜਾਂਚ ਵਿੱਚ ਖੁਲਾਸਾ ਹੋਇਆ ਸੀ ਕਿ ਰਾਜਨ ਅਰੋੜਾ ਗ੍ਰਿਫ਼ਤਾਰੀ ਤੋਂ ਬਚਣ ਲਈ ਦੁਬਈ ਵਿੱਚ ਲੁਕਿਆ ਹੋਇਆ ਸੀ। LOC ਜਾਰੀ ਹੋਣ ਤੋਂ ਬਾਅਦ ਵਿਦੇਸ਼ ਤੋਂ ਵਾਪਸੀ 'ਤੇ ਉਸ ਦੀ ਗ੍ਰਿਫ਼ਤਾਰੀ ਦੀ ਸੰਭਾਵਨਾ ਵੱਧ ਗਈ ਸੀ, ਪਰ ਹੁਣ ਹਾਈ ਕੋਰਟ ਦੇ ਹੁਕਮਾਂ ਕਾਰਨ ਉਸ ਨੂੰ ਅਸਥਾਈ ਰਾਹਤ ਮਿਲੀ ਹੈ।

ਇਹ ਘਟਨਾਕ੍ਰਮ ਉਦੋਂ ਸਾਹਮਣੇ ਆਇਆ ਜਦੋਂ ਵਿਧਾਇਕ ਰਮਨ ਅਰੋੜਾ ਅਤੇ ਉਨ੍ਹਾਂ ਦੇ ਰਿਸ਼ਤੇਦਾਰ ਰਾਜੂ ਮਦਾਨ ਦੀਆਂ ਜ਼ਮਾਨਤ ਪਟੀਸ਼ਨਾਂ ਪਿਛਲੇ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਰੱਦ ਕਰ ਦਿੱਤੀਆਂ ਗਈਆਂ। ਉਦੋਂ ਤੋਂ, ਵਿਜੀਲੈਂਸ ਬਿਊਰੋ ਫ਼ਰਾਰ ਮੁਲਜ਼ਮਾਂ ਨੂੰ ਫੜਨ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ।

# 3 ਬੱਚੀਆਂ ਦੀ ਕਰੰਟ ਲੱਗਣ ਨਾਲ ਮੌਤ

ਪਟਿਆਲਾ ਦੇ ਪਾਤੜਾਂ ਵਿਚ 3 ਬੱਚੀਆਂ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ। ਪਾਤੜਾਂ ਦੀ ਅਨਾਜ ਮੰਡੀ ਵਿੱਚ ਬਿਜਲੀ ਦੇ ਕਰੰਟ ਲੱਗਣ ਕਾਰਨ ਤਿੰਨ ਮੌਤਾਂ ਦੀ ਖ਼ਬਰ ਆ ਰਹੀ ਹੈ। ਦੱਸ ਦੇਈਏ ਕਿ ਤਿੰਨ ਸਾਲ ਦੀ ਖੁਸ਼ੀ, ਨਗਮਾ ਅਤੇ ਇਕ ਹੋਰ ਕੁੜੀ ਕਰੰਟ ਦੀ ਲਪੇਟ ਵਿਚ ਆ ਗਈਆਂ। ਅਨਾਜ ਮੰਡੀ ਪਾਤੜਾਂ ਵਿੱਚ ਉਨ੍ਹਾਂ ਦਾ ਇੱਕ ਪਲਾਟ ਸੀ ਜਿੱਥੇ ਇਹ ਬੱਚੇ ਖੇਡ ਰਹੇ ਸਨ। ਬਿਜਲੀ ਦੀ ਤਾਰ ਢਿੱਲੀ ਹੋਣ ਕਾਰਨ ਹਾਦਸਾ ਵਾਪਰਿਆ। ਇਸ ਕਾਰਨ ਸ਼ਾਰਟ ਸਰਕਟ ਹੋਇਆ ਅਤੇ ਬੱਚੇ ਇਸ ਦੀ ਲਪੇਟ ਵਿਚ ਆ ਗਏ। ਪੁਲਿਸ ਪੂਰੀ ਘਟਨਾ ਦੀ ਜਾਂਚ ਕਰ ਰਹੀ ਹੈ।

# ਸ੍ਰੀ ਅਕਾਲ ਤਖ਼ਤ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਾਲੇ ਟਕਰਾਅ ਟਲਿਆ

## ਸੁਖਬੀਰ ਬਾਦਲ ਖ਼ਿਲਾਫ਼ ਹੁਕਮ ਵਾਪਸ ਲਏ




ਅੰਮ੍ਰਿਤਸਰ: ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਵਿਚਾਲੇ ਪੈਦਾ ਹੋਇਆ ਵਿਵਾਦ ਅੱਜ ਉਸ ਵੇਲੇ ਖਤਮ ਹੋ ਗਿਆ ਜਦੋਂ ਦੋਵਾਂ ਤਖ਼ਤਾਂ ਦੇ ਜਥੇਦਾਰਾਂ ਵੱਲੋਂ ਪਿਛਲੇ ਸਮੇਂ ਦੌਰਾਨ ਇੱਕ ਦੂਜੇ ਖ਼ਿਲਾਫ ਕੀਤੇ ਗਏ ਫੈਸਲੇ ਵਾਪਸ ਲੈ ਲਏ ਗਏ ਹਨ। ਇਸ ਦਾ ਖੁਲਾਸਾ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤਾ ਹੈ। ਅੱਜ ਇੱਥੇ ਪੰਜ ਸਿੰਘ ਸਾਹਿਬਾਨ ਨਾਲ ਮੀਟਿੰਗ ਤੋਂ ਬਾਅਦ ਫੈਸਲੇ ਬਾਰੇ ਮੀਡੀਆ ਨੂੰ ਜਾਣੂ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਜਗਜੀਤ ਸਿੰਘ ਸੋਹੀ ਵੱਲੋਂ ਭੇਜੇ ਗਏ ਪੱਤਰ ਤੇ ਵਿਚਾਰ ਕਰਦਿਆਂ ਇਹ ਫੈਸਲਾ ਕੀਤਾ ਗਿਆ ਹੈ।

ਉਕਤ ਪੱਤਰ ਵਿੱਚ ਕਿਹਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਰਬਉੱਚ ਹੈ ਅਤੇ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ 21 ਮਈ ਨੂੰ ਕੀਤੇ ਗਏ ਫੈਸਲਿਆਂ ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ। ਸ੍ਰੀ ਗੜਗੱਜ ਨੇ ਦੱਸਿਆ ਕਿ ਪੱਤਰ 'ਤੇ ਵਿਚਾਰ ਕਰਨ ਲਈ ਅੱਜ ਸਿੰਘ ਸਾਹਿਬਾਨ ਦੀ ਮੀਟਿੰਗ ਕੀਤੀ ਗਈ, ਜਿਸ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਤੇ ਹੈੱਡ ਗ੍ਰੰਥੀ ਗਿਆਨੀ ਬਲਦੇਵ ਸਿੰਘ ਅਤੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਦੀਆਂ ਸੇਵਾਵਾਂ ਤੇ ਲਾਈ ਗਈ ਰੋਕ ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ। ਇਸ ਤੋਂ ਇਲਾਵਾ ਗਿਆਨੀ ਗੁਰਦਿਆਲ ਸਿੰਘ ਤੇ ਪ੍ਰਬੰਧਕੀ ਕਮੇਟੀ ਦੇ ਦੋ ਮੈਂਬਰਾਂ ਨੂੰ ਤਨਖਾਹੀਆ ਦੇਣ ਦਾ ਫੈਸਲਾ ਵੀ ਵਾਪਸ ਲੈ ਲਿਆ ਹੈ। ਉਨ੍ਹਾਂ ਆਖਿਆ ਕਿ ਇਹ ਕਾਰਵਾਈ ਪੰਥ ਦੇ ਵਡੇਰੇ ਹਿੱਤਾਂ ਅਤੇ ਤਖ਼ਤਾਂ ਦੀ ਮਾਨ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਵੀ 21 ਮਈ ਅਤੇ ਉਸ ਤੋਂ ਬਾਅਦ ਕੀਤੇ ਸਾਰੇ ਫੈਸਲੇ ਵਾਪਸ ਲੈ ਲਏ ਗਏ ਹਨ। ਇਸ ਸਬੰਧ ਵਿੱਚ ਉਨ੍ਹਾਂ ਵੱਲੋਂ ਇੱਕ ਪੱਤਰ ਭੇਜ ਕੇ ਸ੍ਰੀ ਅਕਾਲ ਤਖ਼ਤ ਨੂੰ ਜਾਣੂ ਕਰਵਾਇਆ ਹੈ। ਇੱਕ ਹੋਰ ਫੈਸਲੇ ਤਹਿਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਪ੍ਰਬੰਧਕੀ ਕਮੇਟੀ ਖ਼ਿਲਾਫ਼ ਕੀਤਾ ਅਦਾਲਤੀ ਕੇਸ ਵਾਪਸ ਲੈਣ ਅਤੇ ਪ੍ਰਬੰਧਕੀ ਕਮੇਟੀ ਨੂੰ ਉਨ੍ਹਾਂ ਦੇ ਬਣਦੇ ਲਾਭ ਜਾਰੀ ਕਰਨ ਲਈ ਆਖਿਆ ਗਿਆ ਹੈ। ਉਨ੍ਹਾਂ ਨੇ ਸਾਬਕਾ ਜਥੇਦਾਰ ਅਤੇ ਹੋਰ ਸਬੰਧਤਾਂ ਨੂੰ ਵੀ ਆਦੇਸ਼ ਕੀਤਾ ਹੈ ਕਿ ਉਹ ਇਸ ਮਾਮਲੇ ਵਿੱਚ ਸੋਸ਼ਲ ਮੀਡੀਆ ਜਾਂ ਮੀਡੀਆ ਤੇ ਕੋਈ ਬਿਆਨਬਾਜੀ ਨਾ ਕੀਤੀ ਜਾਵੇ।















ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਖ਼ਤਮ ਹੋ ਰਹੀ ਸਹਿਣਸ਼ੀਲਤਾ



ਜਸਵਿੰਦਰ ਸਿੰਘ ਰੁਪਾਲ
9814715796

ਅਜ਼ੋਕਾ ਯੁੱਗ ਵਿਗਿਆਨ ਦਾ ਯੱਗ ਹੈ। ਜਿੰਨੀ ਅਸੀਂ ਵਿਗਿਆਨ ਦੇ ਖੇਤਰ ਵਿਚ ਤਰੱਕੀ ਕੀਤੀ ਹੈ, ਉਤਨੀ ਹੀ ਗਿਰਾਵਟ ਨੈਤਿਕ ਕਦਰਾਂ ਕੀਮਤਾਂ ਵਿਚ ਆ ਗਈ ਹੈ। ਅਜ ਹਰ ਇਨਸਾਨ ਸਵੈ-ਕੇਂਦਰਿਤ ਹੋ ਕੇ ਰਹਿ ਗਿਆ ਹੈ। ਉਸ ਨੇ ਆਪਣੇ ਆਲ਼ੇ ਦੁਆਲ਼ੇ ਆਪਣੇ ਹੀ ਖਿਆਲਾਂ, ਜ਼ਜ਼ਬਿਆਂ, ਸੁਪਨਿਆਂ, ਸੋਚਾ,ਅਤੇ ਵਿਚਾਰਾਂ ਦਾ ਇਕ ਐਸਾ 'ਮੱਕੜ-ਜਾਲ਼' ਤਣ ਲਿਆ ਹੈ ਜਿਸ ਵਿਚ ਉਹ ਖ਼ੁਦ ਹੀ ਫਸ ਕੇ ਰਹਿ ਗਿਆ ਹੈ। ਉਹ ਦੂਸਰੇ ਦੇ ਵਿਚਾਰਾਂ ਨੂੰ ਉੱਥੇ ਤੱਕ ਹੀ ਸਹਿਣ ਕਰਦਾ ਹੈ ਜਿੱਥੇ ਤੱਕ ਉਹ ਵਿਚਾਰ ਉਸ ਦੇ ਆਪਣੇ ਵਿਚਾਰਾਂ ਅਤੇ ਵਿਸ਼ਵਾਸ਼ਾਂ ਦੇ ਵਿਰੁੱਧ ਨਾ ਜਾਂਦੇ ਹੋਣ।...

ਛੋਟੇ ਬੱਚੇ ਤੋਂ ਗੱਲ ਸ਼ੁਰੂ ਕਰੀਏ ਤਾਂ ਅਸੀਂ ਦੇਖਦੇ ਹਾਂ ਕਿ ਨਿੱਕੇ ਬੱਚੇ ਵੀ ਅੱਜ ਆਪਣੇ ਮਾਂ ਬਾਪ ਦੀ ਟੋਕ ਨਹੀ ਸਹਿ ਸਕਦੇ। ਟੀ.ਵੀ.,ਕੰਪਿਊਟਰ ਤੋਂ ਰੋਕ ਕੇ ਪੜ੍ਹਨ ਲਈ ਕਹਿ ਕੇ ਵੇਖੋ ਤਾਂ ਜਵਾਬ ਮਿਲੇਗਾ ਕਿ ਉਨ੍ਹਾਂ ਨੂੰ ਖ਼ੁਦ ਆਪਣੀ ਪੜ੍ਹਾਈ ਦਾ ਖਿਆਲ ਹੈ। ਕੁਝ ਸਮਾਂ ਪਹਿਲਾਂ ਖਬਰ ਆਈ ਸੀ ਕਿ ਪੰਚਕੂਲਾ ਦੀ ਇਕ ਚਾਰ ਸਾਲ ਦੀ ਬੱਚੀ ਨੇ ਪੁਲਿਸ ਨੂੰ ਫੋਨ ਕਰਕੇ ਉਸ ਦੇ ਮਾਂ ਬਾਪ ਨੂੰ ਗ੍ਰਿਫਤਾਰ ਕਰਨ ਲਈ ਕਿਹਾ ਹੈ ਕਿਉਕਿ ਉਹ ਉਸ ਨੂੰ ਹੋਮ-ਵਰਕ ਕਰਨ ਲਈ ਕਹਿਣ ਤੋਂ ਬਿਨਾਂ ਉਸ ਨੂੰ ਖਾਣਾ ਖੁਆਉਣ ਦੀ ਵੀ ਜਿੱਦ ਕਰਦੇ ਹਨ ਅਤੇ ਹੈਰਾਨੀ ਇਹ ਕਿ ਇਹ ਖਬਰ ਕਿਸੇ ਪੱਛਮੀ ਦੇਸ਼ ਦੀ ਨਹੀਂ, ਸਗੋਂ ਭਾਰਤ ਦੀ ਸੀ । ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਭਵਿਖ ਦੀ ਹਾਲਤ ਕਿਹੋ ਜਿਹੀ ਹੋਵੇਗੀ । ...

ਕਿਸ਼ੋਰ ਅਵਸਥਾ ਤੇ ਪਹੁੰਚ ਕੇ ਹਾਲਤ ਵਧੇਰੇ ਨਾਜ਼ਕ ਹੋ ਜਾਂਦੇ ਹਨ,ਕਿਉਂਕਿ ਇਹ ਉਮਰ ਸੰਵੇਦਨਸ਼ੀਲ ਹੁੰਦੀ ਹੈ। ਸਾਰੇ ਮਾਂ ਬਾਪ ਤਾਂ ਕਿਸ਼ੋਰ ਅਵਸਥਾ ਦੇ ਮਨੋਵਿਗਿਆਨ ਤੋਂ ਵਾਕਿਫ਼ ਨਹੀਂ ਹੁੰਦੇ। ਜਿਆਦਾ ਭਾਵਨਾਵਾਂ ਦੇ ਵਹਿਣ ਵਿਚ ਵਹਿ ਰਹੇ ਕਿਸ਼ੋਰ ਇਕਦਮ ਹੀ ਮਾਪਿਆਂ ਤੋਂ ਅਤੇ ਸਮਾਜ ਤੋਂ ਬਾਗੀ ਹੋ ਜਾਂਦੇ ਹਨ ਜੇ ਉਨ੍ਹਾਂ ਦੀ ਆਜਾਦੀ ਅਤੇ ਆਜਾਦ-ਖਿਆਲੀ ਤੋਂ ਵਰਜਣ ਦੀ ਜਰਾ ਵੀ ਕੋਸ਼ਿਸ਼ ਕੀਤੀ ਜਾਵੇ। ਜਲਦੀ ਹੀ ਗੱਲ ਵਾਦ-ਵਿਵਾਦ ਤੋਂ ਵਧ ਕੇ ਗਾਲ਼ੀ ਗਲੋਚ, ਲੜਾਈ, ਘਰੋਂ ਭੱਜਣਾ ਅਤੇ ਕਦੇ ਕਦੇ ਤਾਂ ਹੱਤਿਆ ਜਾਂ ਆਤਮ-ਹੱਤਿਆ ਤੱਕ ਵੀ ਜਾ ਪੁੱਜਦੀ ਹੈ, ਮਸਲਾ ਭਾਵੇਂ ਮੋਬਾਈਲ ਦਾ ਹੋਵੇ, ਮੋਟਰ-ਸਾਈਕਲ ਜਾਂ ਕਾਰ ਦਾ ਹੋਵੇ, ਫੈਸ਼ਨ ਦਾ ਹੋਵੇ, ਪੜ੍ਹਾਈ ਦਾ ਹੋਵੇ, ਜਾਂ ਚਲ ਰਹੇ ਲਵ-ਅਫੇਅਰ ਦਾ ਹੋਵੇ-ਕੋਈ ਫ਼ਰਕ ਨਹੀਂ ਪੈਂਦਾ। ਸਿਰਫ਼ ਨਿਜ ਦੀ ਸੋਚ ਹੀ ਅਮਲ 'ਚ ਆਉਣੀ ਚਾਹੀਦੀ ਹੈ।....



ਸਮਾਜਿਕ ਰਿਸ਼ਤਿਆਂ ਵਿਚ ਵੀ ਰਿਸ਼ਤਾ ਭਾਵੇਂ ਨੂੰਹ-ਸੱਸ ਦਾ ਹੈ, ਪਿਓ-ਪੁੱਤਰ ਦਾ ਹੈ,ਪਤੀ-ਪਤਨੀ ਦਾ ਹੈ ਜਾਂ ਕੋਈ ਵੀ ਹੋਰ, ਪਹਿਲਾਂ ਵਾਲਾ ਵਡਿਆਂ ਦਾ ਸਤਿਕਾਰ ਨਹੀਂ ਰਿਹਾ। ਨਾ ਤਾਂ ਸੰਜਮ ਨਾਲ਼ ਕੋਈ ਗੱਲ ਸੁਣ ਸਕਣ ਦੀ ਸਮਰੱਥਾ ਹੈ,ਨਾ ਹੀ ਪਿਆਰ ਅਤੇ ਠਰੰਮੇ ਨਾਲ਼ ਆਪਣੀ ਗੱਲ ਦੂਸਰੇ ਨੂੰ ਸਮਝਾ ਦੇਣ ਦੀ। ਇਹੀ ਕਾਰਨ ਹੈ ਕਿ ਅੱਜ ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਜਿਹੜੇ ਹਨ ਵੀ ਉਨਾਂ ਵਿਚ ਵੀ ਨਿੱਤ ਦਿਹਾੜੇ ਕਲੇਸ਼ ਚਲਦਾ ਰਹਿੰਦਾ ਹੈ। ਪਤੀ-ਪਤਨੀ ਦਾ ਤਕਰਾਰ ਬਹਿਸ ਤੋਂ ਸੁਰੂ ਹੋ ਕੇ ਕਈ ਵਾਰੀ ਮਾਰ-ਕੁਟਾਈ ਅਤੇ ਅਖੀਰ ਤਲਾਕ ਤੇ ਜਾ ਪੁੱਜਦਾ ਹੈ। ਇਹ ਜਰੂਰੀ ਨਹੀਂ ਕਿ ਹਮੇਸ਼ਾ ਹੀ ਪਤਨੀ ਤੇ ਜ਼ੁਲਮ ਹੋ ਰਿਹਾ ਹੋਵੇ, ਸਗੋਂ ਕਈ ਵਾਰੀ ਬਹੁਤ ਛੋਟੀ ਗੱਲ ਸਹਿਣਸ਼ੀਲਤਾ ਦੀ ਘਾਟ ਕਰਕੇ ਵੱਡੀ ਬਣ ਜਾਂਦੀ ਹੈ। ਮਰਦ ਦੀ ਫ਼ੋਕੀ ਮਰਦਾਨਗੀ ਵੀ ਬਹੁਤ ਥਾਂ ਰਿਸ਼ਤੇ ਟੁੱਟਣ ਦਾ ਕਾਰਨ ਬਣਦੀ ਹੈ।.....ਇਹੀ ਘਾਟ ਸਾਡੇ ਗੁਆਂਢੀਆਂ ਨਾਲ਼ ਰਿਸ਼ਤਿਆਂ ਨੂੰ ਅਤੇ ਕਰਮਚਾਰੀ ਦੇ ਆਪਣੇ ਬਾਸ ਨਾਲ਼ ਰਿਸ਼ਤੇ ਤੇ ਵੀ ਅਸਰ ਪਾਉਂਦੀ ਹੈ। ਕਿਸੇ ਵੀ ਖੇਤਰ ਦੀ ਗੱਲ ਕਰੀਏ,ਈਰਖਾ,ਸਾੜਾ,ਮੁਕਾਬਲੇ ਦੀ ਗਲ਼ ਘੋਟੂ ਭਾਵਨਾ, ਆਪਣੇ-ਆਪ ਨੂੰ ਹਮੇਸ਼ਾ ਠੀਕ ਅਤੇ ਸਭ ਤੋਂ ਵੱਡਾ ਸਮਝਣਾ ਪ੍ਰਤੱਖ ਨਜ਼ਰ ਆ ਰਿਹਾ ਹੇ। ਹਰ ਰਾਜਨੀਤਿਕ ਪਾਰਟੀ ਵਿਰੋਧੀ ਪਾਰਟੀ ਤੇ ਇਲਜ਼ਾਮ ਲਗਾਉਣਾ ਗ਼ਲਤ ਨਹੀ ਸਮਝਦੀ, ਪਰ ਆਪ ਉਸ ਦੁਆਰਾ ਦੱਸੀ ਗਈ ਜਾਇਜ ਗਲਤੀ ਵੀ ਸਹਿਣ ਨਹੀਂ ਕਰ ਸਕੇਗੀ। ਬਹੁਤ ਹੀ ਘੱਟ ਐਸਾ ਸੁਣਿਆ ਹੋਵੇਗਾ (ਖਾਸ ਕਰਕੇ ਭਾਰਤ ਵਿਚ) ਜਿੱਥੇ ਕਿਸੇ ਰਾਜਨੀਤਿਕ ਨੇਤਾ ਜਾਂ ਪਾਰਟੀ ਨੇ ਆਪਣੇ ਵਿਰੋਧੀ ਦੁਆਰਾ ਦੱਸੀ ਗਲਤੀ ਮੰਨੀ ਹੋਵੇ ਜਾਂ ਸਹਿ ਲਿਆ ਹੋਵੇ। ਧਾਰਮਿਕ ਸੰਸਥਾਵਾਂ, ਧਾਰਮਿਕ ਸਖਸ਼ੀਅਤਾਂ, ਧਾਰਮਿਕ ਮੈਗਜ਼ੀਨ ਅਤੇ ਅਖਬਾਰਾਂ ਵੀ ਇਸ ਖੇਤਰ ਵਿਚ ਪਿੱਛੇ ਨਹੀਂ ਹਨ। ਇਨਾਂ ਸਭ ਦਾ ਮਨੋਰਥ ਤਾਂ ਧਰਮ ਦਾ ਪ੍ਰਚਾਰ ਕਰਨਾ ਹੈ। ਧਰਮ ਤਾਂ ਇਨਸਾਨੀਅਤ ਨੂੰ ਜੋੜਦਾ ਹੈ ,ਤੋੜਦਾ ਨਹੀਂ ਪਰ ਇਹ ਸਭ ਇੱਕ ਦੂਜੇ ਨੂੰ ਨੀਵਾਂ ਦਿਖਾਣ ਦਾ ਕੋਈ ਮੌਕਾ ਨਹੀਂ ਜਾਣ ਦਿੰਦੇ। ਧਾਰਮਿਕ ਮੁਖੀ, ਸੰਤ ਬਾਬੇ, ਡੇਰੇਦਾਰ, ਧਾਰਮਿਕ ਨੇਤਾ ,ਧਾਰਮਿਕ ਪਾਰਟੀਆਂ,ਧਾਰਮਿਕ ਸੰਸਥਾਵਾਂ, ਧਾਰਮਿਕ ਪਰਚਿਆਂ ਅਤੇ ਅਖਬਾਰਾਂ ਦੇ ਸੰਪਾਦਕ ਕਿਸੇ ਵਿਚ ਵੀ ਸਹਿਣਸ਼ੀਲਤਾ ਨਜ਼ਰ ਨਹੀਂ ਆ ਰਹੀ। ਇਸ ਨਾਲ਼ ਵਾਦ-ਵਿਵਾਦ, ਤਕਰਾਰ, ਝਗੜੇ ਅਤੇ ਵਖਰੇਵਾਂ ਵਧਦਾ ਹੈ ਅਤੇ ਮਨੁੱਖਤਾ ਦੀ,ਅਤੇ ਏਕਤਾ ਦੀ ਗੱਲ ਕਿਤੇ ਦੂਰ ਚਲੀ ਜਾਂਦੀ ਹੈ। ਜੇ ਅੰਦਰੂਨੀ ਵਿਵਾਦ ਜਿਆਦਾ ਹੋਣ ਤਾਂ ਬਾਹਰੀ ਦੁਸ਼ਮਣ ਦਾ ਮੁਕਾਬਲਾ ਕਰਨਾ ਬਹੁਤ ਹੀ ਮੁਸ਼ਕਿਲ ਹੈ।

ਲੇਖਕ ਅਤੇ ਬੁੱਧੀਜੀਵੀ ਵਰਗ ਵੀ ਇਸ ਬੀਮਾਰੀ ਤੋਂ ਪੂਰੀ ਤਰਾਂ ਨਹੀਂ ਬਚ ਸਕਿਆ। ਹਾਂ,ਕਲਾ ਦੇ ਸਿਖਰ ਤੇ ਪੁੱਜ ਕੇ ਉਹ ਜਰੂਰ ਆਪਣੇ ਆਪ ਬਾਰੇ ਸੱਚ ਲਿਖਣਾ ਸ਼ੁਰੂ ਕਰ ਦਿੰਦੇ ਹਨ ਪਰ ਇਹੀ ਸੱਚ ਜੇ ਆਲੋਚਕ ਜਾਂ ਦੂਸਰਾ ਲੇਖਕ ਲਿਖ ਦੇਵੇ, ਤਾਂ ਪਹਿਲੀ ਕਲਮ ਦਾ ਵਹਾਅ ਵੀ ਪੁੱਠਾ ਹੋ ਜਾਂਦਾ ਹੈ।ਹਾਂ, ਕਈ ਹਾਲਤਾਂ ਵਿਚ ਲੇਖਕ,ਸੰਪਾਦਕ ਅਤੇ ਪੱਤਰਕਾਰ ਅੱਛੇ ਸੰਵਾਦ ਰਚਾਉਂਦੇ ਹਨ। ਇਹ ਅੱਛੀ ਗੱਲ ਹੈ- ਅਸੀਂ ਚਿੰਤਨ ਵੱਲ ਵਧਣਾ ਹੈ, ਚਿੰਤਾ ਵੱਲ ਨਹੀਂ। ਅੱਜ ਸੋਸ਼ਲ ਮੀਡੀਆ ਵਿੱਚ ਬਹੁਤ ਜਿਆਦਾ ਤਕਰਾਰ, ਗਾਲੀ ਗਲੋਚ ਆਦਿ ਚੱਲ ਰਹੀ ਹੈ। ਇੱਕੋ ਇੱਕ ਕਾਰਨ ਕਿ ਜੋ ਮੈਨੂੰ ਪਸੰਦ ਨਹੀਂ ਹੈ, ਉਹ ਕਿਉਂ ਲਿਖਿਆ ਜਾ ਰਿਹਾ ਹੈ। ਜੇ ਇੱਕ ਦੀ ਪਸੰਦ ਵਾਲੇ ਵਿਅਕਤੀ, ਸੰਸਥਾ, ਜਾਂ ਘਟਨਾ ਤੇ ਦੂਜੇ ਨੇ ਉਲਟ ਕੁਮੈਂਟ ਕਰ ਦਿੱਤਾ, ਤਾਂ ਦੂਜੇ ਦੀ ਖੈਰ ਨਹੀਂ ਹੈ। ਜਾਂ ਪਹਿਲਾ ਜਿਸ ਨੂੰ ਗਲਤ ਸਮਝਦਾ ਹੈ, ਵਿਰੋਧ ਕਰਦਾ ਹੈ, ਦੂਸਰੇ ਨੇ ਉਸ ਦੀ ਪ੍ਰਸੰਸਾ ਕਿਉਂ ਕੀਤੀ ਉਸ ਦੇ ਵਿਰੁੱਧ ਕਿਉਂ ਨਹੀਂ ਬੋਲਿਆ। ਲਿਖਣ ਅਤੇ ਬੋਲਣ ਦੀ ਆਜ਼ਾਦੀ ਦੀ ਸਭ ਤੋਂ ਵੱਧ ਦੁਰਵਰਤੋਂ ਸਾਡੇ ਦੇਸ਼ ਦੇ ਸੋਸ਼ਲ ਮੀਡੀਆ ਤੇ ਦੇਖੀ ਜਾ ਸਕਦੀ ਹੈ।

ਕਹਿਣ ਅਤੇ ਸਹਿਣ ਵਿਚ ਅੰਤਰ ਦਾ ਅੰਦਾਜਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸ਼ਕਤੀ ਸ਼ਬਦ ਦੀ ਵਰਤੋਂ ਸਿਰਫ਼ ਸਹਿਣ ਦੇ ਨਾਲ਼ ਹੁੰਦੀ ਹੈ,ਕਹਿਣ ਨਾਲ਼ ਨਹੀਂ। ਕਹਿਣ ਲਈ ਜਿਆਦਾ ਜੋਰ ਨਹੀਂ ਲਗਾਉਣਾ ਪੈਂਦਾ ਜਦ ਕਿ ਇਸ ਦੇ ਮੁਕਾਬਲੇ ਤੇ ਸਹਿਣ ਓਹੀ ਕਰ ਸਕਦਾ ਹੈ,ਜੋ ਸ਼ਕਤੀਵਾਨ ਹੋਵੇ। ਗੁਰੂ ਸਾਹਿਬ ਜੀ ਨੇ ਸੰਵਾਦ ਨੂੰ ਵਡਿਆਇਆ ਹੈ ਗਲਤ ਨੂੰ ਗਲਤ ਕਹਿਣਾ ਜ਼ਾਇਜ਼ ਹੈ,ਪਰ ਇਸ ਦੇ ਨਾਲ਼ ਹੀ ਆਪਣੀ ਭੁੱਲ ਜੇ ਦੂਸਰਾ ਦੱਸੇ ਤਾਂ ਮੰਨਣ ਵਿਚ ਵੀ ਦੇਰ ਨਹੀਂ ਕਰਨੀ ਚਾਹੀਦੀ ।ਸਗੋਂ ਉਸ ਦੇ ਧੰਨਵਾਦੀ ਹੋ ਕੇ ਭੁੱਲ ਸੁਧਾਰਨ ਵੱਲ ਲੱਗ ਜਾਣਾ ਚਾਹੀਦਾ ਹੈ। ਇਕ ਵਾਕਿਆ ਯਾਦ ਆ ਰਿਹਾ ਹੈ-ਗੁਰਮਤਿ ਕਲਾਸਾਂ ਲੈਂਦੇ ਨੂੰ ਇਕ ਸੱਤਵੀਂ ਪੜ੍ਹਦੀ ਬੱਚੀ ਨੇ ਸਵਾਲ ਪੁੱਛਿਆ ਸੀ, 'ਅੰਕਲ ,ਨਿੰਦਾ ਅਤੇ ਅਲੋਚਨਾ ਵਿਚ ਕੀ ਅੰਤਰ ਹੁੰਦਾ ਏ? ਇਕ ਪਾਸੇ ਤਾਂ ਤੁਸੀਂ ਆਖਦੇ ਹੋ -ਨਿੰਦਾ ਭਲੀ ਕਿਸੈ ਕੀ ਨਾਹੀ-ਦੂਸਰੇ ਪਾਸੇ ਗੁਰੂ ਨਾਨਕ ਸਾਹਿਬ ਵੱਲੋਂ ਪੰਡਿਤਾਂ,ਮੌਲਵੀਆਂ,ਜਾਤ-ਅਭਿਮਾਨੀਆਂ,ਰਾਜਿਆਂ ਤੱਕ ਨੂੰ ਭੰਡਣ ਬਾਰੇ ਦੱਸਦੇ ਹੋ।' ਮੈਂ ਬੱਚੀ ਨੂੰ ਦੱਸਿਆ, 'ਬੇਟੇ ਨਿੰਦਾ ਹਮੇਸ਼ਾ ਪਿੱਠ ਪਿੱਛੇ ਹੁੰਦੀ ਹੈ ਅਤੇ ਕਈ ਵਾਰੀ ਵਧਾ-ਚੜ੍ਹਾ ਕੇ ਵੀ ਕੀਤੀ ਜਾਂਦੀ ਹੈ ਜਦਕਿ ਆਲੋਚਨਾ ਬਿਲਕੁਲ ਸਾਹਮਣੇ ਮੂੰਹ ਉੱਤੇ ਹੁੰਦੀ ਹੈ। ਆਲੋਚਨਾ ਦਾ ਮਕਸਦ' ਸੁਧਾਰਨਾ' ਹੁੰਦਾ ਹੈ ਜਦਕਿ ਨਿੰਦਾ ਦਾ ਮਕਸਦ ਦੂਜੇ ਦਾ ਅਕਸ ਵਿਗਾੜਨਾ,ਇਲਜਾਮ ਲਾਉਣੇ ਅਤੇ ਦੂਸਰੇ ਨੂੰ ਹੇਠਾਂ ਡੇਗਣਾ ਹੁੰਦਾ ਹੈ। ਗੁਰੂ ਨਾਨਕ ਜੀ ਨੇ ਨਿੰਦਾ ਨਹੀ ਸਗੋਂ ਆਲੋਚਨਾ ਕੀਤੀ ਹੈ ਜਿੱਥੇ ਉਹ ਬਾਬਰ ਨੂੰ ਜਾਬਰ ਵੀ ਆਖਦੇ ਹਨ। ਫ਼ਤੋਂਟ; ਸਾਨੂੰ ਆਪਣੀ ਜ਼ਇਜ਼ ਆਲੋਚਨਾ ਨੂੰ ਖਿੜੇ ਮੱਥੇ ਸਹਿਣ ਕਰਨ ਦੀ ਜਾਚ ਆਉਣੀ ਚਾਹੀਦੀ ਹੈ।

ਕਾਰਨਾਂ ਬਾਰੇ ਸੋਚੀਏ ਤਾਂ ਮਿਲਾਵਟੀ ਅਤੇ ਗਰਮ ਖੁਰਾਕਾਂ ਇਕ ਕਾਰਨ ਹੈ। ਪੌਣ,ਪਾਣੀ ,ਭੋਜਨ ਕੁਝ ਵੀ ਤਾਂ ਸ਼ੁਧ ਨਹੀ ਹੈ। ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਲੇ ਪੋਟਿਆਂ ਤੇ ਗਿਣੇ ਜਾ ਸਕਦੇ ਹਨ। ਘਰਾਂ ਵਿਚ ਸਦਾ ਤੇਜ ਚਾਲ ਨਾਲ਼ ਚਲਦਾ ਟੈਲੀਵਿਜਨ ਅਤੇ ਬਾਹਰ ਤੇਜ ਰਫ਼ਤਾਰ ਨਾਲ਼ ਦੌੜਦੀ ਦੁਨੀਆਂ ਸਾਡੇ ਮਨ ਦਾ ਚੈਨ ਬਿਲਕੁਲ ਹੀ ਨਹੀ ਰਹਿਣ ਦਿੰਦੀ। ਮਸ਼ੀਨਾਂ ਦੇ ਯੁੱਗ ਵਿਚ ਇਨਸਾਨ ਖ਼ੁਦ ਇਕ ਮਸ਼ੀਨ ਬਣ ਕੇ ਰਹਿ ਗਿਆ ਹੈ । ਉਸ ਦਾ ਆਪਾ ਉਸ ਤੋਂ ਗੁਆਚ ਗਿਆ ਹੈ। ਹਰ ਇਕ ਦੀ ਇੱਕੋ ਸਿਕਾਇਤ- ਵਕਤ ਨਹੀਂ ਮਿਲ ਰਿਹਾ-ਪਰ ਇਸ ਰੁਝੇਵੇਂ ਵਿਚ ਇਨਸਾਨ ਨੇ ਹੁਣ ਤੱਕ ਕਿਹੜਾ ਸਾਰਥਕ ਕੰਮ ਕੀਤਾ ਹੈ? ਕਿਧਰੇ ਨਜ਼ਰ ਨਹੀ ਆ ਰਿਹਾ। ਲੋੜ ਹੈ ਆਪਣੇ ਅੰਦਰ ਮੁੜ ਝਾਤੀ ਮਾਰਨ ਦੀ। ਹਿੰਸਾ, ਅੱਤਵਾਦ, ਵੱਖਵਾਦ, ਲੜਾਈਆਂ, ਸੰਸਾਰ-ਜੰਗ ਸਭ ਦਾ ਆਧਾਰ, ਸਭ ਦੀ ਜੜ੍ਹ ਸਾਡੇ ਮਨ ਦੇ ਅੰਦਰ ਹੈ। ਜਰਾ ਕੁ ਰੱਖਿਆ ਧੀਰਜ ਬਹੁਤ ਵੱਡੀ ਕਰਾਮਾਤ ਕਰ ਸਕਦਾ ਹੈ। ਆਓ ਸਹਿਣਸ਼ੀਲਤਾ ਦੇ ਇਸ ਗੁਣ ਨੂੰ ਲੱਭੀਏ ਅਤੇ ਬੱਚਿਆਂ ਵਿਚ ਲੈਕੇ ਜਾਈਏ। ਨਿਮਰਤਾ, ਬਿਬੇਕ-ਬੁੱਧੀ ਨਾਲ਼ ਕਿਹੜੀ ਮੰਜਿਲ ਹੈ ਜੋ ਹੱਲ ਨਹੀਂ ਹੋ ਸਕਦੀ?? ਯਾਦ ਰੱਖੋ ਜਿਸ ਵਿਅਕਤੀ ਵਿਚ ਸਹਿਣਸ਼ਕਤੀ ਨਹੀਂ, ਉਹ ਸੰਘਰਸ਼ਸ਼ੀਲ ਨਹੀਂ ਹੋ ਸਕਦਾ ਅਤੇ ਜੋ ਸੰਘਰਸ਼ਸ਼ੀਲ ਨਹੀਂ,ਉਹ ਕਦੇ ਜਿੰਦਗੀ ਵਿਚ ਜਿੱਤ ਨਹੀਂ ਸਕਦਾ। ਸਾਨੂੰ ਆਪਣੇ ਔਗਣਾਂ ਦਾ ਅਤੇ ਦੂਸਰੇ ਦੇ ਗੁਣਾਂ ਦਾ ਗਿਆਨ ਹੋਣਾ ਚਾਹੀਦਾ ਹੈ। ਦੂਸਰੇ ਦੇ ਗੁਣਾ ਨੂੰ ਸਲਾਹੁਣਾ ਚਾਹੀਦਾ ਹੈ ਅਤੇ ਆਪਣੇ ਔਗਣਾ ਤੇ ਕੀਤੀ ਟਿੱਪਣੀ ਸਹਿਣ ਕਰਨੀ ਆਉਣੀ ਚਾਹੀਦੀ ਹੈ।....ਪ੍ਰਮਾਤਮਾ ਸਾਨੂੰ ਸਭ ਨੂੰ ਇਹ ਦਾਤ ਬਖਸ਼ੇ।

## (ਤੇ ਝੱਲੀ ਮਰ ਗਈ)

ਹੁਣ ਝੱਲੀ ਹਰ ਸਮੇਂ ,
ਗੁੰਮ ਸੁੰਮ ਰਹਿੰਦੀ ਹੈ ।
ਨਾ ਹੱਸਦੀ ਹੈ ,ਨਾ ਰੋਂਦੀ ਹੈ ,
ਹਰ ਸਮੇਂ ਇਹੀ ਗੁਣਗੁਣਾਉਂਦੀ ਰਹਿੰਦੀ।
"ਅਸਾਂ ਹੁਣ ਤੁਰ ਜਾਣਾ
ਦਿਨ ਰਹਿ ਗਏ ਨੇ ਥੋੜੇ "
ਨਿੱਤ ਆਉਂਦੀ ਉਸੇ ਜਗਹ ,
ਆਪਣੇ ਪ੍ਰੇਮੀ ਨੂੰ ਤਲਾਸ਼ਦੀ ।
ਇੱਧਰ ਉੱਧਰ ਨਿਗਾਹ ਘੁਮਾਅ ,
ਤੱਕਦੀ ਰਹਿੰਦੀ ਤੇ ਬੁਦਬੁਦਾਉਂਦੀ ਰਹਿੰਦੀ।
"ਅਸਾਂ ਹੁਣ ਤੁਰ ਜਾਣਾ
ਦਿਨ ਰਹਿ ਗਏ ਨੇ ਥੋੜੇ "
ਅਚਨਚੇਤ ਇਕ ਦਿਨ ਉਸਦਾ
ਪਿਆਰਾ ਵੀ ,ਉਸਨੂੰ ਲੱਭਦਾ
ਲੱਭਦਾ ਆ ਗਿਆ ਉਸ ਸਾਹਵੇਂ ।
ਪਹਿਚਾਨ ਨਾ ਸਕਿਆ ਕਿ ਝੱਲੀ
ਹੀ ਉਸਦੀ ਪ੍ਰੇਮਿਕਾ ਹੈ।
ਜਨੂੰਨ ਵਿੱਚ ਆ ਕਲਾਵੇ
ਵਿੱਚ ਲੈ ਲਿਆ, ਤੇ ਕਿਹਾ
ਮੈ ਆ ਗਿਆ ਮੇਰੀ ਸੱਜਣੀ।
ਹੁਣ ਤੈਨੂੰ ਛੱਡ ਮੈਂ ਕਦੀ ਨਹੀਂ ਜਾਵਾਂਗਾ।
ਪਰ ਸੱਜਣੀ ਉਸਦੇ ਕਲਾਵੇ ਵਿੱਚ
ਮਦਹੋਸ਼ ਹੁੰਦੀ ਜਾਏ ਤੇ ਗੁਣਗੁਣਾਈ।
"ਅਸਾਂ ਹੁਣ ਤੁਰ ਜਾਣਾ
ਦਿਨ ਰਹਿ ਗਏ ਨੇ ਥੋੜੇ "
ਉਹ ਕਹੀ ਜਾਏ ਮੇਰੀ ਸੱਜਣੀ
ਅੱਖਾਂ ਖੋਲ ਤੇ ਦੇਖ ਮੈਂ
ਆ ਗਿਆ ਹਾਂ।
ਤੈਨੂੰ ਛੱਡ ਹੁਣ ਕਦੀ ਨਹੀਂ ਜਾਵਾਂਗਾ।
ਤੇਰੇ ਪਿਆਰ ਵਿੱਚ ਮੈਂ ਵੀ
ਬਹੁਤ ਭਟਕਿਆ ਹਾਂ।
ਤੈਥੋਂ ਦੂਰ ਰਹਿ ਕੇ
ਮੈਂ ਵੀ ਕਦੀ ਖ਼ੁਸ਼ ਨਹੀਂ ਰਹਿ ਸਕਿਆ।
ਉਸ ਆਪਣੀ ਸੱਜਣੀ ਦੇ ਮੱਥੇ
ਪਿਆਰ ਭਰਿਆ ਚੁੰਮਣ ਦਿੱਤਾ ਤੇ
ਘੁੱਟ ਕੇ ਆਪਣੇ ਸੀਨੇ ਨਾਲ ਲਗਾ ਲਿਆ।
ਉਹ ਵੀ ਮੇਰੀ ਸੱਜਣੀ, ਮੇਰੀ ਪਿਆਰੀ
ਸੱਜਣੀ ਕਰੀ ਜਾਏ ।
ਦੇਖ ਮੈਂ ਆ ਗਿਆ ਹਾਂ ।
ਇਹ ਕੀ ਉਹ ਬੋਲਦੀ ਕਿਉਂ ਨਹੀਂ।
ਉਸ ਜੱਦ ਉਸਦਾ ਮੁੱਖੜਾ
ਉੱਪਰ ਚੁੱਕਿਆ ਇਹ ਕੀ,
ਇਕਦਮ ਜ਼ੋਰ ਦੀ ਚੀਕਿਆ।
ਨਹੀਂ ਇਹ ਨਹੀਂ ਹੋ ਸਕਦਾ।
ਤੂੰ ਮੈਨੂੰ ਛੱਡ ਇਸ ਤਰਾਂ ਨਹੀਂ ਜਾ ਸਕਦੀ।
ਪਰ ਉਸਦੀ ਸੱਜਣੀ ਆਪਣੇ ਪਿਆਰੇ ਨੂੰ
ਉਸਦੀ ਮੁਹੱਬਤ ਨੂੰ ਮੁਕਤ ਕਰ ,
ਜਾ ਚੁੱਕੀ ਸੀ ਕਿਸੇ ਹੋਰ ਦੁਨੀਆਂ ਵਿੱਚ ।
ਜਿੱਥੇ ਉਸਦੀ ਮੁਹਬੱਤ ਨੂੰ ਕਿਸੇ ਦੀ
ਨਜ਼ਰ ਨਾ ਲੱਗੇ।
ਉਹ ਦੁਨੀਆਂ ਦੀਆਂ ਨਜ਼ਰਾਂ ਤੋਂ
ਆਪਣੀ ਮੁਹਬੱਤ ਨੂੰ ਛਿਪਾਉਣਾ ਚਾਹੁੰਦੀ ਸੀ।
ਉਸਦਾ ਸੱਜਣ ਵੀ ਆਪਣੀ ਸੱਜਣੀ ਦਾ
ਸਦਮਾ ਬਰਦਾਸ਼ਤ ਨਾ ਕਰ ਸਕਿਆ।
ਝੱਲੀ ਤੇ ਮਰ ਗਈ ਪਰ ਹੁਣ
ਉਸਦਾ ਸੱਜਣ ਇਹ ਸਦਮਾ
ਬਰਦਾਸ਼ਤ ਨਾ ਕਰ
ਝੱਲਾ ਹੋ ਗਿਆ।
ਜਿਸ ਜਗਹ ਝੱਲੀ ਉਸਨੂੰ
ਰੋਜ਼ ਆ ਆ ਕੇ ਤਲਾਸ਼ਦੀ ਰਹਿੰਦੀ ਸੀ ,
ਹੁਣ ਝੱਲਾ ਉਸਦੀ ਤਲਾਸ਼ ਕਰਦਾ ।
ਆਪਣੀ ਸੱਜਣੀ ਨੂੰ ਪੁਕਾਰਦਾ ਤੇ
ਗੀਤ ਗੁਣਗੁਣਾਉਂਦਾ ਰਹਿੰਦਾ ਹੈ ।
"ਆ ਲੌਟ ਕੇ ਆ ਜਾ ਮੇਰੇ ਮੀਤ
ਤੁਝੇ ਮੇਰੇ ਗੀਤ ਬੁਲਾਤੇ ਹੈਂ "।



(ਰਮਿੰਦਰ ਰੰਮੀ)

## (ਸਾਵਣ)

ਫਿਰ ਆ ਗਿਆ ਸਾਵਣ
ਤੂੰ ਨਾ ਆਇਉ ਚੰਦਰਿਆਂ ਉਏ
ਮੇਰੀ ਕਿਸਮਤ ਦੀ ਚਾਬੀ ਲੈ ਗਿਆ ਮਾਹੀ
ਕਿੰਝ ਖੋਲਾਂ ਤੈਨੂੰ ਜਿੰਦਰਿਆਂ ਉਏ
ਫਿਰ ਆ ਗਿਆ ਸਾਵਣ
ਤੂੰ ਨਾ ਆਇਉ ਚੰਦਰਿਆਂ ਉਏ
ਕਰ ਕੇ ਵਾਅਦਾ ਇਸ ਵਾਰ ਵੀ, ਤੂੰ ਆਇਉ ਨਾ
ਨਾ ਫੋਨ ਹੀ ਕੀਤਾ, ਚਿੱਠੀ ਵੀ ਕੋਈ ਪਾਇਓ ਨਾ
ਤੂੰ ਪੱਥਰ ਦਿਲ ਹੋ ਗਿਆ ਵੇ
ਮੇਰੇ ਹੰਝੂਆਂ ਨਾਲ ਵੀ ਦਿਲ ਤੇਰਾ ਨਾ ਪੰਘਰਿਆ ਵੇ
ਫਿਰ ਆ ਗਿਆ ਸਾਵਣ
ਤੂੰ ਨਾ ਆਇਉ ਚੰਦਰਿਆਂ ਵੇ
ਕਿੰਨੇ ਹੋ ਗਏ ਸਾਲ, ਨਾ ਸਾਰ ਮੇਰੀ ਤੂੰ ਜਾਣੀ ਵੇ
ਦਿਲ ਤਾਂ ਪੱਥਰ ਹੋਇਆ ਹੀ ਸੀ
ਤੇਰਾ ਖ਼ੂਨ ਵੀ ਹੋ ਗਿਆ ਪਾਣੀ ਵੇ
ਦਿਲ ਤੇਰਾ ਪੁਰਾਣੇ ਪੱਥਰ ਵਾਂਗੂੰ ਗਿਆ ਖੰਗਰਿਆ ਵੇ
ਫਿਰ ਆ ਗਿਆ ਸਾਵਣ



ਤੂੰ ਨਾ ਆਇਉ ਚੰਦਰਿਆਂ ਵੇ
ਪਿਆਰ ਨਹੀਂ ਤਾਂ, ਫਿਰ ਪੈਸਾ ਵੀ ਕੀ ਕਰਨਾ ਏ
ਦਿਨ ਰਾਤ ਵਿੱਚ ਵਿਦੇਸ਼ਾਂ ਕਾਨੂੰ ਮਰਨਾ ਏ
ਬੱਚੇ ਵੀ ਨਿੱਤ ਪੁੱਛਦੇ ਮੈਨੂੰ, ਇੰਝ ਨਹੀ ਹੁੱਣ ਸਰਨਾ ਏ
ਸਾਰਾ ਪਰਿਵਾਰ ਏਥੇ ਹਾਂ ਅਸੀ ,
ਦੱਸ ਤੇਰਾ ਉੱਥੇ ਕੀ ਧਰਿਆ ਏ
ਫਿਰ ਆ ਗਿਆ ਸਾਵਣ
ਤੂੰ ਨਾ ਆਇਉ ਚੰਦਰਿਆਂ ਉਏ

ਸਿਫ਼ਰ ਸਤਬੀਰ

CANADIAN TRUCK TRAINING CENTRE




ਤਸੱਲੀਬਕਸ਼ ਸੇਵਾਵਾਂ ਲਈ



ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL MORTGAGES
CALL MUNISH TEGI



Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਬੁੱਧ ਬਾਣ

# ਕਾਵਾਂ ਦੀ ਕਾਵਾਂ ਰੌਲੀ !



ਜਾਨਵਰਾਂ ਤੇ ਪੰਛੀਆਂ ਦੀ ਆਪੋ ਆਪਣੀ ਦੁਨੀਆਂ ਹੈ। ਉਹ ਆਪਣੀ ਇਸ ਦੁਨੀਆਂ ਵਿੱਚ ਦੂਜਿਆਂ ਦਾ ਦਖ਼ਲ ਬਰਦਾਸ਼ਤ ਨਹੀਂ ਕਰਦੇ। ਜਦੋਂ ਵੀ ਕੋਈ ਉਹਨਾਂ ਦੀ ਸਲਤਨਤ ਵਿੱਚ ਦਾਖ਼ਲ ਹੋਣ ਦੀ ਘੁਸਪੈਠ ਕਰਦਾ ਹੈ ਤਾਂ ਉਹ ਇਕੱਠੇ ਹੋ ਕੇ ਉਸ ਉਪਰ ਹਮਲਾ ਬੋਲਦੇ ਹਨ। ਉਹਨਾਂ ਦਾ ਇਹ ਹਮਲਾ ਬਹੁਤ ਭਿਆਨਕ ਤੇ ਨਾ ਸਮਝ ਆਉਣ ਵਾਲਾ ਹੁੰਦਾ ਹੈ। ਵਿਗਿਆਨ ਦੀ ਖੋਜ ਦੱਸਦੀ ਹੈ ਕਿ ਹਰ ਮਨੁੱਖ ਵਿੱਚ ਜਾਨਵਰ ਤੇ ਪੰਛੀਆਂ ਵਾਲੇ ਅੰਸ਼ ਹੁੰਦੇ ਹਨ। ਜਿਹੜੇ ਸਮੇਂ ਸਮੇਂ ਪ੍ਰਗਟ ਹੁੰਦੇ ਰਹਿੰਦੇ ਹਨ। ਇਸ ਦਾ ਉਹਨਾਂ ਨੂੰ ਖੁਦ ਪਤਾ ਨਹੀਂ ਲੱਗਦਾ ਪਰ ਦੂਜਿਆਂ ਨੂੰ ਝੱਟ ਪਤਾ ਲੱਗ ਜਾਂਦਾ ਹੈ ਕਿ ਇਸ ਦੇ ਵਿੱਚ ਹੁਣ ਕਿਸ ਪੰਛੀ ਜਾਂ ਜਾਨਵਰ ਦੀ ਰੂਹ ਬੋਲਦੀ ਹੈ।

ਇਸੇ ਕਰਕੇ ਕਿਹਾ ਕਿਹਾ ਜਾਂਦਾ ਹੈ ਕਿ ਇਸ ਦੀ ਆਵਾਜ਼ ਕੋਇਲ ਵਰਗੀ ਹੈ। ਕੁੱਝ ਕਲਾਕਾਰਾਂ ਨੂੰ ਪੰਜਾਬ ਦੀ ਕੋਇਲ ਦੇ ਖਿਤਾਬ ਨਾਲ ਨਿਵਾਜਿਆ ਗਿਆ ਹੈ। ਇਸੇ ਤਰ੍ਹਾਂ ਜਦੋਂ ਕੋਈ ਲਲਕਾਰੇ ਮਾਰਦੇ ਹੈ, ਤਾਂ ਆਖਦੇ ਹਾਂ ਕਿ ਇਸ ਦੀ ਦਹਾੜ ਸ਼ੇਰ ਵਰਗੀ ਹੈ। ਇਹ ਸਿਰਫ਼ ਦੋ ਉਦਾਹਰਣਾਂ ਦੇ ਕੇ ਇਸ ਕਥਾ ਨੂੰ ਸਮਝਣ ਤੇ ਸਮਝਾਉਣ ਦਾ ਯਤਨ ਕੀਤਾ ਹੈ।

ਜਦੋਂ ਕੋਈ ਬਿਨਾਂ ਗੱਲੋਂ ਬੋਲੀ ਜਾਂਦਾ ਹੈ ਤਾਂ ਇਹ ਅਕਸਰ ਕਿਹਾ ਜਾਂਦਾ ਹੈ ਕੀ ਹੋਇਆ ਤੈਂ ਟੈਂ ਟੈਂ ਲਾਈ ਹੈ। ਜਾਂ ਇਹ ਕਿਹਾ ਜਾਂਦਾ ਹੈ, ਤੈਨੂੰ ਕੁੱਤੇ ਵਾਂਗੂੰ ਭੌਂਕਦਿਆਂ ਮੈਂ ਕਦੋਂ ਦਾ ਸੁਣ ਰਿਹਾ ਹਾਂ? ਹੁਣ ਭੌਂਕ ਕੇ ਦਿਖਾ।

ਗੱਲ ਤਾਂ ਆਪਾਂ ਉਹਨਾਂ ਕਾਵਾਂ ਦੀ ਕਰਨੀ ਸੀ, ਵਿੱਚ ਕੁੱਤਾ, ਸ਼ੇਰ ਤੇ ਤੋਤੇ ਆ ਗਏ। ਕਾਵਾਂ ਰੌਲੀ ਦੀ ਗੱਲ ਵਿਚੇ ਰਹਿ ਗਈ ਸੀ। ਕਿਸਾਨ ਜਦੋਂ ਚੂਹਿਆਂ ਦੀ ਖੁੱਡ ਵਿੱਚ ਪਾਣੀ ਪਾਉਂਦਾ ਹੈ ਤਾਂ ਸਾਰੇ ਖੇਤ ਦੇ ਚੂਹੇ ਖੁੱਡਾਂ ਵਿਚੋਂ ਨਿਕਲ ਕੇ ਆਪੋ ਆਪਣੀ ਜਾਨ ਬਚਾਉਣ ਲਈ ਦੌੜਦੇ ਹਨ। ਜਿਹੜੇ ਚੂਹੇ ਕੰਮਜ਼ੋਰ ਤੇ ਬੁੱਢੇ ਹੁੰਦੇ ਹਨ, ਉਹ ਮਾਰੇ ਜਾਂਦੇ ਹਨ। ਕਿਉਂਕਿ ਖੁੱਡਾਂ ਵਿੱਚ ਵੜਿਆ ਹੋਇਆ ਪਾਣੀ ਉਹਨਾਂ ਦਾ ਦਮ ਘੁੱਟ ਦੇਂਦਾ ਹੈ। ਦਮ ਦੀ ਹੀ ਕਰਾਮਾਤ ਹੈ। ਇਹ ਜੀਵਨ ਦਮਾਂ ਦੇ ਸਹਾਰੇ ਚੱਲਦਾ ਹੈ। ਜਦੋਂ ਦਮ ਲੈਂਦਾ ਬੰਦਾ ਦਮੜੇ ਇਕੱਠੇ ਕਰਨ ਲੱਗ ਜਾਵੇ, ਫੇਰ ਉਹਦੇ ਲਈ ਕੋਈ ਦੀਨ ਈਮਾਨ, ਧਰਮ, ਸ਼ਰਮ, ਕਰਮ, ਕੋਈ ਰਿਸ਼ਤਾ ਨਾਤਾ ਨਹੀਂ ਰਹਿੰਦਾ। ਉਸਨੂੰ ਸਿਰਫ਼ ਮਾਇਆ ਹੀ ਨਜ਼ਰ ਆਉਂਦੀ ਹੈ। ਉਹ ਇਸ ਮਾਇਆ ਪਿੱਛੇ ਕੁੱਝ ਵੀ ਕਰ ਤੇ ਕਰਵਾ ਸਕਦਾ ਹੈ। ਇਸ ਮਾਇਆ ਦੇ ਅਨੇਕ ਰੂਪ ਹਨ। ਇਹ ਮਾਇਆ ਕੇਵਲ ਕਰੰਸੀ ਨਹੀਂ ਹੁੰਦੀ। ਸ਼ਕਤੀ, ਸੱਤਾ ਤੇ ਹੰਕਾਰ ਦੀ ਉਹ ਸਲਤਨਤ ਹੁੰਦੀ ਹੈ। ਜਿਸ ਦੀ ਜ਼ਦ ਵਿੱਚ ਆਇਆ ਬੰਦਾ ਉਸ ਦੇ ਜੋਗਾ ਹੀ ਰਹਿ ਜਾਂਦਾ ਹੈ। ਪਰ ਜਦੋਂ ਕੋਈ ਬੰਦਾ ਗੁਰੂ ਗੋਬਿੰਦ ਸਿੰਘ ਜੀ ਵਰਗੇ ਮਹਾਨ ਦਾਨਿਸ਼ਵਰ ਦੀ ਸੰਗਤ ਵਿੱਚ ਪੁੱਜ ਜਾਂਦਾ ਹੈ ਤਾਂ ਉਹ ਬੰਦਾ ਸਿੰਘ ਬਹਾਦਰ ਬਣ ਜਾਂਦਾ ਹੈ। ਉਹ ਫੇਰ ਜ਼ਬਰ ਜ਼ੁਲਮ ਕਰਨ ਤੇ ਕਰਵਾਉਣ ਵਾਲਿਆਂ ਦੀ ਇੱਟ ਨਾਲ ਇੱਟ ਖੜਕਾ ਕੇ ਚੂਰਾ ਚੂਰਾ ਕਰ ਕਰ ਦੇਂਦਾ ਹੈ। ਗੱਲ ਤੇ ਸੰਗਤ ਦੀ ਹੈ, ਇਸੇ ਕਰਕੇ ਕਿਹਾ ਜਾਂਦਾ ਹੈ, ਜੈਸੀ ਸੰਗਤ, ਵੈਸੀ ਰੰਗਤ।

ਸਮਾਜ ਵਿੱਚ ਹਰ ਤਰ੍ਹਾਂ ਦੇ ਧੰਦਾ ਕਰਨ ਤੇ ਕਰਵਾਉਣ ਵਾਲਿਆਂ ਦੀ ਆਪੋ ਆਪਣੀ ਸੰਗਤ ਹੁੰਦੀ ਹੈ। ਉਹਨਾਂ ਦੀ ਭਾਸ਼ਾ ਤੇ ਬੋਲੀ ਵੀ ਆਪੋ ਆਪਣੀ ਹੁੰਦੀ ਹੈ। ਕੋਈ ਦੂਜਾ ਉਹਨਾਂ ਦੀ ਭਾਸ਼ਾ ਤੇ ਬੋਲੀ ਨਹੀਂ ਸਮਝ ਸਕਦਾ। ਭਾਵੇਂ ਗੂੰਗੇ ਦੀਆਂ ਰਮਜ਼ਾਂ ਨੂੰ ਗੂੰਗੇ ਦੀ ਮਾਂ ਹੀ ਸਮਝ ਸਕਦੀ ਹੈ। ਚਿੰਨ੍ਹ, ਸੰਕੇਤ ਤੇ ਇਸ਼ਾਰੇ ਵੀ ਬੜਾ ਕੁੱਝ ਸਮਝਾਉਣ ਲਈ ਸਹਾਈ ਹੁੰਦੇ ਹਨ। ਇਸੇ ਕਰਕੇ ਇਹ ਬੋਲੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ।

ਪੱਲਾ ਮਾਰ ਕੇ ਬੁਝਾ ਗਈ ਦੀਵਾ ਤੇ ਅੱਖ ਨਾਲ ਗੱਲ ਕਰ ਗਈ।

ਜੀਹਨੇ ਅੱਖ ਦੀ ਰਮਜ਼ ਨਾ ਜਾਣੀ, ਗੋਲੀ ਮਾਰ ਆਸ਼ਿਕ ਦੇ।

ਗੱਲ ਜਦੋਂ ਇਸ਼ਕ ਤੇ ਆਸ਼ਿਕੀ ਦੀ ਹੋਵੇ ਤਾਂ ਵਾਰਿਸ ਸ਼ਾਹ ਮੀਆਂ ਨਾ ਆਵੇ ਤਾਂ ਗੱਲ ਸਿਰੇ ਨਹੀਂ ਚੜ੍ਹ ਸਕਦੀ।

ਰਾਂਝਾ ਰਾਂਝਾ ਕਰਦੀ ਨੀ ਮੈਂ ਰਾਂਝਾ ਹੋਈ।
ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।

ਕਿਸਾਨ ਪੱਕੀ ਹੋਈ ਫ਼ਸਲ ਵਿੱਚ ਡਰਨਾ ਬਣਾ ਕੇ ਜਾਂ ਫ਼ਿਰ ਕਾਂ ਮਾਰ ਕੇ ਵੰਝ ਉਤੇ ਟੰਗ ਦੇਂਦਾ ਹੈ। ਮਰੇ ਹੋਏ ਕਾਂ ਨੂੰ ਦੇਖ਼ ਕੇ ਸਾਰੇ ਪਿੰਡ ਦੇ ਕਾਂ ਇਕੱਠੇ ਹੋ ਕੇ ਕਾਵਾਂ ਰੌਲੀ ਪਾਉਣ ਲੱਗਦੇ ਹਨ। ਤੁਸੀਂ ਨੈਸ਼ਨਲ ਜਿਉਗਰਾਫੀ ਦੇਖਿਆ ਕਰੋ ਤੁਹਾਨੂੰ ਇਹ ਵਰਤਾਰਾ ਸਮਝ ਆਵੇਗਾ। ਸਮਝਣ ਵਾਲੇ ਤਾਂ ਦੋ ਕੋਹ ਤੋਂ ਪਛਾਣ ਲੈਂਦੇ ਹਨ।

ਇਸ ਗੱਲ ਨੂੰ ਅਮਰ ਸਿੰਘ ਚਮਕੀਲਾ ਇਉਂ ਆਖਦਾ ਹੈ, ਦੋ ਕੋਹ ਤੋਂ ਪੁਰਜਾ ਪਛਾਣ ਲਈ ਦਾ।

ਜਿਹਨਾਂ ਦੀ ਨੇੜੇ ਦੀ ਨਿਗਾਹ ਘੱਟ ਹੋਵੇ, ਉਸ ਦੇ ਬਾਰੇ ਵਿਆਹ ਮੌਕੇ ਅਕਸਰ ਦੇਖਿਆ ਜਾਂਦਾ ਹੈ, ਜੇਕਰ ਖੱਟ ਵੇਲੇ ਜੇ ਕਿਸੇ ਮਿਲਣੀ ਨਾ ਕੀਤੀ ਜਾਵੇ ਤਾਂ ਆਖਿਆ ਜਾਂਦਾ ਹੈ, ਜੀਹਨੇ ਖੜਾ ਨਹੀਂ ਦੇਖਿਆ, ਉਹਨੇ ਬੈਠਾ ਕੀ ਦੇਖਣਾ ਹੈ।

ਹੁਣ ਤੁਹਾਨੂੰ ਇਹ ਗੱਲ ਤਾਂ ਸਮਝ ਆ ਗਈ ਹੋਵੇਗੀ ਕਿ ਕਾਵਾਂ ਨੇ ਕਾਵਾਂ ਰੌਲੀ ਕਿਉਂ ਪਾਈ ਹੈ। ਉਹਨਾਂ ਨੇ ਉਦੋਂ ਕਿਉਂ ਨਹੀਂ ਕਾਵਾਂ ਰੌਲੀ ਪਾਈ ਜਦੋਂ ਇਹਨਾਂ ਬਿੱਲਿਆਂ ਤੇ ਕੁੱਤਿਆਂ ਤੋਂ ਡਰਦਿਆਂ ਕਬੂਤਰ ਤੇ ਚਿੜੀਆਂ ਹੋਰਨਾਂ ਥਾਵਾਂ ਦੀ ਭਾਲ ਵਿੱਚ ਉਡ ਗਏ ਸਨ। ਉਦੋਂ ਇਹਨਾਂ ਬਾਗੜ ਬਿੱਲਿਆਂ ਨੇ ਅੱਖਾਂ ਉਤੇ ਕਾਲੀ ਐਨਕ ਲਾ ਕੇ ਰੱਖੀ। ਹੁਣ ਜਦੋਂ ਪਹਾੜੀ ਕਾਂ ਬਾਜਾਂ ਦੇ ਅੜਿੱਕੇ ਚੜ੍ਹਿਆ ਤਾਂ ਕਾਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ। ਕਾਂ ਕਾਲੇ, ਪੀਲੇ, ਨੀਲੇ, ਚਿੱਟੇ ਤੇ ਡੱਬ ਖੜੱਬੇ ਸਾਰੇ ਹੀ ਕਾਂ ਕਾਂ ਕਰਨ ਲੱਗੇ ਹੋਏ ਹਨ। ਕੁੱਝ ਕਾਂ ਤਾਂ ਆਪਣੀਆਂ ਨਸਲਾਂ ਹੀ ਭੁੱਲ ਗਏ। ਉਹਨਾਂ ਨੂੰ ਇਹ ਵੀ ਚੇਤੇ ਨਹੀਂ ਆਇਆ ਕਿ ਉਹਨਾਂ ਨੇ ਪਹਿਲਾਂ ਕੀ ਕੀ ਤੇ ਕਿਥੇ ਕਿਥੇ ਕਾਵਾਂ ਰੌਲੀ ਪਾਈ ਸੀ। ਪਰ ਜਦੋਂ ਉਹਨਾਂ ਦੀਆਂ ਮੀਡੀਆ ਨੇ ਪੁਰਾਣੀਆਂ ਯਾਦਾਂ ਤਾਜ਼ਾ ਕਰਵਾਈਆਂ ਤਾਂ ਉਹਨਾਂ ਨੂੰ ਡੁੱਬ ਕੇ ਮਰਨ ਲਈ ਚੱਪਣੀਆਂ ਨਾ ਲੱਭਣ। ਕੁੱਝ ਕਾਵਾਂ ਦੇ ਆਗੂਆਂ ਨੇ ਇਹ ਵੀ ਆਖਿਆ ਕਿ ਇਹ ਹਮਲਾ ਸਾਡੇ ਸਾਰਿਆਂ ਉਪਰ ਹੋਇਆ ਹੈ। ਜੇਕਰ ਆਪਾਂ ਹੁਣ ਨਾ ਇਕੱਠੇ ਹੋਏ ਤਾਂ ਕੱਲ੍ਹ ਨੂੰ ਸਭ ਪਿੰਜਰੇ ਵਿੱਚ ਬੰਦ ਹੋਵਾਂਗੇ। ਸੋ ਤੁਸੀਂ ਆਪਣੀ ਜੂਠ ਖਾਣ ਪੀਣ ਦੀਆਂ ਆਦਤਾਂ ਨੂੰ ਭੁੱਲ ਕੇ ਹੱਡਾ ਰੋੜੀ ਵਿੱਚ ਇਕੱਠੇ ਹੋਵੋ ਰਲ਼ ਕੇ ਸੰਘਰਸ਼ ਕਰੀਏ ਤਾਂ ਹੀ ਬਚਾ ਹੋ ਸਕਦਾ ਹੈ। ਨਹੀਂ ਤਾਂ ਕਦੇ ਵੀ ਕਿਸੇ ਵੇਲੇ ਵਾਰੀ ਆ ਸਕਦੀ ਹੈ।



ਬੁੱਧ ਸਿੰਘ ਨੀਲੋਂ
94643 70823

ਉਧਰ ਪਿੰਡ ਦੇ ਗੁਰਦੁਆਰੇ ਵਿੱਚ ਸਪੀਕਰ ਤੋਂ ਆਵਾਜ਼ ਆਉਂਦੀ ਹੈ।

ਆਪੇ ਬੀਜਿ ਆਪੇ ਖਾ!!

ਲੋਕ ਗੱਲ ਸੁਣ ਕੇ ਇੱਕ ਦੂਜੇ ਨੂੰ ਆਖਦੇ ਹਨ, ਹੁਣ ਕਿਹੜੇ ਕਾਂ ਦੀ ਵਾਰੀ ਆ ਰਹੀ ਹੈ। ਕੁੱਝ ਕਾਂ ਤਾਂ ਡਰਦੇ ਠੰਢੇ ਪਾਣੀ ਵਾਲੀਆਂ ਟੈਂਕੀਆਂ ਵੱਲ ਉਡਾਰੀ ਮਾਰਨ ਲੱਗੇ ਹਨ। ਉਹਨਾਂ ਨੂੰ ਡਰ ਸਤਾਉਂਦਾ ਹੈ ਕਿ ਪਹਾੜੀ ਕਾਂ ਉਹਨਾਂ ਦਾ ਨਾਮ ਨਾਂ ਬੋਲ ਦੇਵੇ। ਇਸੇ ਕਰਕੇ ਉਹਨਾਂ ਨੇ ਆਪਣੇ ਚੂਚਿਆਂ ਨੂੰ ਕਾਵਾਂ ਰੌਲੀ ਪਾਉਣ ਲਈ ਲਾਇਆ ਹੋਇਆ ਹੈ।

ਸ਼ੇਰ ਦੇਖੋ ਹੁਣ ਜੰਗਲ ਰਾਜ ਵਿੱਚ ਕਿਹੜਾ ਕਿਹੜਾ ਕਾਂ ਸ਼ਿਕੰਜੇ ਵਿੱਚ ਫਸਦਾ ਹੈ।

ਤੁਸੀਂ ਵੀ ਹੁਣ ਆਪ ਹੀ ਦੱਸੋ ਕਿ ਕਾਵਾਂ ਰੌਲੀ ਪਾਉਣ ਵਾਲਿਆਂ ਦੇ ਨਾਲ ਓ ਜਾਂ ਫਿਰ।

## "ਸ਼ਿਵ, ਤੇਰੇ ਗੀਤਾਂ ਦੀ ਲੋਅ"

ਬਟਾਲੇ ਦੀਆਂ ਗਲੀਆਂ 'ਚੋਂ ਉਗਿਆ ਇੱਕ ਸੂਰਜ,
ਜਿਸਨੇ ਪੀੜਾਂ ਨੂੰ ਸ਼ਬਦਾਂ ਵਿੱਚ ਪਰੋ 'ਤਾ।
ਤੂੰ 'ਬਿਰਹਾ ਦਾ ਸੁਲਤਾਨ' ਕਹਾਇਆ,
ਹਰ ਦਿਲ ਦੇ ਦਰਦ ਨੂੰ ਆਪਣਾ ਬਣਾਇਆ।

ਤੇਰੇ ਗੀਤਾਂ ਵਿੱਚ ਵਗੇ ਹੰਝੂਆਂ ਦੀ ਧਾਰ,
ਜਿਵੇਂ ਸੱਸੀ ਦੀ ਤੜਪ, ਸੋਹਣੀ ਦਾ ਇੰਤਜ਼ਾਰ।
'ਪੀੜਾਂ ਦਾ ਪਰਾਗਾ' ਲੈ ਕੇ ਜਦ ਤੂੰ ਆਇਆ,
ਹਰ ਆਸ਼ਕਾਂ ਨੇ ਤੇਰੇ 'ਚ ਆਪਣਾ ਅਕਸ ਪਾਇਆ।

'ਆਟੇ ਦੀਆਂ ਚਿੜੀਆਂ' ਵਾਂਗ ਉੱਡ ਗਏ ਖ਼ਵਾਬ,
ਤੇਰੀ ਕਵਿਤਾ ਬਣੀ ਦਰਦਾਂ ਦੀ ਕਿਤਾਬ।
'ਲੂਣਾ' ਦੇ ਦੁੱਖ ਨੂੰ ਦਿੱਤੀ ਐਸੀ ਜ਼ੁਬਾਨ,
ਕਿ ਪੂਰਨ ਦਾ ਕਿੱਸਾ ਹੋ ਗਿਆ ਗੁਮਨਾਮ।

ਤੇਰੀ ਆਵਾਜ਼ ਵਿੱਚ ਇੱਕ ਅਨੋਖਾ ਜਾਦੂ,
ਸੁਰ ਤੇ ਸ਼ਬਦ ਦਾ ਸੀ ਸੰਗਮ ਬੇਕਾਬੂ।
ਜਦ ਤੂੰ ਗਾਉਂਦਾ, "ਕੀ ਪੁੱਛਦਿਓ ਹਾਲ ਫ਼ਕੀਰਾਂ ਦਾ",
ਲੱਗਦਾ ਜਿਵੇਂ ਬੋਲ ਰਿਹਾ ਹੋਵੇ ਦਰਦ ਲਕੀਰਾਂ ਦਾ।

"ਅਸਾਂ ਤਾਂ ਜੋਬਨ ਰੁੱਤੇ ਮਰਨਾ," ਤੇਰਾ ਇਹ ਕਹਿਣਾ,
ਛੋਟੀ ਉਮਰੇ ਦੁਨੀਆ ਤੋਂ ਤੁਰ ਜਾਣਾ।
ਸ਼ਿਵਾ, ਤੂੰ ਅੱਜ ਵੀ ਜਿਉਂਦਾ ਹੈਂ ਸਾਡੇ ਸਾਹਾਂ 'ਚ,
ਤੇਰੀ ਕਵਿਤਾ ਗੂੰਜਦੀ ਹੈ ਪੰਜਾਬ ਦੀਆਂ ਫ਼ਿਜ਼ਾਵਾਂ 'ਚ।

ਤੇਰੇ ਰੁੱਖ, ਤੇਰੀਆਂ ਨਦੀਆਂ, ਤੇਰੀ ਕੰਡਿਆਲੀ ਥੋਹਰ,
ਹਰ ਚੀਜ਼ 'ਚੋਂ ਆਉਂਦੀ ਹੈ ਤੇਰੀ ਆਵਾਜ਼ ਦੀ ਲੋਰ।
ਤੂੰ ਪੰਜਾਬੀ ਸ਼ਾਇਰੀ ਦਾ ਉਹ ਚੰਨ ਹੈਂ,
ਜਿਸਦੀ ਚਾਨਣੀ ਕਦੇ ਮੱਧਮ ਨਹੀਂ ਪੈਣੀ।

ਪ੍ਰੋ. ਪਵਨ ਕੁਮਾਰ ਖਿੱਚੀ, ਮਾਨਸਾ
ਮੋਬਾ. 9478160786

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੇ ਰਚਾਇਆ ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆਂ ਨਾਲ ਭਾਵਪੂਰਤ ਰੂ-ਬ-ਰੂ...



ਬਰੈਂਪਟਨ,(ਡਾ.ਝੰਡ): ਲੰਘੇ ਵੀਰਵਾਰ 10 ਜੁਲਾਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਉੱਘੇ ਗ਼ਜ਼ਲਗੋ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸੁਰਿੰਦਰਪ੍ਰੀਤ ਘਣੀਆਂ ਨਾਲ ਦਿਲਚਸਪ ਰੂ-ਬ-ਰੂ ਦਾ ਆਯੋਜਨ ਕੀਤਾ ਗਿਆ। ਸਭਾ ਵੱਲੋਂ ਇਹ ਰੂ-ਬਰੂ ਇਸ ਦੇ 20 ਜੁਲਾਈ ਨੂੰ ਹੋ ਰਹੇ ਮਹੀਨਾਵਾਰ ਸਮਾਗ਼ਮ ਵਿੱਚ ਕਰਨ ਦਾ ਵਿਚਾਰ ਸੀ ਪਰ ਸੁਰਿੰਦਰਪ੍ਰੀਤ ਦੇ 14 ਜੁਲਾਈ ਨੂੰ ਸਰੀ ਜਾਣ ਦੇ ਤੈਅ-ਸ਼ੁਦਾ ਪ੍ਰੋਗਰਾਮ ਦੇ ਕਾਰਨ ਇਹ ਰੂ-ਬਰੂ ਇਸ ਹਫ਼ਤੇ ਦੇ ਵਿਚਾਲ਼ੇ ਹੀ ਸਭਾ ਦੀ ਸਰਗ਼ਰਮ ਮੈਂਬਰ ਸੁਰਿੰਦਰਜੀਤ ਗਿੱਲ ਦੇ ਗ੍ਰਹਿ ਵਿਖੇ ਆਯੋਜਿਤ ਕਰਨਾ ਪਿਆ ਜਿੱਥੇ 22-24 ਦੀ ਸੀਮਤ ਗਿਣਤੀ ਵਿੱਚ ਸਾਹਿਤਕ ਸ਼ਖ਼ਸੀਅਤਾਂ ਵੱਲੋਂ ਇਸ ਵਿੱਚ ਸ਼ਮੂਲੀਅਤ ਕੀਤੀ ਗਈ।

ਚਾਹ-ਪਾਣੀ ਤੋਂ ਬਾਅਦ ਪ੍ਰੋਗਰਾਮ ਦੇ ਆਰੰਭ ਵਿੱਚ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਨੂੰ ਓਨਟਾਰੀਓ ਸੂਬਾ ਸਰਕਾਰ ਵੱਲੋਂ 'ਓਨਟਾਰੀਓ ਲਾਈਫ਼-ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕਰਨ 'ਤੇ ਸਮੂਹ-ਹਾਜ਼ਰੀਨ ਵੱਲੋਂ ਵਧਾਈ ਦਿੱਤੀ ਗਈ। ਮੇਜ਼ਬਾਨ ਸੁਰਿੰਦਰਜੀਤ ਨੇ ਮੁੱਖ-ਮਹਿਮਾਨ ਸੁਰਿੰਦਰਪ੍ਰੀਤ ਘਣੀਆਂ ਤੇ ਆਏ ਸਮੂਹ ਮਹਿਮਾਨਾਂ ਤੇ ਮੈਂਬਰਾਂ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ ਜੀ- ਆਇਆਂ ਕਿਹਾ।

ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਮੰਚ-ਸੰਚਾਲਕ ਵੱਲੋਂ ਸ਼ਾਇਰ ਸੁਰਿੰਦਰਪ੍ਰੀਤ ਨੂੰ ਆਪਣੇ ਬਾਰੇ ਤੇ ਆਪਣੇ ਸਾਹਿਤਕ ਸਫ਼ਰ ਬਾਰੇ ਵਿਸਥਾਰ ਪੂਰਵਕ ਗੱਲ ਕਰਨ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਇੱਕ ਗ਼ਜ਼ਲ "ਵਫ਼ਾ ਹੋਵੇ, ਦਇਆ ਹੋਵੇ, ਪਿਆਰ ਵੀ ਹੋਵੇ ..." ਦੇ ਹਵਾਲੇ ਨਾਲ ਆਪਣੀ ਗੱਲ ਸ਼ੁਰੂ ਕਰਦਿਆਂ ਆਪਣੇ ਬਚਪਨ, ਪਰਿਵਾਰ, ਸਕੂਲੀ ਸਿੱਖਿਆ, ਕਾਲਜ ਦੀ ਉਚੇਰੀ ਸਿੱਖਿਆ ਤੇ ਬੀ.ਐੱਡ. ਅਤੇ ਪ੍ਰਾਈਵੇਟ ਤੌਰ 'ਤੇ ਚਾਰ ਵਿਸ਼ਿਆਂ ਵਿੱਚ ਐੱਮ.ਏ. ਕਰਨ ਬਾਰੇ ਦੱਸਿਆ। ਅਧਿਆਪਨ ਦੇ ਆਪਣੇ ਦਿਲਚਸਪ ਕੌੜੇ-ਮਿੱਠੇ ਤਜਰਬੇ ਸਾਂਝੇ ਕਰਦਿਆਂ ਉਨ੍ਹਾਂ ਆਪਣੇ ਸਾਹਿਤਕ ਸਫ਼ਰ, ਪੱਤਰਕਾਰੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਵਿੱਚ ਕੰਮ ਕਰਦਿਆਂ ਵੱਖ-ਵੱਖ ਅਹੁਦਿਆਂ ਉੱਪਰ ਸੰਭਾਲੀ ਗਈ ਆਪਣੀ ਜ਼ਿੰਮੇਂਵਾਰੀ ਨੂੰ ਬਾਖ਼ੂਬੀ ਬਿਆਨ ਕੀਤਾ।

ਉਨ੍ਹਾਂ ਦੱਸਿਆ ਕਿ ਸਕੂਲੀ ਪੜ੍ਹਾਈ ਦੌਰਾਨ ਸਕੂਲ ਤੋਂ ਵਾਪਸ ਆ ਕੇ ਕਿਵੇਂ ਉਨ੍ਹਾਂ ਨੂੰ ਘਰ 'ਚ ਰੱਖੀ ਹੋਈ ਮੱਝ ਦੇ ਲਈ ਘਾਹ-ਪੱਠੇ ਦਾ ਪ੍ਰਬੰਧ ਕਰਨ ਲਈ ਬੇਗਾਨੇ ਖੇਤਾਂ ਦੀਆਂ ਵੱਟਾਂ 'ਤੇ ਜਾਣਾ ਪੈਂਦਾ ਸੀ, ਕਿਉਂਕਿ ਉਨ੍ਹਾਂ ਦੇ ਆਪਣੇ ਕੋਈ ਖੇਤ ਨਹੀਂ ਸਨ। ਇੱਥੇ ਹੀ ਘਾਹ ਤੇ ਇਟਸਿਟ ਖੋਤਦਿਆਂ ਆਪਣੇ ਚਾਚਾ ਜੀ ਪ੍ਰੀਤਮ ਸਿੰਘ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੌਵੀਂ ਜਮਾਤ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਆਪਣਾ ਪਹਿਲਾ ਗੀਤ ਅੰਮ੍ਰਿਤਸਰ ਤੋਂ ਛਪਦੇ ਪਰਚੇ 'ਲੋਅ' ਨੂੰ ਭੇਜਿਆ ਜੋ ਇਸ ਦੇ ਸੰਪਾਦਕ ਪ੍ਰਮਿੰਦਰਜੀਤ ਵੱਲੋਂ ਇਹ ਬੜੇ ਪਿਆਰ ਨਾਲ ਛਾਪਿਆ ਗਿਆ ਅਤੇ ਨਾਲ ਹੀ ਉਨ੍ਹਾਂ ਦੇ ਵੱਲੋਂ ਉਨ੍ਹਾਂ ਨੂੰ 'ਜ਼ਹਿਰੀਲਾ ਕਵੀ' ਹੋਣ ਦੀ ਉਪਾਧੀ ਦਿੱਤੀ ਗਈ, ਕਿਉਂਕਿ ਉਹ ਗੀਤ ਸਥਾਪਤੀ ਦੇ ਵਿਰੋਧ ਵਿੱਚ ਸੀ। ਸਕੂਲ ਵਿੱਚ ਉਹ 'ਖੋ-ਖੋ' ਗੇਮ ਦੇ ਨੈਸ਼ਨਲ ਪੱਧਰ ਦੇ ਖਿਡਾਰੀ ਸਨ। ਉਨ੍ਹਾਂ ਕਿਹਾ ਕਿ ਬਾਬਾ ਨਾਨਕ, ਭਗਤ ਕਬੀਰ ਜੀ ਤੇ ਬਾਬਾ ਬੁਲ੍ਹੇ ਸ਼ਾਹ ਉਨ੍ਹਾਂ ਦੇ ਆਦਰਸ਼ ਹਨ। ਸੱਚ ਦੇ ਮੁਦੱਈ ਉੱਘੇ ਗ਼ਜ਼ਲਗੋ ਦੀਪਕ ਜੈਤੋਈ ਤੇ ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ ਹੁਰਾਂ ਕੋਲੋਂ ਉਨ੍ਹਾਂ ਨੂੰ ਪੰਜਾਬੀ ਸਾਹਿਤ ਵੱਲ ਆਉਣ ਦੀ ਪ੍ਰੇਰਨਾ ਮਿਲੀ।

ਸੁਰਿੰਦਰਪ੍ਰੀਤ ਦੀ ਗ਼ਜ਼ਲਾਂ ਦੀ ਪਹਿਲੀ ਪੁਸਤਕ 'ਟੂੰਮਾਂ' 2006 ਵਿੱਚ ਛਪੀ। ਉਨ੍ਹਾਂ ਇਸ ਵਿੱਚੋਂ ਤੇ ਗ਼ਜ਼ਲਾਂ ਦੀ ਆਪਣੀ ਦੂਸਰੀ ਪੁਸਤਕ 'ਹਰਫ਼ਾਂ ਦੇ ਪੁਲ਼' ਵਿੱਚੋਂ ਕੁਝ ਗ਼ਜ਼ਲਾਂ ਸੁਣਾਈਆਂ। ਇਸ ਦੇ ਨਾਲ ਹੀ ਇੱਕ ਨਵੀਂ ਗ਼ਜ਼ਲ ਵੀ ਪੇਸ਼ ਕੀਤੀ ਗਈ। ਉਹ 2021 ਵਿੱਚ ਅਧਿਆਪਨ ਦੀ ਆਪਣੀ ਨੌਕਰੀ ਤੋਂ ਸੇਵਾ-ਮੁਕਤ ਹੋਏ। ਇਸ ਦੌਰਾਨ ਉਹ ਸਕੂਲ ਅਧਿਆਪਕਾਂ ਦੀ ਯੂਨੀਅਨ 'ਡੈਮੋਕਰੈਟਿਕ ਟੀਚਰਜ਼ ਫ਼ਰੰਟ' ਅਤੇ ਪੰਜਾਬੀ ਸਾਹਿਤਕ ਸੰਸਥਾ 'ਕੇਂਦਰੀ ਪੰਜਾਬੀ ਲੇਖਕ ਸਭਾ ਲੁਧਿਆਣਾ ਵਿੱਚ ਵੀ ਕਾਫ਼ੀ ਸਰਗ਼ਰਮ ਰਹੇ। ਉਨ੍ਹਾਂ ਦੱਸਿਆ ਉਹ ਇਨ੍ਹਾਂ ਦੀਆਂ ਮੀਟਿੰਗਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਉਨ੍ਹਾਂ ਦੀਆਂ ਕੈਯੂਅਲ ਤੇ ਮੈਡੀਕਲ ਛੁੱਟੀਆਂ ਇਨ੍ਹਾਂ ਮੀਟਿੰਗਾਂ ਦੇ ਲੇਖੇ ਹੀ ਲੱਗਦੀਆਂ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 'ਕੇਂਦਰੀ ਪੰਜਾਬੀ ਲੇਖਕ ਸਭਾ ਲੁਧਿਆਣਾ' ਵਿੱਚ ਪ੍ਰਧਾਨਗੀ ਤੋਂ ਬਿਨਾਂ ਬਾਕੀ ਸਾਰੇ ਹੀ ਅਹੁਦਿਆਂ 'ਤੇ ਸੁਹਿਰਦਤਾ ਨਾਲ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਧਿਆਪਨ ਤੇ ਸਾਹਿਤ ਰਚਨਾ ਬੇਸ਼ਕ ਦੋਵੇਂ ਵੱਖ-ਵੱਖ ਹਨ ਪਰ ਇਹ ਦੋਵੇਂ ਕੰਮ ਆਸਾਨੀ ਨਾਲ ਨਾਲੋ-ਨਾਲ ਕੀਤੇ ਜਾ ਸਕਦੇ ਹਨ ਪਰ ਸਾਹਿਤਕ ਸੰਸਥਾਵਾਂ ਦੀਆਂ ਚੋਣਾਂ ਲੜਣ ਦਾ ਕੰਮ ਇਨ੍ਹਾਂ ਤੋਂ ਬਿਲਕੁਲ ਹੀ ਵੱਖਰਾ ਹੈ ਅਤੇ ਇਸ ਦੇ ਲਈ ਉਨ੍ਹਾਂ ਦੇ 'ਸਿਆਸੀ ਗੁਰੂ' ਡਾ. ਅਨੂਪ ਸਿੰਘ ਸਨ। ਇਸ ਦੌਰਾਨ ਉਨ੍ਹਾਂ ਦੀ ਸਾਹਿਤ ਸਿਰਜਣਾ, ਸਾਹਿਤ ਵਿਚਲੇ 'ਵਾਦਾਂ' ਨਾਲ ਜੁੜਨ, ਅਧਿਆਪਨ, ਪੱਤਰਕਾਰੀ ਅਤੇ ਸਾਹਿਤਕ ਸੰਸਥਾਵਾਂ ਵਿਚਲੀਆਂ ਭੂਮਿਕਾਵਾਂ ਬਾਰੇ ਡਾ. ਸੁਖਦੇਵ ਸਿੰਘ ਝੰਡ, ਪਿਆਰਾ ਸਿੰਘ ਕੁੱਦੋਵਾਲ, ਮੈਡਮ ਸੁਖਚਰਨਜੀਤ ਗਿੱਲ ਤੇ ਕਈ ਰੋਰਨਾਂ ਵੱਲੋਂ ਸੁਆਲ ਕੀਤੇ ਗਏ ਜਿਨ੍ਹਾਂ ਦੇ ਜੁਆਬ ਸੁਰਿੰਦਰਪ੍ਰੀਤ ਘਣੀਆਂ ਵੱਲੋਂ ਤਸੱਲੀਪੂਰਵਕ ਦਿੱਤੇ ਗਏ।

ਇਸ ਤੋਂ ਬਾਅਦ ਹੋਏ ਸੰਖੇਪ ਕਵੀ-ਦਰਬਾਰ ਵਿੱਚ ਇਕਬਾਲ ਬਰਾੜ, ਜੱਸੀ ਭੁੱਲਰ, ਕਰਨ ਅਜਾਇਬ ਸਿੰਘ ਸੰਘਾ, ਡਾ. ਜਗਮੋਹਨ ਸੰਘਾ, ਹਰਦਿਆਲ ਝੀਤਾ, ਰਿੰਟੂ ਭਾਟੀਆ, ਸੁਰਜੀਤ ਕੌਰ, ਬਮਲਜੀਤ ਮਾਨ, ਪਰਮਜੀਤ ਦਿਓਲ, ਸੁਖਚਰਨਜੀਤ ਗਿੱਲ, ਸੁਰਿੰਦਰਜੀਤ ਗਿੱਲ ਤੇ ਕਈ ਹੋਰਨਾਂ ਵੱਲੋਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ। ਇਸ ਸੰਖੇਪ ਤੇ ਸਫ਼ਲ ਸਮਾਗ਼ਮ ਦੀ ਸ਼ਲਾਘਾ ਅਤੇ ਚੰਗੀ ਕਵਿਤਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਗੱਲ ਕਰਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਮਾਗ਼ਮ ਦੀ ਕਾਰਵਾਈ ਨੂੰ ਬੜੇ ਹੀ ਬੜੇ ਭਾਵਪੂਰਤ ਸ਼ਬਦਾਂ ਵਿੱਚ ਸਮੇਟਿਆ ਗਿਆ ਅਤੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਸਮਾਗ਼ਮ ਦੇ ਅਖ਼ੀਰ ਵਿੱਚ ਸੁਰਿੰਦਰ ਘਣੀਆਂ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਵਿਸ਼ਵ ਪੰਜਾਬੀ ਸਾਹਿਤ ਸਾਂਝਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਕਿਰਪਾਲ ਸਿੰਘ ਪੰਨੂੰ, ਡਾ. ਗੁਰਚਰਨ ਸਿੰਘ, ਗੁਰਦਿਆਲ ਸਿੰਘ, ਸ. ਸ. ਮੱਲ੍ਹੀ, ਹਰਪਾਲ ਸਿੰਘ ਭਾਟੀਆ, ਰਮਿੰਦਰ ਵਾਲੀਆ, ਮਕਸੂਦ ਚੌਧਰੀ ਤੇ ਕਈ ਹੋਰ ਸਮਾਗ਼ਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਅੰਤ ਵਿੱਚ ਵਿੱਚ ਸਾਰਿਆਂ ਨੇ ਮਿਲ ਕੇ ਘਰੇ ਹੀ ਬੜੀ ਮਿਹਨਤ ਨਾਲ ਤਿਆਰ ਕੀਤੇ ਗਏ ਸੁਆਦਲੇ ਭੋਜਨ ਦਾ ਅਨੰਦ ਮਾਣਿਆਂ।

## ਸੜਕਾਂ ਕਿਨਾਰੇ ਸੌਣ ਵਾਲੀ ਦਿਮਾਗੀ ਸੰਤੁਲਨ ਗੁਆ ਚੁੱਕੀ ਗੂੰਗੀ ਔਰਤ ਨੂੰ ਸਰਾਭਾ ਆਸ਼ਰਮ ਨੇ ਅਪਣਾਇਆ



"ਨਾ ਘਰ-ਬਾਰ ਨ ਕੌਡੀ ਖੀਸੇ, ਨਾ ਕੋ ਸੁਣੇ ਪੁਕਾਰਾਂ। ਕੋਰਾ-ਕੱਕਰ ਝੱਖੜ-ਝੋਲੇ, ਭੁੰਜੇ ਸੋਇ ਗੁਜ਼ਾਰਾਂ।" ਇਹ ਪੰਕਤੀਆਂ ਇਸ ਦਿਮਾਗੀ ਸੰਤੁਲਨ ਗੁਵਾ ਚੁੱਕੀ ਬੇਘਰ ਔਰਤ 'ਤੇ ਪੂਰੀ ਤਰ੍ਹਾਂ ਢੁੱਕਦੀਆਂ ਹਨ। ਇਹ ਔਰਤ ਪਿਛਲੇ 8-9 ਸਾਲਾਂ ਤੋਂ ਬਠਿੰਡਾ ਸ਼ਹਿਰ ਦੇ ਬਾਹਰਵਾਰ ਮਲੋਟ ਸੜਕ ਕਿਨਾਰੇ ਪਲਾਸਟਿਕ ਦੀਆਂ ਬੋਰੀਆ ਨਾਲ ਬਣਾਈ ਝੁੱਗੀ ਵਿੱਚ ਰਹਿ ਰਹੀ ਸੀ। ਇਸ ਕੋਲੋਂ ਬਦਬੂ ਮਾਰ ਰਹੀ ਸੀ। ਹੱਥਾਂ, ਪੈਰਾਂ 'ਤੇ ਜਖਮ ਹੋਏ ਪਏ ਹਨ, ਵਾਲਾਂ ਵਿੱਚ ਜੂੰਆਂ, ਹੱਥਾਂ-ਪੈਰਾਂ ਦੇ ਵਧੇ ਹੋਏ ਨਹੁੰ ਇਹ ਬਿਆਨ ਕਰ ਰਹੇ ਸਨ ਕਿ ਪਤਾ ਨਹੀ ਕਿੰਨੇ ਚਿਰ ਤੋਂ ਇਸ ਨੇ ਇਸ਼ਨਾਨ ਵੀ ਨਹੀਂ ਕੀਤਾ ਹੋਣਾ।

9 ਜੁਲਾਈ 2025 ਨੂੰ ਇਸ ਔਰਤ ਨੂੰ ਉਸ ਇਲਾਕੇ ਦੇ ਰਹਿਣ ਵਾਲੇ ਕੁਨਾਲ ਵਰਮਾ, ਰਿਸ਼ੂ ਖੱਤਰੀ ਤੇ ਉਹਨਾਂ ਦੇ ਸਾਥੀਆਂ ਨੇ ਵੇਖਿਆ ਅਤੇ ਇਹਨਾਂ ਰਹਿਮ ਦਿਲ ਇਨਸਾਨਾਂ ਵੱਲੋਂ ਇਸ ਔਰਤ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਪੁਚਾਇਆ ਗਿਆ। ਉਥੋਂ ਦੇ ਰਹਿਣ ਵਾਲੇ ਲੋਕਾਂ ਦੇ ਦੱਸਣ ਮੁਤਾਬਕ ਇਹ ਔਰਤ ਨਜ਼ਦੀਕ ਬਣੀ ਝੀਲ ਵਿੱਚੋਂ ਮੱਛੀਆਂ ਕੱਢ ਲੈਂਦੀ ਅਤੇ ਬਣਾ ਕੇ ਖਾ ਲੈਂਦੀ ਜਾਂ ਕੋਈ ਰਾਹਗੀਰ ਖਾਣ ਨੂੰ ਕੁੱਝ ਦੇ ਦਿੰਦਾ ਤਾਂ ਖਾ ਲੈਂਦੀ । ਕਈ ਵਾਰ ਤਾਂ ਭੁੱਖਣ-ਭਾਣੇ ਇੱਧਰ-ਉੱਧਰ ਘੁੰਮਦੀ ਰਹਿੰਦੀ । ਦਿਨ-ਰਾਤ ਗੰਦਗੀ ਵਿੱਚ ਰਹਿਣ ਕਰਕੇ ਇਸ ਦੀ ਹਾਲਤ ਦਿਨੋਂ-ਦਿਨ ਵਿਗੜ ਰਹੀ ਸੀ। ਹੁਣ ਇਸਨੂੰ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਵਿੱਚ ਆਸ਼ਰਮ ਵਿੱਚ ਸ਼ੁੱਧ ਭੋਜਨ, ਸਾਫ-ਸੁਥਰੇ ਕੱਪੜੇ ਅਤੇ ਜ਼ਰੂਰਤ ਅਨੁਸਾਰ ਮੈਡੀਕਲ ਸਹੂਲਤ ਵੀ ਮਿਲੇਗੀ। ਆਸ ਕਰਦੇ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਸਦੀ ਹਾਲਤ ਵਿੱਚ ਸੁਧਾਰ ਜਾ ਜਾਵੇਗਾ ਅਤੇ ਇਹ ਆਪਣੀ ਆਉਣ ਵਾਲੀ ਜਿੰਦਗੀ ਵਧੀਆ ਬਤੀਤ ਕਰੇਗੀ । ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਸਵਾ ਦੋ ਸੌ (225) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿੰਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: (ਇੰਡੀਆ):95018-42505; ਕੈਨੇਡਾ: 403-401-8787

## ਜਦੋਂ ਸਿੱਖਾਂ ਨੇ ਮਸਜਿਦ ਬਨਾਉਣ ਲਈ ਆਪਣਾ ਯੋਗਦਾਨ ਪਾਇਆ...



ਗੱਲ 1947 ਦੀ 'ਵੰਡ' ਤੋਂ ਬਹੁਤ ਪਹਿਲਾਂ 'ਬਾਰਾਂ' ਵੱਸਣ ਦੇ ਸਮੇਂ ਦੀ ਹੈ। ਲਹਿੰਦੇ ਪੰਜਾਬ ਦੀ ਆਪਣੀ ਯਾਤਰਾ ਬਾਰੇ ਛਪੇ ਮੇਰੇ ਸਫ਼ਰਨਾਮੇ 'ਪੁਰਖ਼ਿਆਂ ਦਾ ਦੇਸ' ਵਿੱਚ ਮੈਂ ਆਪਣੇ ਪੁਰਖ਼ਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਬਾਰੇ ਜ਼ਿਕਰ ਕਰਦਿਆਂ ਉੱਥੇ ਆਪਣੇ ਦਾਦਾ ਜੀ ਵੱਲੋਂ ਇਸ ਪਿੰਡ ਵਿੱਚ ਮਸਜਿਦ ਬਨਾਉਣ ਬਾਰੇ ਥੋੜ੍ਹਾ ਜਿਹਾ ਵੇਰਵਾ ਦਰਜ ਕੀਤਾ ਹੈ ਜੋ ਸੰਖੇਪ ਵਿੱਚ ਇਸ ਪ੍ਰਕਾਰ ਹੈ :

"ਪੁਰਖ਼ਿਆਂ ਦੇ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਵਿੱਚ ਸਾਡੇ ਮੇਜ਼ਬਾਨ ਭਰਾਵਾਂ ਜ਼ਹੂਰ ਹੁਸੈਨ ਤੇ ਮੁਨੱਵਰ ਹੁਸੈਨ ਹੁਰਾਂ ਦੇ ਘਰ ਦੇ ਸਾਹਮਣੇ ਪਾਸੇ ਇਕ ਸ਼ਾਨਦਾਰ ਮਸਜਿਦ ਹੈ। ਇਸ ਦੇ ਬਾਰੇ ਗੱਲ ਕਰਦਿਆਂ ਵੱਡੇ ਭਰਾ ਮੁਨੱਵਰ ਹੁਸੈਨ ਨੇ ਦੱਸਿਆ ਕਿ ਇਹ ਮਸਜਿਦ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਆਪਣੇ ਵੱਲੋਂ ਇਹ ਥਾਂ ਦੇ ਕੇ ਅਤੇ ਆਪਣੇ ਸਮੇਤ ਪਿੰਡ ਦੇ ਹੋਰ ਸਿੱਖ-ਪਰਿਵਾਰਾਂ ਵੱਲੋਂ ਮਾਇਆ ਇਕੱਤਰ ਕਰਕੇ ਵੱਡਮੁੱਲਾ ਯੋਗਦਾਨ ਪਾ ਕੇ ਤਿਆਰ ਕਰਵਾਈ ਸੀ। ਉਦੋਂ ਇਹ ਮਸਜਿਦ ਕੱਚੀ ਹੁੰਦੀ ਸੀ ਅਤੇ ਬਾਅਦ ਵਿਚ ਉਸ ਨੂੰ ਢਾਹ ਕੇ ਇਹ ਪੱਕੀ ਮਸਜਿਦ ਬਣਵਾਈ ਗਈ।"

ਦੋਹਾਂ ਦੋਸਤਾਂ (ਜ਼ਹੂਰ ਹੁਸੈਨ ਹੋਰਾਂ ਦੇ ਦਾਦਾ ਜੀ ਬਹਾਰਦੀਨ ਤੇ ਮੇਰੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ) ਦੇ ਆਪਸੀ ਪ੍ਰੇਮ-ਪਿਆਰ, ਦੋਸਤੀ ਤੇ ਭਾਈਚਾਰੇ ਦਾ ਇਹ ਸਬੂਤ ਸਾਨੂੰ ਪ੍ਰਤੱਖ ਦਿਖਾਈ ਦੇ ਰਿਹਾ ਸੀ। ਮੁਨੱਵਰ ਨੇ ਦੱਸਿਆ ਕਿ ਦੋਵੇਂ ਦੋਸਤ ਲੱਗਭੱਗ ਹਰ ਰੋਜ਼ ਹੀ ਮਿਲਦੇ ਸਨ। ਬਹਾਰਦੀਨ ਹੁਰਾਂ ਦੀ ਦਰਜ਼ੀ ਦੀ ਦੁਕਾਨ ਸੀ ਤੇ ਮੇਰੇ ਦਾਦਾ ਜੀ ਉੱਥੇ ਆਪਣੇ ਦੋਸਤ ਕੋਲ ਕਈ ਕਈ ਘੰਟੇ ਬੈਠ ਕੇ ਉਨ੍ਹਾਂ ਦੇ ਨਾਲ ਗੱਲਾਂ-ਬਾਤਾਂ ਮਾਰਦੇ ਰਹਿੰਦੇ ਸਨ। ਪਰਿਵਾਰ ਦੇ ਚਾਰ ਮੈਂਬਰਾਂ ਦੀ ਪਾਕਿਸਤਾਨ ਦੀ ਸਾਡੀ ਇਸ ਫੇਰੀ ਸਬੰਧੀ ਸ਼ਾਹਮੁਖੀ ਵਿੱਚ ਲਾਹੌਰ ਤੋਂ ਛਪੀ ਇਸ ਪੁਸਤਕ ਨੂੰ ਪੜ੍ਹਨ ਤੋਂ ਬਾਅਦ ਮੇਜ਼ਬਾਨ ਜ਼ਹੂਰ ਹੁਸੈਨ ਨੇ ਇਸ ਬਾਰੇ ਫ਼ੋਨ 'ਤੇ ਗੱਲ ਕਰਦਿਆਂ ਇਸ ਦੇ ਹੋਰ ਵਿਸਥਾਰ ਵਿੱਚ ਜਾਂਦਿਆਂ ਹੋਇਆਂ ਮੈਨੂੰ ਫ਼ੋਨ 'ਤੇ ਦੱਸਿਆ ਕਿ ਸਾਡੇ ਦਾਦਾ ਜੀ ਵੱਲੋਂ ਦਿੱਤੀ ਗਈ ਜ਼ਮੀਨ ਵਿੱਚ ਇਸ ਮਸਜਿਦ ਦੇ ਬਣਨ ਸਮੇਂ ਉਨ੍ਹਾਂ ਦੇ ਵੱਲੋਂ ਤੇ ਪਿੰਡ ਦੇ ਵਸਨੀਕ ਕੁਝ ਹੋਰ ਸਿੱਖ ਪਰਿਵਾਰਾਂ ਵੱਲੋਂ ਮਸਜਿਦ ਬਨਾਉਣ ਲਈ ਜਦੋਂ ਕੁਝ ਵਿੱਤੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਗਈ ਤਾਂ ਪਿੰਡ ਦੇ ਕੱਟੜ ਕਿਸਮ ਦੇ ਕਈ ਮੁਸਲਮਾਨਾਂ ਨੇ ਇਸ 'ਤੇ ਇਤਰਾਜ਼ ਕੀਤਾ ਕਿ ਉਹ ਗ਼ੈਰ-ਮੁਸਲਮਾਨਾਂ ਕੋਲੋਂ ਮਸਜਿਦ ਦੇ ਲਈ ਪੈਸੇ ਨਹੀਂ ਲੈ ਸਕਦੇ, ਜਿੱਥੇ ਬੈਠ ਕੇ ਉਨ੍ਹਾਂ ਨੇ ਨਿਮਾਜ਼ ਅਦਾ ਕਰਨੀ ਹੈ।

ਉਨ੍ਹਾਂ ਦੇ ਇਸ ਇਤਰਾਜ਼ ਨੂੰ ਦੂਰ ਕਰਨ ਲਈ ਸਾਡੇ ਦਾਦਾ ਜੀ ਨੰਬਰਦਾਰ ਠਾਕਰ ਸਿੰਘ ਨੇ ਕਿਹਾ, "ਤੁਹਾਡਾ ਇਤਰਾਜ਼ ਬਿਲਕੁਲ ਜਾਇਜ਼ ਏ। ਠੀਕ ਏ, ਪਰ ਜੇਕਰ ਮਸਜਿਦ ਦੇ ਤਾਮੀਰ ਕਰਨ ਵਿੱਚ ਤੁਸੀਂ ਸਾਡਾ ਹਿੱਸਾ ਨਹੀਂ ਪਾ ਸਕਦੇ ਤਾਂ ਉੱਥੇ ਬਣਾਏ ਜਾਣ ਵਾਲੇ ਗ਼ੁਸਲਖ਼ਾਨਿਆਂ ਦੇ ਲਈ ਤਾਂ ਇਹ ਪੈਸੇ ਵਰਤ ਹੀ ਸਕਦੇ ਹੋ।" ਦਾਦਾ ਦੇ ਇਸ ਸੁਝਾਅ 'ਤੇ ਉਹ ਸਾਰੇ ਸਹਿਮਤ ਹੋ ਗਏ ਅਤੇ ਉਨ੍ਹਾਂ ਨੇ ਪਿੰਡ ਦੇ ਸਿੱਖ-ਵਾਸੀਆਂ ਵੱਲੋਂ ਦਿੱਤੀ ਗਈ ਉਹ ਮਾਲੀ ਮਦਦ ਸਵੀਕਾਰ ਕਰ ਲਈ।

ਪੱਕਾ ਪਤਾ ਤਾਂ ਕਿਸੇ ਨੂੰ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਵੱਲੋਂ ਦਿੱਤੀ ਗਈ ਉਹ ਰਕਮ ਮਸਜਿਦ ਦੇ ਕਿਸੇ ਹਿੱਸੇ, ਗੁਸਲਖ਼ਾਨਿਆਂ ਜਾਂ ਕਿਸੇ ਹੋਰ ਕੰਮ ਲਈ ਵਰਤੀ ਗਈ ਹੋਵੇ। ਕਿਤੇ ਵੀ ਖ਼ਰਚੀ ਵਰਤੀ ਗਈ ਹੋਵੇ, ਇਸ ਨਾਲ ਕੀ ਫ਼ਰਕ ਪੈਂਦਾ ਹੈ।



ਡਾ. ਸੁਖਦੇਵ ਸਿੰਘ ਝੰਡ, ਫ਼ੋਨ : 647-567-9128

## ਫਾਜ਼ਿਲਕਾ 'ਚ MLA ਗੋਲਡੀ ਕੰਬੋਜ਼ ਦੀ ਕਾਰ ਹੋਈ ਹਾਦਸਾਗ੍ਰਸਤ

ਫਾਜ਼ਿਲਕਾ ਦੇ ਜਲਾਲਾਬਾਦ ਤੋਂ ਵਿਧਾਇਕ ਗੋਲਡੀ ਕੰਬੋਜ਼ ਨਾਲ ਸੜਕ ਹਾਦਸਾ ਵਾਪਰਿਆ। ਉਨ੍ਹਾਂ ਦੀ ਕਾਰ ਫਿਰੋਜ਼ਪੁਰ ਨੇੜੇ ਪਿੰਡ ਪਿਆਰੇ ਵਾਲਾ ਨੇੜੇ ਹਾਦਸਾਗ੍ਰਸਤ ਹੋ ਗਈ। ਹਾਦਸੇ ਦੌਰਾਨ ਵਿਧਾਇਕ ਅਤੇ ਉਨ੍ਹਾਂ ਦੇ ਸਾਰੇ ਪਰਿਵਾਰਕ ਮੈਂਬਰ ਗੱਡੀ ਵਿੱਚ ਮੌਜੂਦ ਸਨ। ਇਸ ਹਾਦਸੇ ਵਿੱਚ ਗੱਡੀ ਸਵਾਰ ਸਾਰੇ ਲੋਕ ਵਾਲ-ਵਾਲ ਬਚ ਗਏ, ਹਾਲਾਂਕਿ ਕਾਰ ਨੂੰ ਕਾਫ਼ੀ ਨੁਕਸਾਨ ਹੋਇਆ ਹੈ।

ਜਾਣਕਾਰੀ ਅਨੁਸਾਰ ਵਿਧਾਇਕ ਗੋਲਡੀ ਕੰਬੋਜ਼ ਚੰਡੀਗੜ੍ਹ ਵਿੱਚ ਵਿਧਾਨ ਸਭਾ ਸੈਸ਼ਨ ਤੋਂ ਦੇਰ ਰਾਤ ਜਲਾਲਾਬਾਦ ਵਾਪਸ ਆ ਰਹੇ ਸਨ। ਉਨ੍ਹਾਂ ਦੇ ਪਰਿਵਾਰਕ ਮੈਂਬਰ ਅਤੇ ਬੱਚੇ ਵੀ ਕਾਰ ਵਿੱਚ ਮੌਜੂਦ ਸਨ। ਪਿੰਡ ਪਿਆਰੇ ਵਾਲਾ ਨੇੜੇ ਸੜਕ ਦੀ ਹਾਲਤ ਬਹੁਤ ਖਰਾਬ ਸੀ - ਮੀਂਹ ਕਾਰਨ ਸੜਕ 'ਤੇ ਪਾਣੀ ਇਕੱਠਾ ਹੋ ਗਿਆ ਸੀ, ਜਿਸ ਕਾਰਨ ਕਾਰ ਫਿਸਲ ਗਈ ਅਤੇ ਹਾਦਸਾਗ੍ਰਸਤ ਹੋ ਗਈ। ਖੁਸ਼ਕਿਸਮਤੀ ਨਾਲ, ਸਾਰੇ ਸੁਰੱਖਿਅਤ ਹਨ।

ਵਿਧਾਇਕ ਗੋਲਡੀ ਕੰਬੋਜ਼ ਨੇ ਕਿਹਾ ਕਿ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਉਨ੍ਹਾਂ ਦੀ ਪਾਇਲਟ ਕਾਰ ਬੋਲੈਰੋ, ਜੋ ਅੱਗੇ ਜਾ ਰਹੀ ਸੀ, ਨੇ ਅਚਾਨਕ ਮੋੜ ਲਿਆ। ਉਨ੍ਹਾਂ ਦੀ ਕਾਰ ਦੀਆਂ ਬ੍ਰੇਕਾਂ ਪਾਣੀ ਨਾਲ ਭਰੀ ਸੜਕ 'ਤੇ ਕੰਮ ਨਹੀਂ ਕਰ ਰਹੀਆਂ ਸਨ ਅਤੇ ਇਹ ਬੋਲੈਰੋ ਨਾਲ ਟਕਰਾ ਗਈ। ਹਾਦਸੇ ਵਿੱਚ ਵਿਧਾਇਕ ਦੀ ਕਾਰ ਨੂੰ ਨੁਕਸਾਨ ਪਹੁੰਚਿਆ। ਹਾਲਾਂਕਿ, ਇਹ ਰਾਹਤ ਦੀ ਗੱਲ ਹੈ ਕਿ ਵਿਧਾਇਕ ਅਤੇ ਉਨ੍ਹਾਂ ਦੇ ਪਰਿਵਾਰ ਦੇ ਸਾਰੇ ਮੈਂਬਰ ਸੁਰੱਖਿਅਤ ਹਨ।









# 40 ਸਾਲ ਦੀ ਉਮਰ ਮਗਰੋਂ ਔਰਤ ਜ਼ਰੂਰ ਅਪਣਾਉਣ ਡਾਕਟਰ ਦੁਆਰਾ ਦਿੱਤੇ ਇਹਨਾਂ ਸੁਝਾਅ ਨੂੰ

ਨਵੀਂ ਦਿੱਲੀ: ਜੇਕਰ ਤੁਸੀਂ ਆਪਣਾ 40ਵਾਂ ਜਨਮਦਿਨ ਮਨਾ ਰਹੇ ਹੋ, ਤਾਂ ਯਾਦ ਰੱਖੋ ਕਿ 40 ਸਾਲ ਦੀ ਉਮਰ ਸਿਰਫ਼ ਇੱਕ ਗਿਣਤੀ ਨਹੀਂ ਹੈ। ਇਹ ਇੱਕ ਮਹੱਤਵਪੂਰਨ ਪੜਾਅ ਹੈ, ਜਦੋਂ ਤੁਸੀਂ ਹਾਰਮੋਨਸ ਵਿੱਚ ਉਤਰਾਅ-ਚੜ੍ਹਾਅ ਕਾਰਨ ਅਚਾਨਕ ਕੁਝ ਬਦਲਾਅ ਮਹਿਸੂਸ ਕਰ ਸਕਦੇ ਹੋ । ਇਹ ਬਦਲਾਅ ਜ਼ਿਆਦਾਤਰ ਬੇਆਰਾਮ ਹੁੰਦੇ ਹਨ।

ਡਾ. ਸੁਸ਼ੀਲਾ ਕਟਾਰੀਆ (ਡਾਇਰੈਕਟਰ ਇੰਟਰਨਲ ਮੈਡੀਸਨ, ਮੇਦਾਂਤਾ, ਗੁਰੂਗ੍ਰਾਮ) ਕਹਿੰਦੀ ਹੈ ਕਿ ਉਮਰ ਦਾ 40ਵਾਂ ਪੜਾਅ ਜ਼ਿਆਦਾਤਰ ਲੋਕਾਂ ਲਈ ਪ੍ਰੀਮੇਨੋਪਾਜ਼ ਪੜਾਅ ਹੁੰਦਾ ਹੈ, ਕੁਝ ਲਈ ਇਹ ਮੇਨੋਪਾਜ਼ ਤੋਂ ਪਹਿਲਾਂ ਦਾ ਸਮਾਂ ਹੋ ਸਕਦਾ ਹੈ।

ਇਸ ਸਮੇਂ ਦੌਰਾਨ, ਊਰਜਾ ਦੀ ਘਾਟ, ਹੌਲੀ ਮੈਟਾਬੋਲਿਜ਼ਮ, ਮੋਟਾਪੇ ਦਾ ਵਧਿਆ ਹੋਇਆ ਜੋਖਮ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਰਦ ਆਦਿ ਵਰਗੀਆਂ ਸਮੱਸਿਆਵਾਂ ਆਮ ਹਨ। ਇਸ ਕਾਰਨ, ਤੁਹਾਡੀ ਰੋਜ਼ਾਨਾ ਰੁਟੀਨ ਵਿੱਚ ਵਿਘਨ ਪੈ ਸਕਦਾ ਹੈ, ਆਮ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦਾ ਹੈ।

**ਅੱਗੇ ਦਾ ਸਫ਼ਰ ਕਿਵੇਂ ਆਸਾਨ ਬਣਾਇਆ ਜਾਵੇ ?**

ਇਸ ਉਮਰ ਤੱਕ ਪਹੁੰਚਣ ਤੋਂ ਬਾਅਦ, ਪੂਰੀ ਸਿਹਤ ਜਾਂਚ ਕਰਵਾਓ ਤਾਂ ਜੋ ਸਹੀ ਸਿਹਤ ਸਥਿਤੀ ਦਾ ਪਤਾ ਲੱਗ ਸਕੇ। ਇਹ ਸੰਭਵ ਹੈ ਕਿ ਤੁਸੀਂ ਅਨੀਮੀਆ ਦਾ ਸ਼ਿਕਾਰ ਹੋ ਗਏ ਹੋ, ਕੈਲਸ਼ੀਅਮ, ਵਿਟਾਮਿਨ ਡੀ ਆਦਿ ਦੀ ਘਾਟ ਨਾਲ ਜੂਝ ਰਹੇ ਹੋ। ਤੁਸੀਂ ਇਨਸੁਲਿਨ ਪ੍ਰਤੀਰੋਧ, ਪ੍ਰੀ-ਡਾਇਬੀਟਿਕ ਜਾਂ ਥਾਇਰਾਇਡ ਦਾ ਸ਼ਿਕਾਰ ਹੋ ਸਕਦੇ ਹੋ। ਅਜਿਹੀਆਂ ਬਹੁਤ ਸਾਰੀਆਂ ਸਮੱਸਿਆਵਾਂ ਹਨ ਜੋ 40 ਸਾਲ ਦੀ ਉਮਰ ਤੱਕ ਦਿਖਾਈ ਦੇਣ ਲੱਗਦੀਆਂ ਹਨ। ਜੇਕਰ ਇਨ੍ਹਾਂ ਦਾ ਪਤਾ ਲੱਗ ਜਾਂਦਾ ਹੈ, ਤਾਂ ਜੀਵਨ ਸ਼ੈਲੀ ਵਿੱਚ ਢੁਕਵੇਂ ਬਦਲਾਅ ਕਰਕੇ ਇਨ੍ਹਾਂ ਨੂੰ ਕੰਟਰੋਲ ਕਰਨਾ ਮੁਸ਼ਕਲ ਨਹੀਂ ਹੈ।

ਦਰਅਸਲ, ਇਸ ਸਮੇਂ ਸਿਹਤ ਪ੍ਰਤੀ ਜਾਗਰੂਕ ਰਹਿਣ ਨਾਲ ਆਉਣ ਵਾਲੇ ਸਮੇਂ ਵਿੱਚ ਮੀਨੋਪੌਜ਼ ਦੀਆਂ ਚੁਣੌਤੀਆਂ ਨਾਲ ਨਜਿੱਠਣਾ ਆਸਾਨ ਹੋ ਸਕਦਾ ਹੈ। ਤੁਹਾਨੂੰ ਦੱਸ ਦੇਈਏ ਕਿ ਮੀਨੋਪੌਜ਼ ਦੌਰਾਨ, ਐਸਟ੍ਰੋਜਨ ਅਤੇ ਪ੍ਰੋਜੇਸਟ੍ਰੋਨ ਨਾਮਕ ਹਾਰਮੋਨਾਂ ਵਿੱਚ ਉਤਰਾਅ-ਚੜ੍ਹਾਅ ਕਾਰਨ ਇੱਕ ਵੱਖਰੀ ਕਿਸਮ ਦੀ ਸਮੱਸਿਆ ਪੈਦਾ ਹੁੰਦੀ ਹੈ।

ਕਈ ਚੁਣੌਤੀਆਂ ਦੇ ਨਾਲ, ਇਸ ਸਮੇਂ ਮਾਸਪੇਸ਼ੀਆਂ ਵਿੱਚ ਕਮਜ਼ੋਰੀ ਅਤੇ ਹੱਡੀਆਂ ਦੀ ਘਣਤਾ ਵਿੱਚ ਕਮੀ ਆਉਂਦੀ ਹੈ।



ਕੈਲਸ਼ੀਅਮ ਘੱਟਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਸਮੇਂ ਸਿਰ ਇਸਦਾ ਧਿਆਨ ਨਾ ਰੱਖਿਆ ਜਾਵੇ, ਤਾਂ ਤੁਸੀਂ ਮੀਨੋਪੌਜ਼ਲ ਓਸਟੀਓਪੋਰੋਸਿਸ ਵਰਗੇ ਗੰਭੀਰ ਜੋਖਮਾਂ ਦਾ ਸ਼ਿਕਾਰ ਵੀ ਹੋ ਸਕਦੇ ਹੋ।

**ਨੀਂਦ ਨਾਲ ਸਮਝੌਤਾ ਨਾ ਕਰੋ**

ਇਸ ਉਮਰ ਵਿੱਚ ਹਾਰਮੋਨਲ ਬਦਲਾਅ ਕਾਰਨ ਨੀਂਦ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ। ਨੀਂਦ ਦੀ ਘਾਟ ਮੋਟਾਪੇ ਸਮੇਤ ਕਈ ਸਮੱਸਿਆਵਾਂ ਦਾ ਖ਼ਤਰਾ ਵਧਾਉਂਦੀ ਹੈ। ਚੰਗੀ ਨੀਂਦ ਲਈ ਬੈੱਡਰੂਮ ਨੂੰ ਸਾਫ਼ ਅਤੇ ਸ਼ਾਂਤ ਰੱਖੋ। ਸੌਣ ਤੋਂ ਕੁਝ ਸਮਾਂ ਪਹਿਲਾਂ ਕੋਸੇ ਪਾਣੀ ਨਾਲ ਨਹਾਉਣ ਨਾਲ ਵੀ ਚੰਗੀ ਨੀਂਦ ਲੈਣ ਵਿੱਚ ਮਦਦ ਮਿਲਦੀ ਹੈ।

**ਭੋਜਨ ਵੱਲ ਧਿਆਨ ਦਿਓ**

ਖੁਰਾਕ ਵਿੱਚ ਕੈਲਸ਼ੀਅਮ ਦੀ ਮਾਤਰਾ ਵਧਾਓ। ਸਿਰਫ਼ ਦੁੱਧ ਹੀ ਕਾਫ਼ੀ ਨਹੀਂ ਹੋਵੇਗਾ, ਪਨੀਰ, ਆਂਡਾ, ਸੋਇਆ ਦੁੱਧ ਆਦਿ ਵੀ ਲਓ।

ਫਾਈਬਰ ਨਾਲ ਭਰਪੂਰ ਖੁਰਾਕ ਲਓ, ਮੋਟੇ ਅਨਾਜ, ਹਰੀਆਂ ਸਬਜ਼ੀਆਂ, ਤਾਜ਼ੇ ਫਲਾਂ ਦੀ ਮਾਤਰਾ ਵਧਾਓ।

ਰਿਫਾਇੰਡ ਸ਼ੂਗਰ ਬੰਦ ਕਰੋ ਜਾਂ ਇਸਨੂੰ ਜਿੰਨਾ ਹੋ ਸਕੇ ਘੱਟ ਲਓ।

ਅਲਸੀ ਦੇ ਬੀਜ, ਨਟਸ ਦਾ ਸੇਵਨ ਕਰੋ।

ਪ੍ਰੀਮਰੋਜ਼ ਤੇਲ ਵਾਲੇ ਕੈਪਸੂਲ ਪ੍ਰੀਮੇਨੋਪੌਜ਼ ਦੇ ਲੱਛਣਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ।

**ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖੋ**

ਛੇ ਮਹੀਨਿਆਂ ਵਿੱਚ ਇੱਕ ਵਾਰ ਜਾਂ ਵੱਧ ਤੋਂ ਵੱਧ ਸਾਲ ਵਿੱਚ ਇੱਕ ਵਾਰ ਆਪਣੀ ਸਿਹਤ ਦੀ ਜਾਂਚ ਕਰਵਾਉਣਾ ਯਕੀਨੀ ਬਣਾਓ।

ਸਾਲ ਵਿੱਚ ਇੱਕ ਵਾਰ ਜਾਂ ਹਰ ਦੋ ਸਾਲਾਂ ਵਿੱਚ ਇੱਕ ਵਾਰ ਮੈਮੋਗ੍ਰਾਮ ਸਕ੍ਰੀਨਿੰਗ ਕਰਵਾਉਣਾ ਯਕੀਨੀ ਬਣਾਓ ਤਾਂ ਜੋ ਬ੍ਰੈਸਟ ਕੈਂਸਰ ਦਾ ਪਤਾ ਲਗਾਇਆ ਜਾ ਸਕੇ।

ਪੈਪ ਸਮੀਅਰ ਅਤੇ ਫੜ ਟੈਸਟ ਕਰਵਾਓ। ਸਰਵਾਈਕਲ ਕੈਂਸਰ ਦਾ ਪਤਾ ਲਗਾਉਣ ਲਈ ਹਰ ਤਿੰਨ ਤੋਂ ਪੰਜ ਸਾਲਾਂ ਵਿੱਚ ਇਸਨੂੰ ਕਰਵਾਓ।

ਦਿਲ ਦੀ ਸਿਹਤ ਅਤੇ ਹਾਰਮੋਨਲ ਉਤਰਾਅ-ਚੜ੍ਹਾਅ ਵਿੱਚ ਬਦਲਾਅ ਦਾ ਪਤਾ ਲਗਾਉਣ ਲਈ ਆਪਣੇ ਕੋਲੈਸਟ੍ਰੋਲ ਅਤੇ ਥਾਇਰਾਇਡ ਦੀ ਜਾਂਚ ਕਰਵਾਓ।

ਹੱਡੀਆਂ ਦੀ ਘਣਤਾ ਦੇ ਟੈਸਟ ਓਸਟੀਓਪੋਰੋਸਿਸ ਦੇ ਜੋਖਮ ਨੂੰ ਹੋਰ ਵੀ ਵਧਾ ਸਕਦੇ ਹਨ।

ਭਾਰ ਘਟਾਉਣ ਜਾਂ ਹੋਰ ਕਾਰਨਾਂ ਕਰਕੇ ਰੁਕ-ਰੁਕ ਕੇ ਵਰਤ ਰੱਖਣ ਨਾਲ ਕੋਰਟੀਸੋਲ ਦੇ ਪੱਧਰ ਵਿੱਚ ਵਾਧਾ ਹੋ ਸਕਦਾ ਹੈ। ਵਰਤ ਦੌਰਾਨ ਜ਼ਿਆਦਾ ਦੇਰ ਤੱਕ ਭੁੱਖੇ ਨਾ ਰਹੋ।

ਹਰ ਰੋਜ਼ ਤੁਰਨਾ ਚੰਗਾ ਹੈ ਪਰ ਇਸਦੇ ਨਾਲ ਮਾਸਪੇਸ਼ੀਆਂ ਦੇ ਤਣਾਅ ਦੀ ਸਿਖਲਾਈ ਕਰਨਾ ਨਾ ਭੁੱਲੋ। ਇਹ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਬਿਹਤਰ ਬਣਾਉਂਦਾ ਹੈ। ਇਹ ਐਸਟ੍ਰੋਜਨ ਹਾਰਮੋਨ ਨੂੰ ਬਿਹਤਰ ਢੰਗ ਨਾਲ ਸੰਤੁਲਿਤ ਕਰਦਾ ਹੈ। ਤਾਕਤ ਦੀ ਸਿਖਲਾਈ ਮੈਟਾਬੋਲਿਜ਼ਮ ਨੂੰ ਵੀ ਚੰਗਾ ਰੱਖਦੀ ਹੈ ਅਤੇ ਚਰਬੀ ਨੂੰ ਸਾੜਨ ਵਿੱਚ ਮਦਦ ਕਰਦੀ ਹੈ।

# ਜਲੇਬੀ, ਸਮੋਸੇ ਤੇ ਹੋਰ ਭਾਰਤੀ ਸਨੈਕਸ ਵੇਚਣੇ ਹਨ ਤਾਂ ਕਰਨਾ ਪਵੇਗਾ ਇਹ ਕੰਮ



ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਮੰਗਲਵਾਰ ਨੂੰ ਸਪੱਸ਼ਟ ਕੀਤਾ ਕਿ ਉਸਨੇ ਸਮੋਸੇ, ਜਲੇਬੀਆਂ ਅਤੇ ਲੱਡੂਆਂ ਸਮੇਤ ਕਈ ਭਾਰਤੀ ਸਟ੍ਰੀਟ ਫੂਡਜ਼ 'ਤੇ ਚਿਤਾਵਨੀ ਲੇਬਲਾਂ ਦੀ ਵਰਤੋਂ ਕਰਨ ਲਈ ਕੋਈ ਸਲਾਹ ਜਾਰੀ ਨਹੀਂ ਕੀਤੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਜਿਹੇ ਭੋਜਨਾਂ 'ਤੇ ਚਿਤਾਵਨੀ ਲੇਬਲ ਲਾਜ਼ਮੀ ਹੋਣਗੇ, ਗੁੰਮਰਾਹਕੁੰਨ, ਗਲਤ ਅਤੇ ਬੇਬੁਨਿਆਦ ਹਨ। ਇਸ ਵਿੱਚ ਅੱਗੇ ਕਿਹਾ ਗਿਆ ਹੈ ਕਿ ਕਰਮਚਾਰੀਆਂ ਨੂੰ ਕੰਮ ਵਾਲੀਆਂ ਥਾਵਾਂ 'ਤੇ ਸਿਹਤਮੰਦ ਵਿਕਲਪ ਬਣਾਉਣ ਲਈ ਇੱਕ ਵੱਖਰੀ ਸਲਾਹ ਜਾਰੀ ਕੀਤੀ ਗਈ ਸੀ। ਮੰਤਰਾਲੇ ਨੇ ਲੁਕਵੀਂ ਚਰਬੀ ਅਤੇ ਜ਼ਿਆਦਾ ਖੰਡ ਦੀ ਖਪਤ ਤੋਂ ਬਚਣ ਲਈ ਕੰਮ ਵਾਲੀਆਂ ਥਾਵਾਂ 'ਤੇ ਬੋਰਡਾਂ ਦੇ ਪ੍ਰਦਰਸ਼ਨ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਸੀ। X (ਪਹਿਲਾਂ ਟਵਿੱਟਰ) 'ਤੇ ਇੱਕ ਪੋਸਟ ਵਿੱਚ, PIB ਫੈਕਟ ਚੈੱਕ ਨੇ ਇਹ ਵੀ ਕਿਹਾ ਕਿ ਮੰਤਰਾਲੇ ਨੇ ਆਪਣੀ ਸਲਾਹ ਵਿੱਚ ਕਿਸੇ ਖਾਸ ਭੋਜਨ ਪਦਾਰਥਾਂ ਦਾ ਜ਼ਿਕਰ ਨਹੀਂ ਕੀਤਾ ਹੈ।

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ X 'ਤੇ ਇੱਕ ਪੋਸਟ ਵਿੱਚ ਕਿਹਾ, "ਕੁਝ ਮੀਡੀਆ ਰਿਪੋਰਟਾਂ ਆਈਆਂ ਹਨ ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਕੇਂਦਰੀ ਸਿਹਤ ਮੰਤਰਾਲੇ ਨੇ ਸਮੋਸਾ, ਜਲੇਬੀ ਅਤੇ ਲੱਡੂ ਵਰਗੇ ਭੋਜਨ ਉਤਪਾਦਾਂ 'ਤੇ ਚਿਤਾਵਨੀ ਲੇਬਲ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਹ ਮੀਡੀਆ ਰਿਪੋਰਟਾਂ ਗੁੰਮਰਾਹਕੁੰਨ, ਗਲਤ ਅਤੇ ਬੇਬੁਨਿਆਦ ਹਨ। ਕੇਂਦਰੀ ਸਿਹਤ ਮੰਤਰਾਲੇ ਨੇ ਵੱਖਰੇ ਤੌਰ 'ਤੇ ਇੱਕ ਸਲਾਹਕਾਰੀ ਜਾਰੀ ਕੀਤੀ ਸੀ ਜੋ ਕੰਮ ਵਾਲੀਆਂ ਥਾਵਾਂ 'ਤੇ ਸਿਹਤਮੰਦ ਵਿਕਲਪ ਬਣਾਉਣ ਵੱਲ ਇੱਕ ਪਹਿਲ ਹੈ।"

ਮੰਤਰਾਲੇ ਨੇ ਅੱਗੇ ਕਿਹਾ, ਮੰਤਰਾਲੇ ਨੇ ਸਪੱਸ਼ਟ ਕੀਤਾ ਕਿ ਇਹ ਐਡਵਾਈਜ਼ਰੀ ਕਰਮਚਾਰੀਆਂ ਨੂੰ ਮੋਟਾਪੇ ਦੇ ਮਾਮਲਿਆਂ ਵਿੱਚ ਵਾਧੇ ਅਤੇ ਇਸ ਨਾਲ ਜੁੜੀਆਂ ਬਿਮਾਰੀਆਂ ਬਾਰੇ ਚਿਤਾਵਨੀ ਦੇਣ ਲਈ ਜਾਰੀ ਕੀਤੀ ਗਈ ਸੀ। "ਇਹ ਵੱਖ-ਵੱਖ ਕਾਰਜ ਸਥਾਨਾਂ ਜਿਵੇਂ ਕਿ ਲਾਬੀਆਂ, ਕੰਟੀਨਾਂ, ਕੈਫੇਟੇਰੀਆ, ਮੀਟਿੰਗ ਰੂਮ ਆਦਿ ਵਿੱਚ ਬੋਰਡ ਲਗਾਉਣ ਦੀ ਸਲਾਹ ਦਿੰਦਾ ਹੈ, ਤਾਂ ਜੋ ਵੱਖ-ਵੱਖ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਲੁਕਵੀਂ ਚਰਬੀ ਅਤੇ ਵਾਧੂ ਖੰਡ ਦੇ ਨੁਕਸਾਨਦੇਹ ਸੇਵਨ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਇਹ ਬੋਰਡ ਮੋਟਾਪੇ ਨਾਲ ਲੜਨ ਲਈ ਰੋਜ਼ਾਨਾ ਯਾਦ ਦਿਵਾਉਣ ਲਈ ਹਨ, ਜਿਸਦਾ ਬੋਝ ਦੇਸ਼ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ।" ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ (NFHS-5) ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ 24 ਪ੍ਰਤੀਸ਼ਤ ਔਰਤਾਂ ਅਤੇ 23 ਪ੍ਰਤੀਸ਼ਤ ਪੁਰਸ਼ ਮੋਟੇ ਹਨ। ਮੋਟਾਪੇ ਦੇ ਨਤੀਜੇ ਵਜੋਂ ਸ਼ੂਗਰ ਅਤੇ ਕੈਂਸਰ ਸਮੇਤ ਕਈ ਖਤਰਨਾਕ ਬਿਮਾਰੀਆਂ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੈ।

# ਸਰੀਰ 'ਚ ਦਿਖਾਈ ਦੇਣ ਇਹ ਸੰਕੇਤ ਤਾਂ ਸਮਝੋ ਨੀਂਦ ਨਹੀਂ ਹੋ ਰਹੀ ਪੂਰੀ

## ਸਮੱਸਿਆ ਵੱਧਣ ਤੋਂ ਪਹਿਲਾਂ ਰਹੋ ਸਾਵਧਾਨ



ਜੇਕਰ ਤੁਸੀਂ ਕਿਸੇ ਵੀ ਮਸ਼ੀਨ ਨੂੰ ਬਿਨਾਂ ਰੁਕੇ ਲਗਾਤਾਰ ਚਲਾਉਂਦੇ ਰਹਿੰਦੇ ਹੋ, ਤਾਂ ਇਹ ਲਾਜ਼ਮੀ ਹੈ ਕਿ ਇਹ ਜਲਦੀ ਟੁੱਟ ਜਾਵੇਗੀ। ਇਸੇ ਤਰ੍ਹਾਂ, ਸਾਡਾ ਸਰੀਰ ਵੀ ਇੱਕ ਕਿਸਮ ਦੀ ਮਸ਼ੀਨ ਹੈ, ਜਿਸਨੂੰ ਜੇਕਰ ਰੋਜ਼ਾਨਾ 7-8 ਘੰਟੇ ਦੀ ਨੀਂਦ (Lack of Sleep) ਨਹੀਂ ਮਿਲਦੀ, ਤਾਂ ਇਹ ਹੌਲੀ-ਹੌਲੀ ਅੰਦਰੋਂ ਵੀ ਖਰਾਬ ਹੋਣ ਲੱਗਦੀ ਹੈ।

ਹਾਲਾਂਕਿ, ਅੱਜਕੱਲ੍ਹ ਵਿਅਸਤ ਜੀਵਨ ਸ਼ੈਲੀ ਵਿੱਚ, ਲੋਕ ਅਕਸਰ ਨੀਂਦ ਨੂੰ ਨਜ਼ਰਅੰਦਾਜ਼ ਕਰਦੇ ਹਨ। ਕੰਮ ਦਾ ਬੋਝ, ਤਣਾਅ, ਗਲਤ ਜੀਵਨ ਸ਼ੈਲੀ ਅਤੇ ਡਿਜੀਟਲ ਡਿਵਾਈਸਾਂ ਦੀ ਜ਼ਿਆਦਾ ਵਰਤੋਂ ਨੀਂਦ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ। ਇਸ ਲਈ, ਜ਼ਿਆਦਾਤਰ ਲੋਕਾਂ ਨੂੰ ਲੋੜੀਂਦੀ ਨੀਂਦ ਨਹੀਂ ਆਉਂਦੀ। ਜੇਕਰ ਤੁਹਾਨੂੰ ਲੋੜੀਂਦੀ ਨੀਂਦ ਨਹੀਂ ਆ ਰਹੀ ਹੈ, ਤਾਂ ਸਰੀਰ ਕਈ ਸੰਕੇਤ ਦਿੰਦਾ ਹੈ (Signs of Lack of Sleep)। ਇਨ੍ਹਾਂ ਸੰਕੇਤਾਂ ਨੂੰ ਪਛਾਣ ਕੇ, ਤੁਸੀਂ ਸਮੇਂ ਸਿਰ ਸੁਧਾਰ ਕਰ ਸਕਦੇ ਹੋ, ਤਾਂ ਜੋ ਤੁਹਾਨੂੰ ਭਵਿੱਖ ਵਿੱਚ ਕਿਸੇ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

**ਦਿਨ ਭਰ ਥਕਾਵਟ ਅਤੇ ਸੁਸਤ ਮਹਿਸੂਸ ਕਰਨਾ :** ਜੇਕਰ ਤੁਸੀਂ ਰਾਤ ਨੂੰ ਸੌਣ ਦੇ ਬਾਵਜੂਦ ਦਿਨ ਭਰ ਥਕਾਵਟ ਮਹਿਸੂਸ ਕਰਦੇ ਹੋ, ਤਾਂ ਇਹ ਇੱਕ ਸੰਕੇਤ ਹੈ ਕਿ ਤੁਹਾਨੂੰ ਲੋੜੀਂਦੀ ਨੀਂਦ ਨਹੀਂ ਆ ਰਹੀ ਹੈ। ਨੀਂਦ ਦੀ ਘਾਟ ਕਾਰਨ, ਸਰੀਰ ਨੂੰ ਲੋੜੀਂਦਾ ਆਰਾਮ ਨਹੀਂ ਮਿਲਦਾ, ਜਿਸ ਕਾਰਨ ਊਰਜਾ ਦਾ ਪੱਧਰ ਘੱਟ ਜਾਂਦਾ ਹੈ।

**ਵਾਰ-ਵਾਰ ਮੂਡ ਸਵਿੰਗ :** ਪੂਰੀ ਨੀਂਦ ਦੀ ਘਾਟ ਮਾਨਸਿਕ ਸਿਹਤ 'ਤੇ ਸਿੱਧਾ ਪ੍ਰਭਾਵ ਪਾਉਂਦੀ ਹੈ। ਚਿੜਚਿੜਾਪਨ, ਗੁੱਸਾ, ਉਦਾਸੀ ਜਾਂ ਬਿਨਾਂ ਕਾਰਨ ਤਣਾਅ ਮਹਿਸੂਸ ਕਰਨਾ ਨੀਂਦ ਦੀ ਘਾਟ ਦੇ ਲੱਛਣ ਹਨ। ਨੀਂਦ ਦੀ ਘਾਟ ਸੇਰੋਟੋਨਿਨ ਅਤੇ ਡੋਪਾਮਾਈਨ ਵਰਗੇ ਖੁਸ਼ਹਾਲ ਹਾਰਮੋਨਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸੇ ਕਰਕੇ ਅਕਸਰ ਮੂਡ ਸਵਿੰਗ ਹੁੰਦੇ ਹਨ।

**ਧਿਆਨ ਕੇਂਦਰਿਤ ਕਰਨ ਦੀ ਘਾਟ ਅਤੇ ਕਮਜ਼ੋਰ ਯਾਦਦਾਸ਼ਤ :** ਜੇਕਰ ਤੁਹਾਨੂੰ ਕੰਮ 'ਤੇ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਆ ਰਹੀ ਹੈ ਜਾਂ ਛੋਟੀਆਂ-ਛੋਟੀਆਂ ਗੱਲਾਂ ਭੁੱਲ ਜਾਂਦੇ ਹਨ, ਤਾਂ ਇਹ ਨੀਂਦ ਦੀ ਘਾਟ ਦਾ ਸੰਕੇਤ ਹੋ ਸਕਦਾ ਹੈ। ਨੀਂਦ ਦਿਮਾਗ ਨੂੰ ਬਹਾਲ ਕਰਨ ਅਤੇ ਯਾਦਦਾਸ਼ਤ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ।

**ਸਵੇਰੇ ਉੱਠਦੇ ਹੀ ਸਿਰ ਦਰਦ :** ਕਈ ਵਾਰ, ਨੀਂਦ ਦੀ ਘਾਟ ਕਾਰਨ, ਸਵੇਰੇ ਸਿਰ ਦਰਦ ਜਾਂ ਭਾਰੀਪਨ ਮਹਿਸੂਸ ਹੁੰਦਾ ਹੈ। ਇਹ ਸਰੀਰ ਦਾ ਸੰਕੇਤ ਹੈ ਕਿ ਇਸਨੂੰ ਪੂਰਾ ਆਰਾਮ ਨਹੀਂ ਮਿਲਿਆ ਹੈ।

**ਘੱਟ ਜਾਂ ਜ਼ਿਆਦਾ ਭੁੱਖ ਲੱਗ ਰਹੀ ਹੈ :** ਨੀਂਦ ਦੀ ਘਾਟ ਕਾਰਨ, ਭੁੱਖ ਨੂੰ ਕੰਟਰੋਲ ਕਰਨ ਵਾਲੇ ਹਾਰਮੋਨ – ਘਰੇਲਿਨ ਅਤੇ ਲੇਪਟਿਨ ਅਸੰਤੁਲਿਤ ਹੋ ਜਾਂਦੇ ਹਨ। ਇਸ ਨਾਲ ਜਾਂ ਤਾਂ ਬਹੁਤ ਜ਼ਿਆਦਾ ਭੁੱਖ ਲੱਗਦੀ ਹੈ ਜਾਂ ਬਿਲਕੁਲ ਵੀ ਭੁੱਖ ਨਹੀਂ ਲੱਗਦੀ। ਇਸ ਨਾਲ ਭਾਰ ਵਧਣ ਜਾਂ ਘਟਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

**ਅੱਖਾਂ ਦੇ ਹੇਠਾਂ ਕਾਲੇ ਘੇਰੇ ਅਤੇ ਸੋਜ :** ਜੇਕਰ ਤੁਹਾਡੀਆਂ ਅੱਖਾਂ ਦੇ ਹੇਠਾਂ ਲਗਾਤਾਰ ਕਾਲੇ ਘੇਰੇ ਰਹਿੰਦੇ ਹਨ ਜਾਂ ਤੁਹਾਡੀਆਂ ਅੱਖਾਂ ਸੁੱਜੀਆਂ ਦਿਖਾਈ ਦਿੰਦੀਆਂ ਹਨ, ਤਾਂ ਇਹ ਨੀਂਦ ਦੀ ਘਾਟ ਦਾ ਸੰਕੇਤ ਹੈ।

**ਅਕਸਰ ਬਿਮਾਰ ਹੋਣਾ :** ਨੀਂਦ ਸਾਡੀ ਇਮਿਊਨਿਟੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ। ਜੇਕਰ ਤੁਹਾਨੂੰ ਅਕਸਰ ਜ਼ੁਕਾਮ, ਖੰਘ ਜਾਂ ਇਨਫੈਕਸ਼ਨ ਹੋ ਰਹੀ ਹੈ, ਤਾਂ ਇਹ ਨੀਂਦ ਦੀ ਘਾਟ ਕਾਰਨ ਹੋ ਸਕਦਾ ਹੈ।

**ਦਿਲ ਦੀ ਧੜਕਣ ਵਧਣਾ ਜਾਂ ਬਲੱਡ ਪ੍ਰੈਸ਼ਰ ਵਧਣਾ :** ਅਨੀਂਦਰਾ ਜਾਂ ਨੀਂਦ ਦੀ ਘਾਟ ਦਿਲ ਨਾਲ ਸਬੰਧਤ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਤਣਾਅ ਦੇ ਹਾਰਮੋਨਾਂ ਵਿੱਚ ਵਾਧਾ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰਦਾ ਹੈ।

**ਰਾਤ ਨੂੰ ਵਾਰ-ਵਾਰ ਜਾਗਣਾ :** ਜੇਕਰ ਤੁਸੀਂ ਰਾਤ ਨੂੰ ਵਾਰ-ਵਾਰ ਜਾਗਦੇ ਹੋ ਅਤੇ ਦੁਬਾਰਾ ਸੌਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇਹ ਨੀਂਦ ਦੇ ਪੈਟਰਨ ਵਿੱਚ ਵਿਘਨ ਦੀ ਨਿਸ਼ਾਨੀ ਹੈ।

**ਦਿਨ ਵੇਲੇ ਝਪਕੀ :** ਜੇਕਰ ਤੁਸੀਂ ਦਿਨ ਵੇਲੇ ਬੈਠ ਕੇ ਨੀਂਦ ਮਹਿਸੂਸ ਕਰਦੇ ਹੋ ਜਾਂ ਝਪਕੀ ਲੈਂਦੇ ਹੋ, ਤਾਂ ਇਹ ਵੀ ਨੀਂਦ ਦੀ ਘਾਟ ਦਾ ਸੰਕੇਤ ਹੈ।

# ਰੋਜ਼ ਰਾਤ ਨੂੰ ਸੌਣ ਤੋਂ ਪਹਿਲਾਂ ਧੁੰਨੀ 'ਚ ਲਾਓ ਸਿਰਫ਼ ਦੋ ਬੂੰਦ ਨਾਰੀਅਲ ਤੇਲ

ਆਯੁਰਵੇਦ 'ਚ ਧੁੰਨੀ 'ਚ ਤੇਲ ਲਾਉਣਾ ਕਾਫੀ ਫਾਇਦੇਮੰਦ ਮੰਨਿਆ ਜਾਂਦਾ ਹੈ। ਆਯੁਰਵੇਦ ਅਨੁਸਾਰ, ਧੁੰਨੀ ਸਾਡੇ ਸਰੀਰ ਦਾ ਮਹੱਤਵਪੂਰਨ ਕੇਂਦਰ ਹੈ, ਜਿਸ ਤੋਂ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਊਰਜਾ ਪਹੁੰਚਦੀ ਹੈ। ਇਸ ਲਈ, ਰਾਤ ਨੂੰ ਧੁੰਨੀ 'ਚ ਤੇਲ ਲਾਉਣ ਕਾਫੀ ਲਾਭਦਾਇਕ ਸਾਬਿਤ ਹੋ ਸਕਦਾ ਹੈ। ਇਸ ਪ੍ਰਕਿਰਿਆ ਨੂੰ ਧੁੰਨੀ ਇਲਾਜ ਕਿਹਾ ਜਾਂਦਾ ਹੈ। ਨਾਰੀਅਲ ਤੇਲ 'ਚ ਕਈ ਔਸ਼ਧੀ ਗੁਣ ਹੁੰਦੇ ਹਨ ਜਿਸ ਕਾਰਨ ਇਹ ਸਾਡੀ ਸਿਹਤ ਲਈ ਲਾਭਦਾਇਕ ਸਾਬਤ ਹੁੰਦਾ ਹੈ। ਇਸ ਲਈ, ਇਸਨੂੰ ਧੁੰਨੀ 'ਚ ਲਗਾਉਣਾ ਕਾਫੀ ਫਾਇਦੇਮੰਦ ਹੁੰਦਾ ਹੈ। ਆਓ ਜਾਣਦੇ ਹਾਂ, ਰਾਤ ਨੂੰ ਧੁੰਨੀ 'ਚ ਨਾਰੀਅਲ ਤੇਲ ਲਾਉਣ ਦੇ ਫਾਇਦਿਆਂ ਬਾਰੇ।

**ਸਕਿੰਨ ਨੂੰ ਨਮੀ ਦਿੰਦਾ ਹੈ :** ਨਾਰੀਅਲ ਤੇਲ 'ਚ ਮੌਜੂਦ ਫੈਟੀ ਐਸਿਡ ਸਕਿੰਨ ਨੂੰ ਡੂੰਘਾਈ ਨਾਲ ਮੌਇਸਰਾਈਜ਼ ਕਰਦੇ ਹਨ। ਧੁੰਨੀ 'ਚ ਤੇਲ ਲਗਾਉਣ ਨਾਲ ਡ੍ਰਾਈ ਸਕਿੰਨ, ਖਾਰਿਸ਼ ਤੇ ਰੁੱਖੇਪਣ ਦੀ ਸਮੱਸਿਆ ਦੂਰ ਹੁੰਦੀ ਹੈ। ਇਹ ਸਰੀਰ 'ਚ ਕੁਦਰਤੀ ਤੇਲ ਦਾ ਬੈਲੈਂਸ ਬਣਾਈ ਰੱਖਦਾ ਹੈ।

**ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ :** ਧੁੰਨੀ ਜ਼ਰੀਏ ਤੇਲ ਦਾ ਅਬਜ਼ਾਰਪਸ਼ਨ ਹੁੰਦਾ ਹੈ। ਨਾਰੀਅਲ ਤੇਲ 'ਚ ਐਂਟੀ-ਬੈਕਟੀਰੀਅਲ ਤੇ ਐਂਟੀ-ਇਨਫਲੇਮਟਰੀ ਗੁਣ ਹੁੰਦੇ ਹਨ, ਜੋ ਪੇਟ ਦੀ ਗੈਸ, ਐਸਿਡਿਟੀ ਤੇ ਕਬਜ਼ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਮਦਦ ਕਰਦੇ ਹਨ।

**ਨੀਂਦ ਦੀ ਗੁਣਵੱਤਾ 'ਚ ਸੁਧਾਰ :** ਨਾਰੀਅਲ ਤੇਲ ਸਰੀਰ ਨੂੰ ਰਿਲੈਕਸ ਕਰਨ 'ਚ ਮਦਦ ਕਰਦਾ ਹੈ। ਇਸ ਨਾਲ ਤਣਾਅ ਤੇ ਚਿੰਤਾ ਘਟਦੀ ਹੈ। ਰਾਤ ਨੂੰ ਧੁੰਨੀ 'ਚ ਤੇਲ ਲਗਾਉਣ ਨਾਲ ਨਰਵਸ ਸਿਸਟਮ ਸ਼ਾਂਤ ਹੁੰਦਾ ਹੈ ਅਤੇ ਚੰਗੀ ਨੀਂਦ ਆਉਂਦੀ ਹੈ।

**ਜੋੜਾਂ ਦੇ ਦਰਦ ਤੋਂ ਰਾਹਤ :** ਨਾਰੀਅਲ ਤੇਲ ਦੀ ਹਲਕੀ ਮਾਲਿਸ਼ ਜੋੜਾਂ ਤੇ ਮਾਸਪੇਸ਼ੀਆਂ ਦੇ ਦਰਦ ਨੂੰ ਘਟਾਉਂਦੀ ਹੈ। ਇਹ ਸਰੀਰ 'ਚ ਖੂਨ ਦੇ ਪਰਵਾਹ ਨੂੰ ਬਿਹਤਰ ਬਣਾਉਂਦੀ ਹੈ, ਜਿਸ ਨਾਲ ਜਕੜਨ ਤੇ ਅਕੜਨ ਦੀ ਸਮੱਸਿਆ ਦੂਰ ਹੁੰਦੀ ਹੈ।

**ਇਮਿਊਨਿਟੀ ਬੂਸਟ ਕਰੇ :** ਨਾਰੀਅਲ ਤੇਲ 'ਚ ਲੌਰਿਕ ਐਸਿਡ ਹੁੰਦਾ ਹੈ, ਜੋ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਵਧਾਉਂਦਾ ਹੈ। ਨਿਯਮਤ ਤੌਰ 'ਤੇ ਧੁੰਨੀ 'ਚ ਤੇਲ ਲਗਾਉਣ ਨਾਲ ਇਨਫੈਕਸ਼ਨ ਅਤੇ ਸਿਰਦਰਦ-ਜ਼ੁਕਾਮ ਵਰਗੀਆਂ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।












# ਰਾਸ਼ੀਫਲ

**ਮੇਖ :** ਤੁਹਾਨੂੰ ਉਹ ਕੰਮ ਕਰਨੇ ਚਾਹੀਦੇ ਹਨ ਜੋ ਤੁਹਾਡੀ ਸਿਹਤ ਅਤੇ ਦਿਖਤਾ ਵਿਚ ਸੁਧਾਰ ਕਰਨ ਵਿਚ ਮਦਦ ਕਰੇ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਰਹੋਂਗੇਂ। ਬੱਚੇ ਜ਼ਿਆਦਾ ਸਮਾਂ ਨਾਲ ਬਿਤਾਉਣ ਦੀ ਗੱਲ ਕਰਨਗੇ ਪਰੰਤੂ ਉਨਾਂ ਦਾ ਵਿਵਹਾਰ ਸਹਿਯੋਗੀ ਅਤੇ ਸਮਝਦਾਰੀ ਭਰਿਆ ਹੋਵੇਗਾ। ਇਕ ਤਰਫਾ ਲਗਾਵ ਤੁਹਾਡੇ ਲਈ ਸਿਰਫ ਦਿਲ ਤੋੜਨ ਦਾ ਕੰਮ ਕਰੇਗਾ। ਲਾਭਦਾਇਕ ਦਿਨ ਹੈ ਇਸ ਲਈ ਕੋਸ਼ਿਸ਼ ਕਰੋ ਅਤੇ ਅੱਗੇ ਵਧੋ ਚੰਗੇ ਮੋਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਕਿਸੇ ਪਾਰਕ ਵਿਚ ਘੁੰਮਦੇ ਸਮੇਂ ਅੱਜ ਤੁਹਾਡੀ ਮੁਲਾਕਾਤ ਕਿਸੇ ਅਜਿਹੇ ਸਖਸ਼ ਨਾਲ ਹੋ ਸਕਦੀ ਹੈ ਜਿਸ ਨਾਲ ਅਤੀਤ ਵਿਚ ਤੁਹਾਡੇ ਮਤਭੇਦ ਸਨ। ਵਿਆਹੁਤ ਜ਼ਿੰਦਗੀ ਦੇ ਕੁਝ ਸਾਈਡ ਈਫੈਕਟ ਵੀ ਹੁੰਦੇ ਹਨ ਅੱਜ ਤੁਹਾਨੂੰ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਬ੍ਰਿਸ਼ਭ:** ਖਾਣ ਪੀਣ ਸਮੇਂ ਸਾਵਧਾਨ ਰਹੋ ਲਾਪਰਵਾਹੀ ਬਿਮਾਰੀ ਦੀ ਵਜਾਹ ਬਣ ਸਕਦੀ ਹੈ। ਅੱਜ ਤੁਹਾਡੇ ਮਾਤਾ ਪਿਤਾ ਤੁਹਾਡੀ ਲਾਈਫ ਸਟਾਈਲ ਅਤੇ ਫਿਜ਼ੂਲਖਰਚਿਆਂ ਨੂੰ ਦੇਖ ਕੇ ਚਿੰਤਤ ਹੋ ਸਕਦੇ ਹਨ ਇਸ ਲਈ ਉਨਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਬਣ ਸਕਦਾ ਹੈ। ਪਰਿਵਾਰਿਕ ਮੋਰਚੇ ਤੋ ਚੀਜਾਂ ਚੰਗੀਆਂ ਰਹਿਣਗੀਆਂ ਅਤੇ ਆਪਣੀ ਯੋਜਨਾ ਦੇ ਨਾਲ ਤੁਸੀ ਪੂਰੀ ਸਹਿਯੋਗ ਦੀ ਉਮੀਦ ਕਰ ਸਕਦੇ ਹੋ। ਤੁਸੀ ਅੱਜ ਜਾਣੋਗੇ ਕਿ ਤੁਹਾਡੇ ਪਾਰਟਨਰ ਦਾ ਤੁਹਾਡੇ ਪ੍ਰਤੀ ਪਿਆਰ ਵਾਕਾਈ ਸੱਚਾ ਤੇ ਆਤਮਿਕ ਹੈ। ਪੱਤਰ ਵਿਹਾਰ ਦੇ ਬੈਕਲਾਗ ਨੂੰ ਉੱਚ ਤਰਜੀਹ ਦੀ ਲੋੜ ਹੈ। ਕਾਰੋਬਾਰੀ ਕੰਮਕਾਰ ਦੇ ਸਿਲਸਿਲੇ ਵਿਚ ਕੀਤੀ ਗਈ ਯਾਤਰਾ ਲਾਭਦਾਇਕ ਸਾਬਿਤ ਹੋਵੇਗੀ। ਤੁਹਾਡੇ ਜੀਵਨਸਾਥੀ ਦੁਆਰਾ ਤੁਹਾਨੂੰ ਨੀਚਾ ਦਿਖਾਇਆ ਜਾ ਸਕਦਾ ਹੈ ਅਤੇ ਇਹ ਤੁਹਾਨੂੰ ਵਿਆਹ ਤੋੜਨ ਲਈ ਮਜ਼ਬੂਰ ਕਰ ਸਕਦਾ ਹੈ।

**ਮਿਥੁਨ:** ਕਿਸਮਤ ਦੇ ਭਰੋਸੇ ਨਾ ਬੈਠੋ ਅਤੇ ਆਪਣੀ ਸਿਹਤ ਸੁਧਾਰਨ ਦੇ ਲਈ ਖੁਦ ਮਿਹਨਤ ਕਰੋ ਕਿਉਂ ਕਿ ਹੱਥ ਤੇ ਹੱਥ ਧਰੇ ਬੈਠਿਆਂ ਕੁਝ ਨਹੀਂ ਹੋਣ ਵਾਲਾ। ਹੁਣ ਵਕਤ ਆ ਗਿਆ ਹੈ ਕਿ ਆਪਣਾ ਵਜ਼ਨ ਕਾਬੂ ਵਿਚ ਰੱਖੋ ਅਤੇ ਤਦੰਰੁਸਤ ਰਹਿਣ ਦੇ ਲਈ ਨਿਯਮਿਤ ਕਸਰਤ ਦਾ ਸਹਾਰਾ ਲਉ। ਤੰਗ ਆਰਥਿਕ ਹਲਾਤਾਂ ਦੇ ਚਲਦੇ ਕੋਈ ਅਹਿਮ ਕੰਮ ਵਿਚੇ ਹੀ ਅਟਕ ਸਕਦਾ ਹੈ। ਮਨੋਰੰਜਨ ਨਾਲ ਜੁੜੀ ਗਤੀਵਿਧਿਆਂ ਮਜ਼ੇਦਾਰ ਰਹਿਣਗੀਆਂ ਜੇਕਰ ਪਰਿਵਾਰ ਦੀ ਉਸ ਵਿਚ ਸ਼ਮੂਲੀਅਤ ਹੋਵੇ। ਤੁਹਾਨੂੰ ਆਪਣੀ ਤਰਫ ਤੋਂ ਸਭ ਬੇਹਤਰ ਤਰੀਕੇ ਨਾਲ ਵਿਵਹਾਰ ਕਰਨ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਡਾ ਪ੍ਰੇਮੀ ਜਲਦ ਹੀ ਨਾਰਾਜ ਹੋ ਸਕਦਾ ਹੈ। ਰਚਨਾਤਮਕ ਕੰਮ ਵਿਚ ਲੱਗੇ ਲੋਕਾਂ ਦੇ ਲਈ ਸਫਲਤਾ ਨਾਲ ਭਰਿਆ ਦਿਨ ਹੈ ਉਨਾਂ ਨੂੰ ਉਹ ਸ਼ੋਹਰਤ ਅਤੇ ਪਹਿਚਾਣ ਮਿਲੇਗੀ ਜਿਸ ਦੀ ਉਨਾਂ ਨੂੰ ਲੰਬੇ ਸਮੇਂ ਤੋਂ ਉਡੀਕ ਸੀ। ਤੁਹਾਡਾ ਜੀਵਨ ਸਾਥੀ ਤੁਹਾਡੇ ਕੋਲੋਂ ਕੁਝ ਸਮਾਂ ਮੰਗਦਾ ਹੈ ਪਰੰਤੂ ਤੁਸੀ ਉਨਾਂ ਨੂੰ ਪੂਰਾ ਸਮਾਂ ਨਹੀਂ ਦੇ ਪਾਉਂਦੇ ਜਿਸ ਨਾਲ ਉਹ ਨਾਰਾਜ਼ ਹੋ ਸਕਦਾ ਹੈ ਅੱਜ ਉਨਾਂ ਦੀ ਇਹ ਨਾਰਾਜ਼ਗੀ ਸਪਸ਼ਟਤਾ ਦੇ ਨਾਲ ਬਾਹਰ ਆ ਸਕਦੀ ਹੈ। ਖਰਾਬ ਮਿਜ਼ਾਜ ਦੇ ਚਲਦੇ ਤੁਸੀ ਮਹਿਸੂਸ ਕਰ ਸਕਦੇ ਹੋ ਕਿ ਤੁਹਾਡੇ ਜੀਵਨ ਸਾਥੀ ਦਾ ਮੂਡ ਆਫ ਹੈ।

**ਕਰਕ :** ਤੁਹਾਨੂੰ ਕੰਮ ਦੇ ਮੋਰਚੇ ਤੇ ਧੱਕਾ ਲੱਗ ਸਕਦਾ ਹੈ ਕਿਉਂ ਕਿ ਤੁਹਾਡੀ ਸਿਹਤ ਤੁਹਾਡੇ ਨਾਲ ਨਹੀਂ ਹੈ ਅਤੇ ਇਸਦੇ ਚਲਦੇ ਤੁਹਾਨੂੰ ਕੋਈ ਜ਼ਰੂਰੀ ਕੰਮ ਵਿੱਚੇ ਹੀ ਛੱਡਣਾ ਪੈ ਸਕਦਾ ਹੈ ਅਜਿਹੇ ਹਾਲਾਤ ਵਿਚ ਸਬਰ ਅਤੇ ਹੋਸ਼ਿਆਰੀ ਤੋਂ ਕੰਮ ਲਉ। ਜੇਕਰ ਵਿਆਹੇਵਰੇ ਹੋ ਤਾਂ ਅੱਜ ਆਪਣੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖੋ ਕਿਉਂ ਕਿ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਉਨਾਂ ਦੀ ਸਿਹਤ ਖਰਾਬ ਹੋ ਸਕਦੀ ਹੈ ਅਤੇ ਤੁਹਾਨੂੰ ਉਨਾਂ ਦੀ ਸਿਹਤ ਤੇ ਕਾਫੀ ਖਰਚਾ ਕਰਨਾ ਪੈ ਸਕਦਾ ਹੈ। ਦੋਸਤਾਂ ਦੇ ਨਾਲ ਸ਼ਾਮ ਬਿਤਾਉਣਾ ਜਾਂ ਖਰੀਦਦਾਰੀ ਕਰਨਾ ਮਜ਼ੇਦਾਰ ਅਤੇ ਰੋਮਾਂਚਕ ਰਹੇਗਾ। ਕੋਈ ਤੁਹਾਨੂੰ ਪਿਆਰ ਤੋਂ ਦੂਰ ਨਹੀਂ ਕਰ ਸਕਦਾ। ਤੁਹਾਨੂੰ ਕੰਮਕਾਰ ਵਿਚ ਚੰਗੇ ਨਤੀਜੇ ਪਾਉਣ ਦੇ ਲਈ ਆਪਣੇ ਕੰਮ ਕਰਨ ਦੇ ਤਰੀਕੇ ਤੇ ਧਿਆਨ ਦੇਣ ਦੀ ਲੋੜ ਹੈ ਨਹੀਂ ਤਾਂ ਤੁਸੀ ਬੋਸ ਦੀਆਂ ਨਜ਼ਰਾਂ ਵਿਚ ਤੁਹਾਡੀ ਨਾਕਾਰਤਮਕ ਥਾਂ ਬਣ ਸਕਦੀ ਹੈ। ਕੰਮ ਨੂੰ ਸਮੇਂ ਸਿਰ ਨਿਬੇੜ ਕੇ ਜਲਦੀ ਘਰ ਜਾਣਾ ਅੱਜ ਤੁਹਾਡੇ ਲਈ ਚੰਗਾ ਰਹੇਗਾ ਇਸ ਨਾਲ ਪਰਿਵਾਰ ਵਾਲਿਆਂ ਨੂੰ ਖੁਸ਼ੀ ਮਿਲੇਗੀ ਅਤੇ ਤੁਸੀ ਵੀ ਤਰੋਤਾਜ਼ਾ ਮਹਿਸੂਸ ਕਰੋਂਗੇ। ਅੱਜ ਤੁਸੀ ਮਹਿਸੂਸ ਕਰੋਂਗੇ ਕਿ ਤੁਹਾਡਾ ਵਿਆਹ ਕਦੇ ਇਨਾ ਖ਼ੂਬਸੂਰਤ ਨਹੀਂ ਰਿਹਾ ਸੀ।

**ਸਿੰਘ:** ਅੱਜ ਤੁਹਾਡੀ ਸਿਹਤ ਪੂਰੀ ਤਰਾਂ ਠੀਕ ਰਹਿਣ ਦੀ ਪੂਰੀ ਉਮੀਦ ਹੈ ਤੁਹਾਡੀ ਚੰਗੀ ਸਿਹਤ ਦੇ ਚਲਦੇ ਆਪਣੇ ਦੋਸਤਾਂ ਦੇ ਨਾਲ ਖੇਡਣ ਦੀ ਯੋਜਨਾ ਬਣ ਸਕਦੀ ਹੈ। ਤੁਹਾਡੀ ਗੈਰ ਪਦਾਰਥਵਾਦੀ ਯੋਜਨਾਵਾਂ ਤੁਹਾਡੇ ਧੰਨ ਨੂੰ ਘੱਟ ਕਰ ਸਕਦੀ ਹੈ । ਵਿਅਕਤੀਗਤ ਮਾਮਲੇ ਸੁਲਝਾਉਂਦੇ ਸਮੇਂ ਉਦਾਰਤਾ ਦਿਖਾਉ ਆਪਣੀ ਜ਼ੁਬਾਨ ਤੇ ਕਾਬੂ ਰੱਖੋ ਤਾਂ ਕਿ ਉਨਾਂ ਨੂੰ ਚੋਟ ਨਾ ਪਹੁੰਚੇ ਜੋ ਤੁਹਾਨੂੰ ਪਿਆਰ ਕਰਦੇ ਹਨ ਅਤੇ ਤੁਹਾਡੀ ਪਰਵਾਹ ਕਰਦੇ ਹਨ। ਸਰੀਰਕ ਹੋਂਦ ਦਾ ਹੁਣ ਕੋਈ ਵਿਚਾਰ ਨਹੀਂ ਤੁਸੀ ਹਰ ਸਮੇਂ ਆਪਣੇ ਆਪ ਨੂੰ ਪਿਆਰ ਵਿਚ ਮਹਿਸੂਸ ਕਰਦੇ ਹੋ। ਨਵੇਂ ਪਰੋਜੈਕਟ ਅਤੇ ਖਰਚਿਆਂ ਨੂੰ ਰੋਕ ਦਿਉ। ਅੱਜ ਤੁਸੀ ਸਾਰਾ ਦਿਨ ਨਵੇਂ ਵਿਚਾਰਾਂ ਨਾਲ ਭਰਪੂਰ ਰਹੋਂਗੇ ਤੁਸੀ ਜਿਨਾਂ ਕੰਮਾਂ ਨੂੰ ਕਰਨ ਦੇ ਲਈ ਚੁਣੋਂਗੇ ਉਹ ਤੁਹਾਡੀ ਉਮੀਦ ਤੋਂ ਜ਼ਿਆਦਾ ਲਾਭ ਦੇਣਗੇ। ਤੁਹਾਨੂੰ ਅੱਜ ਲੰਬੇ ਸਮੇਂ ਬਾਅਦ ਆਪਣੇ ਜੀਵਨਸਾਥੀ ਤੋਂ ਆਰਾਮਦਾਇਕ ਅਤੇ ਨਿੱਘੀ ਜੱਫੀ ਮਿਲ ਸਕਦੀ ਹੈ।

**ਕੰਨਿਆ:** ਸਿਹਤ ਦਾ ਖਿਆਲ ਰੱਖੋ ਨਹੀਂ ਤਾਂ ਲੈਣੇ ਦੇ ਦੇਣੇ ਪੈ ਸਕਦਾ ਹੈ। ਜਿਨਾਂ ਲੋਕਾਂ ਨੇ ਜ਼ਮੀਨ ਖਰੀਦੀ ਸੀ ਅਤੇ ਹੁਣ ਉਸ ਨੂੰ ਵੇਚਣਾ ਚਾਹੁੰਦੇ ਹਨ ਉਨਾਂ ਨੂੰ ਅੱਜ ਚੰਗਾ ਖਰੀਦਦਾਰ ਮਿਲ ਸਕਦਾ ਹੈ ਅਤੇ ਜਮੀਨ ਵੇਚ ਕੇ ਚੰਗਾ ਮਿਲ ਸਕਦਾ ਹੈ। ਅਜਿਹੇ ਮੁੱਦਿਆਂ ਤੇ ਗੱਲ ਕਰਨ ਤੋਂ ਬਚੋ ਜਿਨਾਂ ਨੂੰ ਲੈ ਕੇ ਪਿਆਰ ਤੋਂ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ। ਤੁਹਾਨੂੰ ਭਾਵਨਾਤਮਕ ਮੁਸ਼ਕਿਲ ਪਰੇਸ਼ਾਨ ਕਰ ਸਕਦੀ ਹੈ। ਵਪਾਰਕ ਸ਼ੋ ਅਤੇ ਸੈਮਿਨਾਰਾਂ ਆਦਿ ਵਿਚ ਭਾਗੀਦਾਰੀ ਤੁਹਾਡੇ ਵਪਾਰਕ ਸੰਪਰਕਾਂ ਵਿਚ ਸੁਧਾਰ ਲਿਆਵੇਗੀ। ਅੱਜ ਤੁਸੀ ਆਪਣਾ ਦਿਨ ਸਾਰੇ ਰਿਸ਼ਤੇਦਾਰਾਂ ਤੋਂ ਦੂਰ ਇਕ ਸ਼ਾਤ ਸਥਾਨ ਤੇ ਬਿਤਾਉਣਾ ਪਸੰਦ ਕਰੋਂਗੇ। ਜੀਵਨ ਸਾਥੀ ਦੀ ਖਰਾਬ ਸਿਹਤ ਦੇ ਚਲਦੇ ਤੁਸੀ ਚਿੰਤਾਗ੍ਰਸਤ ਹੋ ਸਕਦੇ ਹੋ।

**ਤੁਲਾ:** ਦਿਨ ਦੇ ਕੰਮਾਂ ਨੂੰ ਸਿਹਤ ਬਰਦਾਸ਼ਤ ਕਰ ਸਕਦੀ ਹੈ। ਜਿਹੜੇ ਲੋਕਾਂ ਨੇ ਕਿਸੇ ਤੋਂ ਲਿਆ ਹੋਇਆ ਹੈ ਉਨ੍ਹਾਂ ਨੂੰ ਅੱਜ ਕਿਸੇ ਵੀ ਹਾਲਤ ਵਿਚ ਉਧਾਰ ਵਾਪਿਸ ਦੇਣਾ ਪੈ ਸਕਦਾ ਹੈ ਜਿਸ ਨਾਲ ਆਰਥਿਕ ਸਥਿਤੀ ਕਮਜ਼ੋਰ ਹੋ

ਜਾਵੇਗੀ। ਬੱਚੇ ਤੁਹਾਡੇ ਜੀਵਨ ਨੂੰ ਬਹੁਤ ਮੁਸ਼ਕਿਲ ਬਣਾ ਸਕਦੇ ਹਨ ਪਿਆਰ ਹਥਿਆਰ ਦਾ ਇਸਤੇਮਾਲ ਕਰ ਕੇ ਉਨਾਂ ਨੂੰ ਸਮਝਾਉ ਅਣਚਾਹੇ ਤਣਾਵ ਤੋਂ ਬਚੋ ਯਾਦ ਰੱਖੋ ਕਿ ਪਿਆਰ ਹੀ ਪਿਆਰ ਨੂੰ ਪੈਦਾ ਕਰਦਾ ਹੈ। ਅੱਜ ਤੁਹਾਨੂੰ ਪਿਆਰ ਦੀ ਅਮੀਰ ਚੋਕਲੇਟ ਦਾ ਸਵਾਦ ਦੇਖਣ ਨੂੰ ਮਿਲੇਗਾ। ਆਪਣੇ ਪੇਸ਼ੇਵਰ ਹੁੱਨਰਾਂ ਨੂੰ ਵਧਾਕੇ ਆਪਣਾ ਕਰੀਅਰ ਵਿਚ ਨਵੇਂ ਦਰਵਾਜ਼ੇ ਖੋਲ ਸਕਦੇ ਹਨ ਤੁਹਾਨੂੰ ਆਪਣੇ ਉਪਾਰ ਸਫਲਤਾ ਮਿਲਣ ਦੀ ਸੰਭਾਵਨਾ ਹੈ ਤੁਸੀ ਸਭ ਹੁੱਨਰਾਂ ਨੂੰ ਨਿਖਾਰ ਕੇ ਹੋਰਾਂ ਤੋਂ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੋ। ਆਪਣੇ ਕੰਮ ਤੋਂ ਆਰਾਮ ਲੈ ਕੇ ਅੱਜ ਤੁਸੀ ਕੁਝ ਸਮਾਂ ਆਪਣੇ ਜੀਵਨ ਸਾਥੀ ਦੇ ਨਾਲ ਬਿਤਾ ਸਕਦੇ ਹੋ। ਚੀਜ਼ਾਂ ਸੱਚਮੁਚ ਸ਼ਾਨਦਾਰ ਲੱਗਦੀਆਂ ਹਨ ਜਦੋਂ ਇਹ ਤੁਹਾਡੇ ਵਿਆਹੁਤ ਜੀਵਨ ਤੇ ਆਉਂਦੀਆਂ ਹਨ।

**ਬ੍ਰਿਸ਼ਚਕ:** ਖੁਦ ਹੀ ਆਪਣਾ ਇਲਾਜ ਕਰਨਾ ਘਾਤਕ ਸਿੱਧ ਹੋ ਸਕਦਾ ਹੈ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਉ ਨਹੀਂ ਤਾ ਲੈਣੇ ਦੇ ਦੇਣੇ ਪੈ ਸਕਦੇ ਹਨ। ਜੋ ਲੋਕ ਦੁੱਧ ਉਦਯੋਗ ਨਾਲ ਜੁੜੇ ਹਨ ਉਨਾਂ ਨੂੰ ਅੱਜ ਆਰਥਿਕ ਲਾਭ ਹੋਣ ਦੀ ਪ੍ਰਬਲ ਸੰਭਾਵਨਾ ਹੈ। ਤੁਹਾਡਾ ਜ਼ਿਆਦਾਤਰ ਸਮਾਂ ਦੋਸਤ ਅਤੇ ਪਰਿਵਾਰ ਦੇ ਨਾਲ ਬੀਤੇਗਾ। ਅੱਜ ਦੇ ਦਿਨ ਤੁਸੀ ਕਿਸੀ ਕੁਦਰਤੀ ਖ਼ੂਬਸੂਰਤੀ ਨਾਲ ਖੁਦ ਨਾਲ ਇਕਮਿਕ ਮਹਿਸੂਸ ਕਰੋਂਗੇ ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ । ਅੱਜ ਤੁਸੀ ਆਪਣੇ ਵਿਅਸਤ ਸ਼ੈਡਯੂਲ ਵਿਚੋਂ ਸਮਾਂ ਕੱਢ ਕੇ ਆਪਣੇ ਆਪ ਲਈ ਅਤੇ ਆਪਣੇ ਜੀਵਨ ਸਾਥੀ ਨਾਲ ਬਾਹਰ ਜਾ ਸਕਦੇ ਹੋ ਹਾਲਾਂ ਕਿ ਇਸ ਸਮੇਂ ਦੋਰਾਨ ਤੁਹਾਡੇ ਦੋਵਾਂ ਵਿਚਕਾਰ ਥੋੜੀ ਬਹੁਤ ਕਹਿਸੁਣੀ ਹੋ ਸਕਦੀ ਹੈ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ ਸਮਝੋਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀ ਅੱਜ ਜਾਣੋਂਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋਂ ਚੰਗੀ ਘਟਨਾ ਸੀ।

**ਧਨੂੰ:** ਖੁਦ ਹੀ ਆਪਣਾ ਇਲਾਜ ਕਰਨਾ ਘਾਤਕ ਸਿੱਧ ਹੋ ਸਕਦਾ ਹੈ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਉ ਨਹੀਂ ਤਾ ਲੈਣੇ ਦੇ ਦੇਣੇ ਪੈ ਸਕਦੇ ਹਨ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਕੰਮ ਕਾਰ ਵਿਚ ਲੋੜ ਤੋਂ ਜ਼ਿਆਦਾ ਤਣਾਵ ਦੇ ਚਲਦੇ ਪਰਿਵਾਰ ਦੀਆਂ ਲੋੜਾਂ ਅਤੇ ਇਛਾਵਾਂ ਨੂੰ ਨਾਕਾਰਤਮਕ ਨਾ ਕਰੋ। ਰੋਮਾਂਸ ਤੁਹਾਡੇ ਦਿਲ ਅਤੇ ਦਿਮਾਗ ਨੂੰ ਨਿਯੰਤਰਿਤ ਕਰਦਾ ਹੈ। ਦਫਤਰ ਦੇ ਅੰਦਰ ਦੀ ਜਗ੍ਹਾਂ ਤੇ ਘੁੰਮਣ ਫਿਰਨ ਤੋਂ ਬਚੋ ਇਹ ਤੁਹਾਡੀ ਈਮੇਜ਼ ਨੂੰ ਵਿਗਾੜ ਸਕਦਾ ਹੈ ਇਹ ਤੁਹਾਡੀ ਇੱਛਾ ਹੈ ਕਿ ਤੁਸੀ ਗੱਲਬਾਤ ਰਾਹੀਂ ਕਿਸੇ ਨਾਲ ਜੁੜਨਾ ਚਾਹੁੰਦੇ ਹੋ ਤਾਂ ਦਫਤਰ ਦੇ ਅੰਦਰ ਉਨਾਂ ਨਾਲ ਗੱਲ ਕਰਦੇ ਹੋਏ ਦੂਰੀ ਬਣਾਈ ਰੱਖੋ। ਅੱਜ ਸ਼ੁਰੂ ਕੀਤਾ ਨਿਰਮਾਣ ਦਾ ਕੰਮ ਸੰਤੋਸ਼ਜਨਕ ਰੂਪ ਵਿਚ ਪੂਰਾ ਹੋਵੇਗਾ। ਦਿਨ ਸੱਚਮੁਚ ਰੋਮਾਂਟਿਕ ਹੈ ਨਾਲ ਵਧੀਆ ਖਾਣਾ, ਖ਼ੁਸ਼ਬੂ, ਖੁਸ਼ੀਆਂ ਤੁਸੀ ਆਪਣੇ ਹਮਦਮ ਦੇ ਨਾਲ ਬੇਹਤਰੀਨ ਸਮਾਂ ਬਿਤਾ ਸਕਦੇ ਹੋ।

**ਮਕਰ:** ਬਾਹਰੀ ਗਤੀਵਿਧੀਆਂ ਤੁਹਾਡੇ ਲਈ ਲਾਭਦਾਇਕ ਹੋਣਗੀਆਂ ਕਿਲੇਬੰਦੀ ਵਾਲੀ ਜੀਵਨ ਸ਼ੈਲੀ ਵਿਚ ਬੰਨੇ ਰਹਿਣਾ ਅਤੇ ਹਮੇਸ਼ਾ ਆਪਣੀ ਸੁਰੱਖਿਆ ਦੀ ਚਿੰਤਾ ਕਰਨਾ ਤੁਹਾਡੇ ਲਈ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਰੋਕ ਦੇਣਗੇ। ਇਹ ਆਦਤ ਤੁਹਾਨੂੰ ਚਿੜਚਿੜਾ ਅਤੇ ਬੈਚੇਨ ਇਨਸਾਨ ਬਣਾ ਸਕਦੀ ਹੈ। ਕਿਸੇ ਕਰੀਬੀ ਰਿਸ਼ਤੇਦਾਰ ਦੀ ਮਦਦ ਨਾਲ ਤੁਸੀ ਆਪਣੇ ਕਾਰੋਬਾਰ ਨੂੰ ਵਧੀਆ ਕਰ ਸਕਦੇ ਹੋ, ਜਿਸ ਨਾਲ ਤੁਹਾਨੂੰ ਆਰਥਿਕ ਲਾਭ ਵੀ ਹੋਵੇਗਾ। ਅਜਿਹੇ ਵਿਵਾਦ ਪ੍ਰਸਤ ਮੁੱਦਿਆਂ ਤੇ ਬਹਿਸ ਕਰਨ ਤੋਂ ਬਚੋ ਜੋ ਤੁਹਾਡੇ ਪਿਆਰ ਦੇ ਵਿਚਕਾਰ ਪ੍ਰਤੀਰੋਧ ਪੈਦਾ ਕਰ ਸਕਦੇ ਹਨ। ਆਪਣੇ ਰੁਮਾਂਟਿਕ ਖਿਆਲਾਂ ਨੂੰ ਹਰ ਕਿਸੇ ਨੂੰ ਦੱਸਣ ਤੋਂ ਬਚੋ। ਉਨਾਂ ਕੰਮਾਂ ਦਾ ਸਿਹਰਾ ਕਿਸੇ ਨੂੰ ਨਾ ਦਿਉ ਜੋ ਤੁਸੀ ਕਰਦੇ ਹੋ। ਅੱਜ ਲੋਕ ਤੁਹਾਡੀ ਉਹ ਹੀ ਪ੍ਰਸੰਸਾ ਕਰਨਗੇ ਜਿਸ ਨੂੰ ਤੁਸੀ ਹਮੇਸ਼ਾ ਤੋਂ ਸੁਣਨਾ ਚਾਹੁੰਦੇ ਹੋ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

**ਕੁੰਭ:** ਨਿਰਾਸ਼ਾਵਾਦੀ ਨਜ਼ਰੀਏ ਤੋਂ ਬਚੋ ਕਿਉਂ ਕਿ ਨਾ ਸਿਰਫ ਇਹ ਤੁਹਾਡੀ ਸੰਭਾਵਨਾ ਨੂੰ ਘੱਟ ਕਰ ਦੇਵੇਗਾ ਬਲ ਕਿ ਸਰੀਰ ਦੇ ਅਤਿਰਿਕਤ ਸੰਤੁਲਨ ਨੂੰ ਵਿਗਾੜ ਦੇਵੇਗਾ। ਤੁਹਾਨੂੰ ਮੇਰੀ ਸਲਾਹ ਹੈ ਕਿ ਸ਼ਰਾਬ ਅਤੇ ਸਿਗਰਟ ਜਿਹੀ ਚੀਜਾਂ ਤੇ ਪੈਸਾ ਖਰਚ ਨਾ ਕਰੋ ਅਜਿਹਾ ਕਰਨਾ ਤੁਹਾਡੇ ਸਿਹਤ ਨੂੰ ਖਰਾਬ ਕਰਦੀ ਹੀ ਹੈ ਤੁਹਾਡੀ ਆਰਥਿਕ ਸਥਿਤੀ ਵੀ ਇਸ ਨਾਲ ਵਿਗੜਦੀ ਹੈ। ਤੁਹਾਡੇ ਵਿਅਕਤੀਗਤ ਯੋਜਨਾ ਤੇ ਕੋਈ ਵੱਡੀ ਚੀਜ ਹੋਣ ਵਾਲੀ ਹੈ ਜੋ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਖੁਸ਼ੀ ਲੈ ਕੇ ਆਵੇਗੀ। ਤੁਹਾਡਾ ਪਿਆਰ ਨਵੀਂ ਉਚਾਈ ਤੇ ਚੜੇਗਾ ਤੁਹਾਡਾ ਦਿਨ ਤੁਹਾਡੇ ਪਿਆਰ ਦੀ ਮੁਸਕਾਨ ਨਾਲ ਸ਼ੁਰੂ ਹੋਵੇਗਾ ਅਤੇ ਖਤਮ ਵਿਚ ਸੁਪਨਿਆਂ ਵਿਚ ਹੋਵੇਗਾ ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡੇ ਪਰਿਵਾਰ ਦਾ ਸਹਿਯੋਗ ਹੀ ਕੰਮਕਾਰ ਵਿਚ ਤੁਹਾਡੇ ਚੰਗੇ ਪ੍ਰਦਸ਼ਨ ਦੇ ਲਈ ਜ਼ਿੰਮੇਦਾਰ ਹੈ। ਜੇਕਰ ਤੁਹਾਨੂੰ ਕਿਸੇ ਦਲੀਲ ਵਿਚ ਪਾਇਆ ਜਾਵੇ ਧਿਆਨ ਰੱਖੋ ਕਿ ਸਖਤ ਟਿਪਣੀਆਂ ਨਾ ਕਰੋ। ਰਿਸ਼ਤੇ ਉੱਪਰ ਸਵਰਗ ਵਿਚ ਬਣਦੇ ਹਨ ਅੱਜ ਤੁਹਾਡਾ ਜੀਵਨਸਾਥੀ ਇਹ ਸਾਬਿਤ ਕਰੇਗਾ।

**ਮੀਨ:** ਦੂਸਰਿਆਂ ਦੀ ਆਲੋਚਨਾ ਕਰਨ ਦੀ ਤੁਹਾਡੀ ਆਦਤ ਦੇ ਕਾਰਨ ਤੁਹਾਨੂੰ ਵੀ ਆਲੋਚਨਾ ਦਾ ਸ਼ਿਕਾਰ ਹੋਣਾ ਪਵੇਗਾ ਆਪਣਾ ਸੈਂਸ ਆਫ ਹਾਸਾ ਦਰੁਸਤ ਰੱਖੋ ਅਤੇ ਪਲਟ ਕੇ ਤਲਖ ਜਵਾਬ ਦੇਣ ਤੋਂ ਬਚੋ ਇਸ ਤਰਾਂ ਕਰਨ ਤੇ ਤੁਸੀ ਆਸਾਨੀ ਨਾਲ ਦੂਸਰਿਆਂ ਦੀ ਟਿੱਪਣੀਆਂ ਤੋਂ ਛੁੱਟਕਾਰਾ ਪਾ ਲਵੋਂਗੇ। ਨਵਾਂ ਆਰਥਿਕ ਸੋਦਾ ਆਖਰ ਰੂਪ ਲਵੇਗਾ ਅਤੇ ਪੈਸਾ ਤੁਹਾਡੇ ਵੱਲ ਆਵੇਗਾ। ਘਰ ਵਿਚ ਉਲਾਸ ਦਾ ਮਾਹੋਲ ਤੁਹਾਡੇ ਤਣਾਅ ਨੂੰ ਘੱਟ ਕਰ ਦੇਵੇਗਾ। ਤੁਸੀ ਵੀ ਪੂਰੀ ਸਹਾਭੀਗਤਾ ਕਰੋ ਅਤੇ ਮਹਿਜ਼ ਸ਼ਾਤ ਦਰਸ਼ਕ ਨਾ ਬਣੋ। ਪਿਆਰ ਬਹਾਰ ਦੀ ਤਰਾਂ ਹੈ ਫੁਲਾਂ, ਹਵਾ, ਧੁੱਪ, ਤਿਤਲੀਆਂ ਤੁਸੀ ਅੱਜ ਰੋਮਾਂਟਿਕ ਗੁੰਝਲਦਾਰ ਮਹਿਸੂਸ ਕਰੋਂਗੇ। ਤੁਸੀ ਸਖਤ ਮਿਹਨਤ ਅਤੇ ਧੀਰਜ ਦੇ ਬਲ ਤੇ ਆਪਣੇ ਉਦੇਸ਼ ਨੂੰ ਹਾਸਿਲ ਕਰ ਸਕਦੇ ਹੋ। ਅੱਜ ਤੁਸੀ ਆਪਣਾ ਸਮਾਂ ਉਨਾਂ ਚੀਜਾਂ ਤੇ ਬਿਤਾ ਸਕਦੇ ਹੋ ਜੋ ਜ਼ਰੂਰੀ ਜਾਂ ਖ਼ਾਸ ਨਹੀਂ ਹਨ। ਅੱਜ ਦਾ ਦਿਨ ਤੁਹਾਡੇ ਲਈ ਚੰਗਾ ਨਹੀਂ ਰਹੇਗਾ ਕਿਉਂਕਿ ਤੁਹਾਡੀ ਕਈ ਮਾਮਲਿਆਂ ਵਿਚ ਤੁਹਾਡੀ ਅਸਹਿਮਤੀ ਰਹਿ ਸਕਦੀ ਹੈ ਇਸ ਨਾਲ ਤੁਹਾਡੇ ਸੰਬੰਧ ਕਮਜ਼ੋਰ ਹੋ ਸਕਦੇ ਹਨ।

# ਤੁਰਦਾ-ਤੁਰਦਾ ਹੀ ਤੁਰ ਗਿਐ, ਬਾਬਾ ਫ਼ੌਜਾ ਸਿੰਘ...









ਡਾ. ਸੁਖਦੇਵ ਸਿੰਘ ਝੰਡ
ਫ਼ੋਨ :+1 647-567-9128

ਬਾਬਾ ਫ਼ੌਜਾ ਸਿੰਘ ਚਲਾ ਗਿਆ। ... ਉਹ ਤੁਰਦਾ-ਤੁਰਦਾ ਹੀ ਤੁਰ ਗਿਆ ਹੈ। ਹਜ਼ਾਰਾਂ ਨੂੰ ਨਹੀਂ, ਸਗੋਂ ਲੱਖਾਂ ਨੂੰ ਹੀ ਉਸ ਨੇ ਕੇਵਲ ਤੁਰਨ ਨਹੀਂ ਲਾਇਆ, ਬਲਕਿ ਦੌੜਨ ਲਾਇਆ ਹੈ। ਬਾਬਾ ਫ਼ੌਜਾ ਸਿੰਘ ਨੇ ਆਪ 80 ਸਾਲ ਵਿੱਚ ਦੌੜਨਾ ਸ਼ੁਰੂ ਕੀਤਾ, ਜਦੋਂ ਬਹੁਤੇ ਬਾਬੇ 'ਸਿਵਿਆਂ ਦੇ ਰਾਹ' ਪੈਂ ਜਾਂਦੇ ਹਨ। ... ਤੇ ਉਹ ਵੀ ਜਦੋਂ ਭਰ-ਜਵਾਨ ਪੁੱਤਰ ਕੁਲਦੀਪ ਸਿੰਘ ਦੀ ਮੌਤ ਨੇ ਉਸ ਨੂੰ ਕਮਲ਼ਾ-ਰਮਲ਼ਾ ਜਿਹਾ ਕਰ ਦਿੱਤਾ ਅਤੇ ਉਸ ਦੇ ਵਿਯੋਗ ਵਿੱਚ ਉਹ ਜਲੰਧਰ ਜ਼ਿਲੇ ਦੇ ਬਿਆਸਪਿੰਡ ਦੇ ਕਦੇ ਕਿਸੇ ਪਾਸੇ ਤੇ ਕਦੇ ਕਿਸੇ ਪਾਸੇ ਕੱਚੇ 'ਪਹਿਆਂ' ਵਿੱਚ ਦੌੜਦਾ ਫਿਰਦਾ ਆਪਣੇ ਗ਼ਮ ਨੂੰ ਘੱਟ ਕਰਨ ਦਾ ਯਤਨ ਕਰਦਾ। ਫਿਰ ਇੱਕ 'ਜੌਹਰੀ' ਦੀ ਨਜ਼ਰ ਮੀਲਾਂ-ਬੱਧੀ ਦੌੜਦੇ ਹੋਏ ਇਸ 'ਨਗੀਨੇ' ਉੱਪਰ ਪੈ ਗਈ ਅਤੇ ਉਸਨੇ ਬਾਬਾ ਫ਼ੌਜਾਸਿੰਘ ਨੂੰ ਸੀਨੀਅਰ ਬਜ਼ੁਰਗਾਂ ਦੇ ਮੁਕਾਬਲੇ ਦੀ ਦੌੜ ਵਿੱਚ ਦੌੜਨ ਦੀ ਸਲਾਹ ਦਿੱਤੀ ਜੋ ਇਨ੍ਹਾਂ ਦੇ ਮਨ ਨੂੰ ਭਾਅ ਗਈ। ਉਹ 'ਜੌਹਰੀ' 10,000 ਮੀਟਰ ਦਾ ਦੌੜਾਕ ਹਰਮੰਦਰ ਸਿੰਘ ਸੀ, ਜਿਸਨੇ 'ਕੋਚ' ਦੇ ਰੂਪ ਵਿੱਚ ਬਾਬਾ ਜੀ ਦੀ ਅਗਵਾਈ ਕੀਤੀ ਅਤੇ ਜਦੋਂ ਉਸ ਨੂੰ ਯਕੀਨ ਹੋ ਗਿਆ ਕਿ ਬਾਬਾ ਜੀ ਹੁਣ ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈ ਸਕਦੇ ਹਨ ਤਾਂ ਉਸਨੇ ਉਨ੍ਹਾਂ ਨੂੰ ਉੱਥੇ ਦੌੜਨ ਲਾ ਦਿੱਤਾ। ... ਤੇ ਫਿਰ ਉਸ ਤੋਂ ਬਾਅਦ, ਚੱਲ ਸੋ ਚੱਲ।

ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ ਅਨੁਸਾਰ, "ਸੌ ਸਾਲ ਤੋਂ ਵਡੇਰੀ ਉਮਰ ਦਾ ਫ਼ੌਜਾ ਸਿੰਘ ਪਹਿਲਾ ਮਨੁੱਖ ਹੈ ਜਿਸ ਨੇ 16 ਅਕਤੂਬਰ 2011 ਨੂੰ ਟੋਰਾਂਟੋ ਦੀ 'ਵਾਟਰ ਫ਼ਰੰਟ ਮੈਰਾਥਨ' ਪੂਰੀ ਦੌੜੀ। ਉੱਥੇ ਉਸ ਨੇ 42.2 ਕਿਲੋਮੀਟਰ ਦਾ ਪੰਧ 8 ਘੰਟੇ 11 ਮਿੰਟ 6 ਸੈਕੰਡ ਵਿਚ ਮੁਕਾਇਆ। ਉਹਦਾ ਨਾਂ 'ਗਿੱਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼' ਵਿਚ ਦਰਜ ਹੋ ਜਾਣਾ ਸੀ ਜੇਕਰ ਉਹਦੀ ਜਨਮ ਤਾਰੀਖ਼ ਦਾ ਅਸਲੀ ਸਰਟੀਫਿਕੇਟ ਮਿਲ ਜਾਂਦਾ। ਲੰਡਨ ਦੀ ਮੈਰਾਥਨ ਵਿੱਚ ਉਸ ਨੇ 80 ਸਾਲ ਤੋਂ ਵਡੇਰੀ ਉਮਰ ਦੇ ਦੌੜਾਂਕਾਂ ਵਿੱਚ ਨਵਾਂ ਰਿਕਾਰਡ ਕਾਇਮ ਕੀਤਾ ਸੀ।" ਜਨਮ ਤਰੀਕ ਬਾਬਾ ਜੀ ਦੇ ਪਾਸਪੋਰਟ ਵਿੱਚ ਇੱਕ ਅਪ੍ਰੈਲ 1911 ਦਰਜ ਹੈ। ਇਸ ਦੇ ਮੁਤਾਬਿਕ ਉਨ੍ਹਾਂ ਦੀ ਉਮਰ ਇਸ ਸਮੇਂ 114 ਸਾਲ 3 ਮਹੀਨੇ ਬਣਦੀ ਹੈ। ਜੇਕਰ ਇਹ 'ਸਹੀ' ਨਾ ਵੀ ਹੋਵੇ ਅਤੇ ਪਾਸਪੋਰਟ ਵਿੱਚ ਪੰਜ-ਚਾਰ ਸਾਲ ਵੱਧ ਵੀ ਲਿਖੀ ਗਈ ਹੋਵੇ, (ਕਿਉਂਕਿ ਬਾਬਾ ਜੀ ਅਨਪੜ੍ਹ ਹੋਣ ਕਾਰਨ ਉਨ੍ਹਾਂ ਕੋਲ ਜਨਮ-ਮਿਤੀ ਦਾ ਕੋਈ ਸਬੂਤ ਨਹੀਂ ਸੀ) ਤਾਂ ਵੀ ਇਹ 110 ਸਾਲ ਦੇ ਕਰੀਬ ਤਾਂ ਬਣਦੀ ਹੀ ਹੈ। ਇਸ ਉਮਰ ਵਿੱਚ ਵੀ ਦੋਵੇਂ ਵੇਲੇ ਬਾ- ਕਾਇਦਾ ਸੈਰ ਕਰਨੀ ਬਾਬਾ ਜੀ ਦਾ 'ਨਿੱਤਨੇਮ' ਸੀ। ਘਰ ਦੇ ਬਾਹਰ ਸੜਕ 'ਤੇ ਸੈਰ ਕਰਦਿਆਂ ਹੀ ਪਿੱਛੋਂ ਇੱਕ ਗੱਡੀ ਉਨ੍ਹਾਂ ਵਿੱਚ ਆ ਵੱਜੀ ਤੇ ਉਨ੍ਹਾਂ ਨੂੰ ਲੈ ਬੈਠੀ।

2011 ਤੋਂ 2020 ਦੇ ਦਹਾਕੇ 'ਸਿੱਖ ਸਪੋਕਸਮੈਨ' ਅਖ਼ਬਾਰ ਵਿੱਚ ਕੰਮ ਕਰਦਿਆਂ ਮੈਂ ਤੇ ਮੇਰੇ ਸਾਥੀ ਮਲੂਕ ਸਿੰਘ ਕਾਹਲੋਂ ਨੇ ਇੱਕ ਵਾਰ ਬਾਬਾ ਜੀ ਦੀ ਇੰਟਰਵਿਊ ਕੀਤੀ ਤੇ ਆਪਣੀ ਇਸ ਅਖ਼ਬਾਰ ਵਿੱਚ ਛਾਪੀ ਸੀ। ਉਦੋਂ ਉਹ ਲੰਡਨ ਵਾਲੀ ਮੈਰਾਥਨ ਵਿੱਚ ਨਵਾਂ ਰਿਕਾਰਡ ਬਣਾ ਕੇ ਟੋਰਾਂਟੋ ਆਏ ਸਨ। ਉਨ੍ਹਾਂ ਉਦੋਂ ਦੱਸਿਆ ਕਿ ਉਨ੍ਹਾਂ ਦੀ ਪਹਿਚਾਣ ਉੱਥੇ ਦਸਤਾਰ ਅਤੇ ਖੁੱਲ੍ਹੀ ਦਾਹੜੀ ਕਰਕੇ ਹੀ ਬਣੀ ਸੀ। ਇਸ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਸੀ, "ਕਈ ਟੀ.ਵੀ. ਤੇ ਅਖ਼ਬਾਰਾਂ ਵਾਲੇ ਉੱਥੇ ਮੇਰੇ ਅੱਗੇ-ਪਿੱਛੇ ਭੱਜੇ ਫਿਰਦੇ ਸਨ, ਤਸਵੀਰਾਂ ਲੈਣ ਲਈ ਤੇ ਉਨ੍ਹਾਂ ਮੈਨੂੰ ਇੰਟਰਵਿਊ ਵੀ ਕੀਤਾ। ਮੇਰੇ ਵਰਗੇ ਕਈ ਹਜ਼ਾਰਾਂ ਹੀ ਉੱਥੇ ਦੌੜੀ ਫਿਰਦੇ ਸਨ, ਪਰ ਕੋਈ ਕਿਸੇ ਨੂੰ ਨਹੀਂ ਪੁੱਛ ਰਿਹਾ ਸੀ, ਬਈ ਤੂੰ ਕੌਣ ਹੈਂ? ਮੈਨੂੰ ਵੀ ਤਾਂ ਸਿਰਫ਼ ਮੇਰੀ ਦਾਹੜੀ ਤੇ ਦਸਤਾਰ ਕਰਕੇ ਹੀ ਪੁੱਛਿਆ ਗਿਆ।" ਹੋਰ ਕਈ ਸੁਆਲਾਂ ਸਮੇਤ ਇੱਕ ਸੁਆਲ ਬਾਬਾ ਜੀ ਦੀ ਖ਼ੁਰਾਕ ਬਾਰੇ ਵੀ ਸੀ ਜਿਸ ਦਾ ਜੁਆਬ ਦਿੰਦਿਆਂ ਉਨ੍ਹਾਂ ਦੱਸਿਆ ਸੀ ਕਿ ਉਹ ਦੁਪਹਿਰ ਵੇਲੇ ਦਾਲ਼ ਜਾਂ ਸਬਜ਼ੀ ਨਾਲ ਇੱਕ ਫੁਲਕਾ ਖਾਂਦੇ ਸਨ। ਰਾਤ ਦੀ ਰੋਟੀ ਵਿੱਚ ਹੀ ਦਾਲ਼/ਸਬਜ਼ੀ ਨਾਲ ਇੱਕ ਹੀ ਫੁਲਕਾ ਹੁੰਦਾ ਸੀ। ਸੌਣ ਲੱਗਿਆਂ ਦੁੱਧ ਜ਼ਰੂਰ ਪੀਣਾ ਤੇ ਕਈ ਵਾਰ ਅਧਰਕ ਦੀ ਕੜ੍ਹੀ ਵੀ ਛਕਣੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਸੀ, "ਤੁਹਾਡਾ ਇਹ ਬਾਬਾ ਅਲ਼ਸੀ ਦੀਆਂ ਪਿੰਨੀਆਂ ਹਾੜ-ਸਿਆਲ਼ ਕਦੇ ਨਹੀਂ ਮੁੱਕਣ ਦਿੰਦਾ। ਸਵੇਰੇ ਚਾਹ ਨਾਲ ਖਾਧੀ ਅਲ਼ਸੀ ਦੀ ਇੱਕ ਵੱਡੀ ਪਿੰਨੀ ਦੁਪਹਿਰ ਤੱਕ ਭੁੱਖ ਨਹੀਂ ਲੱਗਣ ਦਿੰਦੀ।"

ਬਾਬਾ ਫ਼ੌਜਾ ਸਿੰਘ ਦਾ ਸੁਭਾਅ ਬੜੇ ਹਾਸੇ-ਮਜ਼ਾਕ ਵਾਲਾ ਸੀ। 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਂਊਂਡੇਸ਼ਨ' ਵੱਲੋਂ ਕਰਵਾਈ ਜਾਂਦੇ ਸਲਾਨਾ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ' ਵਿੱਚ ਉਹ ਦੌੜਾਕਾਂ ਦੇ 'ਰੋਲ-ਮਾਡਲ' ਤੇ ਬਹੁਤ ਵੱਡੀ 'ਇੰਸਪੀਰੇਸ਼ਨ' ਸਨ। ਉਨ੍ਹਾਂ ਦੀ ਹੌਸਲਾ-ਅਫ਼ਜਾਈ ਕਰਨ ਲਈ ਉਹ ਕਈ ਵਾਰ ਉੱਥੇ ਪਹੁੰਚੇ। ਇਹ 2017 ਜਾਂ 2018 ਦੀ ਗੱਲ ਹੋਵੇਗੀ। ਵੱਖ-ਵੱਖ ਥਾਵਾਂ ਤੋਂ ਆਰੰਭ ਹੋਈ ਮੈਰਾਥਨ/ਹਾਫ਼-ਮੈਰਾਥਨ/10 ਕਿਲੋਮੀਟਰ ਤੇ 5 ਕਿਲੋਮੀਟਰ ਸਾਰੀਆਂ ਹੀ ਦੌੜਾਂ ਦੀ ਸਮਾਪਤੀ ਡਿਕਸੀ ਗੁਰੂਘਰ ਦੇ ਸਾਹਮਣੇ ਬਣੇ ਮੰਚ ਦੇ ਨੇੜੇ ਹੋਣੀ ਸੀ। ਆਪਣੀ ਅਖ਼ਬਾਰ ਦੇ ਲਈ ਕੱਵਰੇਜ ਕਰਨ ਲਈ ਹੋਰ ਪੱਤਰਕਾਰਾਂ ਨਾਲ ਮੈਂ ਵੀ ਉੱਥੇ ਪਹੁੰਚਿਆ ਹੋਇਆ ਸੀ। ਈਵੈਂਟ ਦੇ ਤਿੰਨ-ਚਾਰ ਪ੍ਰਬੰਧਕਾਂ ਦੇ ਨਾਲ ਬਾਬਾ ਜੀ ਮੰਚ ਦੇ ਇੱਕ ਪਾਸੇ ਖੜੇ ਸਨ। ਦੌੜਾਕ ਉੱਥੇ ਆਉਂਦੇ ਤੇ ਬਾਬਾ ਜੀ ਉਨ੍ਹਾਂ ਦੇ ਗਲ਼ਾਂ ਵਿੱਚ ਮੈਡਲ ਪਾਉਂਦੇ। ਉਹ ਬਾਬਾ ਜੀ ਨਾਲ ਆਪਣੀ ਫ਼ੋਟੋ ਖਿਚਵਾਉਂਦੇ ਅਤੇ ਅੱਗੇ ਚਲੇ ਜਾਂਦੇ। ਜਦੋਂ ਵਾਹਵਾ ਈ ਦੌੜਾਕ ਭੁਗਤ ਗਏ ਅਤੇ ਬਾਬਾ ਜੀ ਲੱਗਭੱਗ ਵਿਹਲੇ ਖੜੇ ਸਨ ਤਾਂ ਮੈਂ ਤੇ ਮੇਰੇ ਇੱਕ ਸਾਥੀ ਪੱਤਰਕਾਰ ਨੇ ਬਾਬਾ ਜੀ ਨੂੰ ਪੁੱਛਿਆ, "ਬਾਬਾ ਜੀ, ਅਸੀਂ ਕਿਸੇ ਦੌੜ ਵਿੱਚ ਭਾਗ ਤਾਂ ਨਹੀਂ ਲਿਆ। ਬੱਸ, ਉਨ੍ਹਾਂ ਦੀਆਂ ਤਸਵੀਰਾਂ ਹੀ ਲਈਆਂ ਹਨ ਤੇ ਦੌੜ ਦੇ ਇਸ ਈਵੈਂਟ ਦੀ ਖ਼ਬਰ ਆਪਣੀਆਂ ਅਖ਼ਬਾਰਾਂ ਵਿੱਚ ਛਾਪਾਂਗੇ। ਕੀ ਅਸੀਂ ਵੀ ਤੁਹਾਡੇ ਨਾਲ ਆਪਣੀ ਫ਼ੋਟੋ ਕਰਵਾ ਸਕਦੇ ਹਾਂ?" ਖਿੜ-ਖਿੜਾ ਕੇ ਹੱਸਦਿਆਂ ਹੋਇਆਂ ਬਾਬਾ ਜੀ ਨੇ ਅੱਗੋਂ ਕਿਹਾ, "ਆਜੋ-ਆਜੋ ਬਈ, ਤੁਸੀਂ ਵੀ। ਬਾਬਾ ਕਿਹੜਾ ਘਸ ਚੱਲਿਆ, ਤੁਹਾਡੇ ਨਾਲ ਫ਼ੋਟੋ ਖਿਚਵਾਉਂਦਿਆਂ।" ... ਤੇ ਫਿਰ ਅਸੀਂ ਵੀ ਬਾਬਾ ਜੀ ਨਾਲ ਫ਼ੋਟੋ ਖਿਚਵਾ ਲਈ।

ਖ਼ੁਸ਼-ਮਿਜਾਜ਼ ਬਾਬਾ ਫ਼ੌਜਾ ਸਿੰਘ ਜੀ 14 ਜੁਲਾਈ ਨੂੰ ਸੱਭ ਨੂੰ ਸਦੀਵੀ-ਵਿਛੋੜਾ ਦੇ ਗਏ ਹਨ। ਇਹ ਵਿਛੋੜਾ ਅਸਹਿ ਹੈ, ਸਾਰਿਆਂ ਦੇ ਲਈ। ਜਾਣਾ ਤਾਂ ਸੱਭਨਾਂ ਨੇ ਹੀ ਹੈ। ਪਰ ਇਸ ਦੇ ਨਾਲ ਹੀ ਸਾਡੇ ਸਾਰਿਆਂ ਲਈ ਇਹ ਤਸੱਲੀ ਵਾਲੀ ਗੱਲ ਵੀ ਹੈ ਕਿ ਉਹ ਏਨੀ ਲੰਮੀ, ਤੰਦਰੁਸਤ ਤੇ ਵਧੀਆ ਉਮਰ ਭੋਗ ਕੇ ਅਤੇ ਆਪਣਾ ਤੇ ਆਪਣੀ ਕਮਿਊਨਿਟੀ ਦਾ ਨਾਂ ਸਾਰੀ ਦੁਨੀਆਂ ਵਿੱਚ ਉੱਚਾ ਕਰਕੇ ਗਏ ਹਨ। ਪ੍ਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਬਖ਼ਸ਼ੇ ! .... ਆਮੀਨ !

# ਡਾਕਟਰ ਦੂਜਾ ਰੱਬ ਕਿ?



ਡਾਕਟਰਾਂ ਨੂੰ ਰੱਬ ਦਾ ਰੂਪ ਜਾਂ ਦੂਜਾ ਰੱਬ ਆਖਿਆ ਜਾਂਦਾ ਸੀ । ਪਰ ਅੱਜਕਲ ਦੇ ਮਾਇਆ ਵਾਦੀ ਯੁੱਗ ਵਿੱਚ ਇਨਸਾਨੀ ਗੁਣਾਂ ਨੂੰ ਪ੍ਰਣਾਏ ਹੋਏ ਡਾਕਟਰ ਬਹੁਤ ਥੋੜੇ ਹੀ ਰਹਿ ਗਏ ਹਨ । ਨਿਹਾਲ ਸਿੰਘ ਵਾਲਾ ਹਲਕੇ ਦੇ ਲੋਕ ਡਾਕਟਰ ਧਰਮਵੀਰ ਗਾਂਧੀ ਸੰਸਦ ਨੂੰ ਅੱਜ ਵੀ ਯਾਦ ਕਰਦੇ ਹਨ ਜਦੋਂ ਉਹ ਬਿਲਾਸਪੁਰ ਵਿਖੇ ਸਰਕਾਰੀ ਡਾਕਟਰ ਸਨ। ਉਹ ਕਿਰਤੀ, ਮਿਹਨਤੀ ਲੋਕਾਂ ਲਈ ਦਿਨ ਰਾਤ ਨੂੰ ਬਿਨਾ ਦੇਖੇ ਅਤੇ ਡਿਊਟੀ ਦੇ ਸਮੇਂ ਦੀ ਪ੍ਰਵਾਹ ਨਾ ਕਰਦੇ ਦਵਾਈ ਦਿੰਦੇ ਸਨ। ਇਸੇ ਤਰਾਂ ਨਿਹਾਲ ਸਿੰਘ ਵਾਲਾ ਦੇ ਡਾਕਟਰ ਰਣਜੀਤ ਸਿੰਘ ਜੌੜਾ ਅਤੇ ਡਾਕਟਰ ਮਲਕੀਤ ਸਿੰਘ ਗਰਚਾ ਵੀ ਲੋਕਾਂ ਦੇ ਡਾਕਟਰ ਸਨ ਜਿਹੜੇ ਥੋੜ੍ਹੇ ਜਿਹੇ ਪੈਸਿਆਂ ਵਿੱਚ ਗੰਭੀਰ ਰੋਗ ਵੀ ਠੀਕ ਕਰ ਦਿੰਦੇ ਸਨ। ਇੰਝ ਹੀ ਮੋਗੇ ਦਾ ਜੈ ਕਿਸ਼ਨ ਡਾਕਟਰ ਦੋ ਰੁਪਏ ਤੋਂ ਸ਼ੁਰੂ ਹੋ ਕੇ ਸਮੇਂ ਦੇ ਹਿਸਾਬ ਦਸ,ਵੀਹ , ਤੀਹ ਰੁਪਏ ਵਿੱਚ ਦਵਾਈ ਦਿੰਦੇ ਰਹੇ। ਪਿੰਡਾਂ ਵਾਲੇ ਡਾਕਟਰਾਂ ਵਾਂਗ ਜਿਨ੍ਹਾਂ ਨੂੰ ਜਾਨ ਬਚਾਉ ਡਾਕਟਰਾਂ ਦੀ ਬਜਾਏ ਝੋਲਾ ਛਾਪ ਆਖ ਕੇ ਸਰਮਾਏਦਾਰ ਹੇਠੀ ਕਰਨ ਦਾ ਯਤਨ ਵੀ ਕਰਦੇ ਹਨ।

ਪਰ ਅੱਜ ਦੇ ਯੁੱਗ ਵਿੱਚ ਪੈਸੇ ਦੇ ਪੁੱਤ ਬਣੇ ਡਾਕਟਰਾਂ ਨਾਲ ਪਿਆ ਵਾਹ ਤਾਂ ਬੰਦੇ ਦੀ ਨਾਨੀ ਯਾਦ ਕਰਵਾ ਦਿੰਦਾ ਹੈ। ਬਹੁਤਿਆਂ ਦੇ ਘਰ ਬਾਰ ਵੀ ਲੁਟ ਜਾਂਦੇ ਹਨ ਤੇ ਮਰੀਜ਼ ਵੀ ਨਹੀਂ ਬੱਚਦਾ। ਜਿਆਦਾਤਰ ਡਾਕਟਰਾਂ ਵੱਲੋਂ ਮਰੀਜ਼ ਤੇ ਵਾਰਸਾਂ ਨੂੰ ਗੰਭੀਰ ਬਿਮਾਰੀ ਦੱਸ ਕੇ,ਡਰਾ ਕੇ, ਭੈਭੀਤ ਕਰਕੇ ਉਸਦੀ ਜੇਬ ਤੇ ਡਾਕਾ ਮਾਰਿਆ ਜਾਂਦਾ ਹੈ। ਉਹਨਾਂ ਪੈਸੇ ਦੀ ਹੋੜ ਵਿੱਚ ਲੱਗੇ ਲਾਲਚੀ ਡਾਕਟਰਾਂ ਵੱਲੋਂ ਲੈਬਾਰਟਰੀਜ਼ ਤੋਂ ਮਨ ਚਾਹੀਆਂ ਰਿਪੋਰਟ ਬਣਵਾਈਆਂ ਜਾਂਦੀਆਂ ਹਨ, ਦਵਾਈਆਂ ਦੇ ਪੈਕਿੰਗ, ਰੇਟ, ਲੇਬਲ ਵੀ ਡਾਕਟਰ ਆਪਣੀ ਮਰਜ਼ੀ ਦੇ ਹਿਸਾਬ ਨਾਲ ਬਣਵਾ ਸਕਦੇ ਹਨ। ਵੀਹ ਪੰਜਾਹ ਰੁਪਏ ਦੇ ਪੱਤੇ ਵਾਲੀ ਦਵਾਈ ਤਿੰਨ ,ਚਾਰ ਸੌ ਰੁਪਏ ਵਿੱਚ ਮਿਲਦੀ ਹੈ। ਕੈਂਸਰ ਵਰਗੇ ਗੰਭੀਰ ਰੋਗਾਂ ਵਿੱਚ ਤਾਂ ਹਜਾਰਾਂ ਰੁਪਏ ਦੇ ਮੁੱਲ ਦੇ ਲੇਬਲ ਵੀ ਲੱਗੇ ਹੋਏ ਹਨ।

ਮੇਰੇ ਮਿੱਤਰ ਮਨੋਜ ਭੱਲਾ ਦੇ ਮਾਤਾ ਜੀ ਨੂੰ ਜਿਗਰ ਦੀ ਸਮੱਸਿਆ ਹੋ ਗਈ ਸੀ। ਉਹ ਮਾਤਾ ਨੂੰ ਇਲਾਜ਼ ਲਈ ਲੁਧਿਆਣੇ ਦੇ ਨਾਮੀ ਹਸਪਤਾਲ ਵਿੱਚ ਲੈਕੇ ਜਾਂਦੇ ਸਨ। ਹਸਪਤਾਲ ਵਾਲੇ ਹਫ਼ਤਾ ਕੁ ਰੱਖ ਕੇ ਲੱਖ ਸਵਾ ਲੱਖ ਰੁਪਏ ਖਰਚਾ ਕਰਵਾ ਕੇ ਛੁੱਟੀ ਦੇ ਦਿੰਦੇ। ਮਾਤਾ ਦਾ ਮਹੀਨਾ ਕ ਤਾਂ ਠੀਕ ਲੰਘਦਾ ਫਿਰ ਉਵੇਂ ਹਸਪਤਾਲ ਜਾਓ ਲੱਖ ਸਵਾ ਲੱਖ ਲਗਵਾ ਕੇ ਘਰ ਆ ਜਾਓ। ਇਹ ਗੱਲ ਦੋ ਦਹਾਕੇ ਪੁਰਾਣੀ ਹੈ। ਉਦੋਂ ਲੱਖ ਦੀ ਕੀਮਤ ਕਿੰਨੀ ਜਿਆਦਾ ਸੀ। ਉਹਨਾਂ ਦਾ ਇਹ ਸਿਲਸਲਾ ਡੇਢ ਦੋ ਸਾਲ ਇੰਝ ਹੀ ਚਲਦਾ ਰਿਹਾ। ਅਖ਼ੀਰ ਡਾਕਟਰਾਂ ਨੇ ਭੱਲਾ ਪਰਿਵਾਰ ਦਾ ਵੀਹ ਪੰਝੀ ਲੱਖ ਰੁਪਏ ਲਗਵਾ ਕੇ ਮਾਤਾ ਨੂੰ ਘਰ ਰੱਖ ਕੇ ਸੇਵਾ ਕਰਨ ਲਈ ਆਖ ਦਿੱਤਾ। ਉਹਨਾਂ ਨੂੰ ਮਾਤਾ ਦਾ ਇਲਾਜ ਕਰਵਾਉਂਦਿਆਂ ਪਾਣੀ ਵਾਂਗ ਪੈਸਾ ਵਹਾਉਂਦਿਆਂ ਹਸਪਤਾਲ ਚੋ ਕਿਸੇ ਜਾਣੂ ਬੰਦੇ ਰਾਹੀਂ ਹਸਪਤਾਲ ਦੇ ਸਾਰੇ ਰਾਜ਼ ਪਤਾ ਲੱਗ ਗਏ ਸੀ। ਕਿ ਕਿਵੇਂ ਮਰੀਜ਼ ਦੇ ਟੈਸਟ ਤੇ ਰਿਪੋਰਟ ਹੁੰਦੀ ਹੈ,ਕਿਵੇਂ ਮਹੀਨੇ ਕ ਲਈ ਉਸ ਨੂੰ ਕਾਇਮ ਰੱਖਿਆ ਜਾਂਦਾ ਕਿ ਫੇਰ ਸੋਨੇ ਦੇ ਆਂਡੇ ਦੇਣ ਵਾਲੀ ਮੁਰਗੀ ਵਾਂਗ ਬੁਲਾ ਲਿਆ ਜਾਂਦਾ ਹੈ।

ਜਦੋਂ ਉਹਨਾਂ ਦੇ ਮਾਤਾ ਜੀ ਆਖਰੀ ਪਲਾਂ ਤੇ ਸਨ ਤਾਂ ਮਨੋਜ ਹੁਣਾ ਜਾਣ ਬੁੱਝ ਕੇ ਡਾਕਟਰ ਨੂੰ ਫ਼ੋਨ ਲਗਾਇਆ ਕਿ' ਡਾਕਟਰ ਜੀ ਮਾਤਾ ਹੁਣ ਖਾਣ ਪੀਣ ਵੀ ਛਡ ਗਏ, ਸਿਆਣਦੇ ਵੀ ਨਹੀਂ,ਸੁਰਤ,ਹੋਸ਼ ' ਚ ਵੀ ਨਹੀਂ ਲਗਦੇ । ਕਿਵੇਂ ਕਰੀਏ ਜੀ?

ਉਹੀ ਡਾਕਟਰ ਜਿਸਨੇ ਪਹਿਲਾਂ ਮਾਤਾ ਨੂੰ ਘਰ ਰੱਖ ਕੇ ਸੇਵਾ ਕਰਨ ਲਈ ਆਖਿਆ ਸੀ," ਹਾਂਜੀ ਹਾਂਜੀ ਐਂਬੂਲੈਂਸ ਭੇਜਾਂ ?

ਹੁਣ ਤੁਸੀਂ ਹੀ ਦੇਖ ਲਓ ਹਸਪਤਾਲਾਂ ਦਾ ਹਾਲ ਤੇ ਹੱਕ ਸੱਚ?

2007 ਵਿੱਚ ਮੇਰੇ ਪਾਪਾ ਜੀ ਨੂੰ ਬਲੱਡ ਪਰੈਸ਼ਰ ,ਪਿਸ਼ਾਬ ਦੀ ਸਮੱਸਿਆ, ਨੀਂਦ ਦੀ ਸਮੱਸਿਆ ਹੋ ਗਈ। ਮੋਗੇ ਇਕ ਡਾਕਟਰ ਸੀ ਅਸੀ ਉਸ ਤੋਂ ਦਵਾਈ ਲੈਣ ਲੱਗ ਗਏ। ਉਹਦੇ ਆਪਣਾ ਸਕੈਨ ਸੈਂਟਰ ਵੀ ਸੀ। ਪਾਪਾ ਜੀ ਦਾ ਐਕਸ ਰੇ ,ਸਕੈਨ ਕਰਕੇ ਮੈਨੂੰ ਕਹਿੰਦੇ ,ਇਹਨਾਂ ਦੇ ਗੁਰਦੇ ਚ ਪਥਰੀ ਹੈ। ਆਹ ਕੈਂਸਰ ਸੈੱਲ ਵੀ ਬਣ ਰਹੇ ਤੇ ਗਦੂਦ ਵੀ ਵਧ ਗਏ ਹਨ। ਹੁਣ ਅਪਰੇਸ਼ਨ ਹੋਣਗੇ। ਫੇਰ ਉਹ ਡਾਕਟਰ ਕਹਿੰਦੇ ਕਿ ਮੇਰੇ ਇੱਕ ਦੋਸਤ ਦਾ ਹਸਪਤਾਲ ਆ ਆਪਾਂ ਉਥੋਂ ਅਪ੍ਰੇਟ ਕਰਵਾ ਦਿਆਂਗੇ। ਸੋਚ ਕੇ ਦੱਸਾਂ ਗੇ ਆਖ ਕੇ ਮੈ ਘਰ ਆ ਕਿ ਕਿਹਾ ਕਿ ,ਪਾਪਾ ਜੀ ਥੋਨੂੰ ਹੋਰ ਕਿਤੇ ਵਿਖਾ ਲੈਂਦੇ ਆ, ਤੁਸੀਂ ਐਂਨੇ ਵੀ ਢਿੱਲੇ ਨੀ ਹਜੇ। ਜਵਾਨ ਪਏ ਹੋ।

ਪਾਪਾ ਜੀ ਨੇ ਬਠਿੰਡੇ ਨੇੜੇ ਇਕ ਹਸਪਤਾਲ ਚ ਤੋਂ ਦਵਾਈ ਸ਼ੁਰੂ ਕਰ ਲਈ। ਓਥੇ ਕੁਝ ਚੰਗੇ ਡਾਕਟਰ ਤੇ ਸਟਾਫ਼ ਵੀ ਸੀ। ਪਰ ਓਥੇ ਵੀ ਦਵਾਈ ਦੇ ਰੇਟ ਦਾ ਹਸਪਤਾਲ ਦੇ ਅੰਦਰ ਤੇ ਬਾਹਰ ਸਾਹਮਣੇ ਦੁਕਾਨ ਦੇ ਰੇਟ ਦਾ ਬਹੁਤ ਫਰਕ ਸੀ। ਓਥੇ ਵੀ ਸਕੈਨ ਹੋਇਆ ਪਰ ਗੁਰਦੇ ਦੀ ਪੱਥਰੀ,ਕੈਂਸਰ ਸੈੱਲ ਤਾਂ ਉਹਨਾਂ ਦੀ ਸਕੈਨ ਚ ਨਾ ਆਏ। ਪਰ ਉਹ ਕਹਿੰਦੇ ਗਦੂਦ ਦਾ ਅਪਰੇਸ਼ਨ ਹੁਣੇ ਕਰਵਾਓ। ਨਹੀਂ ਖਤਰਾ।

ਅਸੀ ਅਪਰੇਸ਼ਨ ਫੇਰ ਨਾ ਕਰਵਾਇਆ। ਕਿਉਂਕਿ ਪਾਪਾ ਜੀ ਨੂੰ ਪਿਸ਼ਾਬ ਦੀ ਐਨੀ ਤਕਲੀਫ ਨਹੀਂ ਸੀ।

ਪਰ ਪਾਪਾ ਜੀ ਨੂੰ ਗੋਲੀਆਂ ਦੇ ਗੱਫੇ ਖਾਣੇ ਪੈਂਦੇ,ਪਾਪਾ ਜੀ ਨੂੰ ਐਨੀਆਂ ਦਵਾਈਆਂ ਨੇ ਖੂੰਡੀ ਫੜਾ ਦਿੱਤੀ ਸੀ, ਰੰਗ ਵੀ ਕਾਲ਼ਾ ਜਿਹਾ ਹੋ ਗਿਆ ,ਬੁੜ੍ਹੇ ਜਿਹੇ ਲੱਗਣ ਲੱਗ ਗਏ ਸਨ।

ਮੈਨੂੰ ਇਕ ਦਿਨ ਪਾਪਾ ਜੀ ਕਹਿੰਦੇ,," ਰਾਜੂ ਯਰ ਮੇਰਾ ਐਨੀਆਂ ਗੋਲੀਆਂ ਖਾਣ ਨੂੰ ਜੀਅ ਨਹੀਂ ਕਰਦਾ "।

ਮੇਰੇ ਕਲੇਜੇ ਚੀਸ ਜਿਹੀ ਉੱਠੀ ,ਮਨ ਭਰ ਆਇਆ। ਮੈ ਉਦੋਂ ਦੋਧਰ ਲੈਕਚਰਾਰ ਸੀ। ਸਾਡੇ ਉਥੇ ਡਾਕਟਰ ਸੀ, ਕੇ ਐੱਸ ਕੰਗ ਜਨਰਲ ਫਿਜਿਸਿਨ। ਉਹ ਮੇਰੇ ਮਿੱਤਰ ਵੀ ਸੀ। ਮੈ ਉਹਨਾਂ ਨੂੰ ਗੋਲੀਆਂ ਦਿਖਾਈਆਂ,ਕਹਿੰਦੇ," ਹੈਂ ਐਨੀਆਂ ਗੋਲੀਆਂ,ਪਾਪਾ ਨੂੰ ਮਾਰਨਾ?"ਉਹਨਾਂ ਤੀਹਾਂ ਤੋਂ ਤਿੰਨ ਗੋਲੀਆਂ ਕਰ ਦਿੱਤੀਆਂ। ਮੈ ਕੈਂਸਰ ਦੇ ਡਰੋਂ ਅੰਦਰੋਂ ਡਰਿਆ ਹੋਇਆ ਸੀ। ਡਾਕਟਰ ਕੰਗ ਕਹਿੰਦੇ ਕੋਈ ਗੰਭੀਰ ਬਿਮਾਰੀ ਤਾਂ ਹੈ ਨੀ , ਪਰ ਫਿਰ ਵੀ ਸਕੈਨ ਕਰਾ ਲਵੋ। ਸਾਡੇ ਬਾਬੇ ਕੇ ਹਸਪਤਾਲ ਦੇ ਡਾਕਟਰ ਸ਼ੁਸ਼ੀਲ ਮਿੱਤਲ ਜੀ ਕੋਲ ਪਾਪਾ ਜੀ ਦੀ ਸਕੈਨ ਕਰਾਉਣ ਚਲਾ ਗਿਆ। ਡਾਕਟਰ ਸਾਹਿਬ ਸਕੈਨ ਚੈੱਕ ਕਰਕੇ ਮੈਨੂੰ ਕਹਿੰਦੇ ,ਤੁਹਾਡੇ ਪਿਤਾ ਜੀ ਬਿਲਕੁਲ ਠੀਕ ਆ, ਬਜ਼ੁਰਗੋ ਠੀਕ ਹੋ ਤੁਸੀਂ ! ਉਮਰ ਦੇ ਹਿਸਾਬ ਨਾਲ ਬਹੁਤ ਵਧੀਆ ਹੋ।

ਪਪਾ ਜੀ ਨੂੰ ਡਾਕਟਰ ਕੰਗ ਤੇ ਮੇਰੇ ਨਾਲ ਗਏ ਸਾਡੇ ਪ੍ਰਿੰਸੀਪਲ ਤੁੰਗ ਦੇ ਹੌਂਸਲਾ ਦੇਣ ਤੇ ਉਹ ਟਹਿਕ ਪਏ। ਡਾਕਟਰ ਮਿੱਤਲ ਵੱਲੋਂ ਹੱਲਾ ਸ਼ੇਰੀ ਸੁਣ ਕੇ ਪਾਪਾ ਜੀ ਧੰਨਵਾਦੀ ਹੱਥ ਜੋੜ ਕੇ ਹੱਸ ਪਏ। ਤੇ ਖੂੰਡੀ ਮੈਨੂੰ ਫੜਾ ਦਿੱਤੀ।

ਮੈਂ ਪਾਪਾ ਜੀ ਨੂੰ ਬਾਹਰ ਬਿਠਾ ਕੇ ਡਾਕਟਰ ਮਿੱਤਲ ਨੂੰ ਪੁੱਛਿਆ," ਜੀ ਕਿਸੇ ਡਾਕਟਰ ਨੇ ਤਾਂ ਕੈਂਸਰ ਸੈੱਲ,ਗੁਰਦੇ 'ਚ ਪਥਰੀ ਦੱਸੀ ਹੈ। ਪਥਰੀ ਤੇ ਗਦੂਦ ਦਾ ਅਪਰੇਸ਼ਨ ਵੀ ਜਲਦੀ ਕਰਨ ਨੂੰ ਕਿਹਾ ਸੀ। ਉਹ ਹੱਸ ਕੇ ਕਹਿੰਦੇ,"ਤੁਹਾਡੇ ਪਿਤਾ ਨੂੰ ਨਾ ਕੈਂਸਰ ਹੈ, ਨਾ ਪਥਰੀ, ਆਹ ਗਦੂਦ ਵੀ ਨਾ ਮਾਤਰ ਜਿਹਾ। ਐਨਾ ਕ ਤਾਂ ਉਮਰ ਦੇ ਹਿਸਾਬ ਨਾ ਹੋ ਜਾਂਦਾ।

ਮੈਂ ਦੋਨਾਂ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾਕਟਰ ਜੀ ਤੁਹਾਡੇ ਵਰਗੇ ਚੰਗੇ ਲੋਕ ਪੱਖੀ ਡਾਕਟਰਾਂ ਕਰਕੇ ਧਰਤੀ ਖੜੀ ਹੈ। ਤੇ ਲੋਕ ਯਾਦ ਵੀ ਕਰਦੇ ਹਨ।

ਰਾਜਵਿੰਦਰ ਰੌਂਤਾ,9876486187

AUTOBAHN
FREIGHT LINES LTD



Now Hiring
Professional AZ Drivers
& Owner Operators
from
TO & WINDSOR, ON TO USA

We Require:
• Min. 2 yrs. experience • Must have FAST CARD
• Clean driver abstract & CVOR
• Clean police report • Clean drug and alcohol test
We Offer:
• Dedicated lanes from WINDSOR to OH, ILL, MO, GA, TN, KY, OK
• Teams required for TX • Steady work
• Decent home time • Excellent mileage rate
• Excellent equipment • Friendly atmosphere
• Newer model Freightliner Hi-Con. Trucks
For more information call Paul
416-741-0204
Or email at: pauls@autobahnfreight.com
www.autobahnfreight.com

SherGill Law Firm
Barrister, Solicitor & Notary Public
A Firm That Acts Big!
Services:
• Real Estate
• Residential, Commerical, Franchise
• Criminal Law
• Family Law
• Affidavit, Power of Attorney & Notarization
• Immigration Matters



Paramjit Singh Gill (MBA, LL.B.)
Tel: 905-790-3636
Emergency Contact: 416-910-5676
www.shergilllawfirm.ca
2565 Steeles Ave E. Unit #20, Brampton, ON L6T 4L6

# ਕਪਿਲ ਸ਼ਰਮਾ ਦੀ ਰਿਹਾਇਸ਼ 'ਤੇ ਪਹੁੰਚੀ ਮੁੰਬਈ ਪੁਲਿਸ

## ਸੁਰੱਖਿਆ ਦੇ ਮੱਦੇਨਜ਼ਰ ਲਿਆ ਜਾਇਜ਼ਾ




ਕੈਨੇਡਾ ਵਿੱਚ ਕਪਿਲ ਸ਼ਰਮਾ ਦੇ ਕੈਫੇ 'ਤੇ ਗੋਲੀਬਾਰੀ ਹੋਈ ਹੈ। ਜਿਸ ਤੋਂ ਬਾਅਦ ਹੜਕੰਪ ਮਚ ਗਿਆ ਹੈ। ਹਮਲੇ ਤੋਂ ਬਾਅਦ ਭਾਰਤੀ ਪੁਲਿਸ ਅਤੇ ਏਜੰਸੀਆਂ ਅਲਰਟ ਹੋ ਗਈਆਂ ਹਨ। ਮੁੰਬਈ ਪੁਲਿਸ ਦੀ ਸਥਾਨਕ ਇਕਾਈ ਕਪਿਲ ਸ਼ਰਮਾ ਦੇ ਮੁੰਬਈ ਸਥਿਤ ਫਲੈਟ ਦਾ ਮੁਆਇਨਾ ਕਰਨ ਲਈ ਪਹੁੰਚ ਗਈ ਹੈ। ਓਸ਼ੀਵਾਰਾ ਪੁਲਿਸ ਸਟੇਸ਼ਨ ਦੀ ਟੀਮ ਕਪਿਲ ਸ਼ਰਮਾ ਦੀ ਅੰਧੇਰੀ ਲੋਖੰਡਵਾਲਾ ਇਮਾਰਤ ਡੀਐਲਐਚ ਐਨਕਲੇਵ ਪਹੁੰਚੀ ਅਤੇ ਇਲਾਕੇ ਦਾ ਮੁਆਇਨਾ ਕੀਤਾ।

**ਕੀ ਕਪਿਲ ਸ਼ਰਮਾ ਨੂੰ ਧਮਕੀ ਮਿਲੀ?**

ਪੁਲਿਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਕਪਿਲ ਸ਼ਰਮਾ ਨੂੰ ਮੁੰਬਈ ਵਿੱਚ ਕਿਸੇ ਕਿਸਮ ਦੀ ਧਮਕੀ ਮਿਲੀ ਹੈ ਜਾਂ ਕੋਈ ਖ਼ਤਰਾ ਹੈ। ਓਸ਼ੀਵਾਰਾ ਪੁਲਿਸ ਸਟੇਸ਼ਨ ਦੀ ਟੀਮ ਕਪਿਲ ਸ਼ਰਮਾ ਦੇ ਘਰ ਪਹੁੰਚੀ ਅਤੇ ਇਲਾਕੇ ਦਾ ਮੁਆਇਨਾ ਕੀਤਾ। ਉਹ ਸਮਾਜ ਦੀ ਨਿੱਜੀ ਸੁਰੱਖਿਆ ਨਾਲ ਗੱਲ ਕਰ ਰਹੇ ਹਨ। ਇਸ ਇਮਾਰਤ ਵਿੱਚ ਬਾਲੀਵੁੱਡ ਅਤੇ ਟੀਵੀ ਇੰਡਸਟਰੀ ਨਾਲ ਜੁੜੇ ਦਰਜਨਾਂ ਲੋਕ ਰਹਿੰਦੇ ਹਨ।

**ਕੀ ਮਾਮਲਾ ਹੈ**

ਬੁੱਧਵਾਰ ਰਾਤ ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਅਣਪਛਾਤੇ ਹਮਲਾਵਰ ਨੇ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਪਸ ਕੈਫੇ 'ਤੇ ਗੋਲੀਬਾਰੀ ਕੀਤੀ। ਹਮਲੇ ਵਿੱਚ ਕੈਫੇ ਦੀ ਸ਼ੀਸ਼ੇ ਦੀ ਕੰਧ 'ਤੇ 12 ਗੋਲੀਆਂ ਚਲਾਈਆਂ ਗਈਆਂ। ਬਾਅਦ ਵਿੱਚ, ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਬੱਬਰ ਖਾਲਸਾ ਇੰਟਰਨੈਸ਼ਨਲ (ਭਖੀ) ਨਾਲ ਜੁੜੇ ਇੱਕ ਮੋਸਟ ਵਾਂਟੇਡ ਖਾਲਿਸਤਾਨੀ ਅੱਤਵਾਦੀ ਹਰਜੀਤ ਸਿੰਘ ਲਾਡੀ ਨੇ ਹਮਲੇ ਦੀ ਜ਼ਿੰਮੇਵਾਰੀ ਲਈ। ਲਾਡੀ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ (NIA) ਦੀ ਮੋਸਟ ਵਾਂਟੇਡ ਸੂਚੀ ਵਿੱਚ ਸ਼ਾਮਲ ਹੈ। ਕੈਫੇ ਪ੍ਰਬੰਧਨ ਨੇ ਹਮਲੇ ਦੀ ਨਿੰਦਾ ਕੀਤੀ, ਹਿੰਸਾ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਅਤੇ ਸਮਰਥਕਾਂ ਦਾ ਧੰਨਵਾਦ ਕੀਤਾ।

# ਹਮਲੇ ਨੇ ਦਿਲ ਤੋੜ ਦਿੱਤਾ : ਕਪਿਲ ਸ਼ਰਮਾ



ਕੈਨੇਡਾ 'ਚ ਕੈਫੇ 'ਤੇ ਹੋਏ ਹਮਲੇ ਤੋਂ ਬਾਅਦ ਪ੍ਰਸਿੱਧ ਕਮੇਡੀਅਨ ਕਪਿਲ ਸ਼ਰਮਾ ਦਾ ਪ੍ਰਤੀਕਰਮ ਸਾਹਮਣੇ ਆਇਆ ਹੈ। ਕਪਿਲ ਨੇ ਇੰਸਟਾਗ੍ਰਾਮ 'ਤੇ ਪੋਸਟ ਪਾ ਕੇ ਕਿਹਾ ਹੈ ਕਿ ਇਸ ਹਮਲੇ ਨੇ ਉਨ੍ਹਾਂ ਦਾ ਦਿਲ ਤੋੜ ਦਿੱਤਾ ਹੈ। ਪਰ ਫੇਰ ਵੀ ਉਨ੍ਹਾਂ ਨੇ ਹਾਰ ਨਹੀਂ ਮੰਨੀ। ਕਪਿਲ ਨੇ ਕਿਹਾ ਕਿ ਉਹ ਉਨ੍ਹਾਂ ਸ਼ੁਭਚਿੰਤਕਾਂ ਦਾ ਦਿਲੋਂ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ ਲਈ ਦਿਲੋਂ ਅਰਦਾਸਾਂ ਕੀਤੀਆਂ ਅਤੇ ਉਨ੍ਹਾਂ ਦਾ ਸਮਰਥਨ ਕੀਤਾ। ਉਨ੍ਹਾਂ ਆਮ ਲੋਕਾਂ ਨੂੰਅਪੀਲ ਕੀਤੀ ਕਿ ਅਜਿਹੀ ਹਿੰਸਾ ਵਿਰੁੱਧ ਇੱਕਜੁਟ ਹੋਣ ਅਤੇ ਅਜਿਹਾ ਮਾਹੌਲ ਤਿਆਰ ਕਰਨ ਕਿ ਜਿਥੇ ਬੈਠੇ ਕੇ ਚਾਹ ਕੌਫ਼ੀ ਵੀ ਪੀਤੀ ਜਾਵੇ ਅਤੇ ਸਾਰਥਕ ਬਹਿਸ ਵੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਸੀਂ ਜਲਦੀ ਹੀ ਵਾਪਸ ਆਵੇਗੇ ਅਤੇ ਲੋਕਾਂ 'ਚ ਵਿਚਰਾਂਗੇ।

# ਕਿਆਰਾ-ਸਿਧਾਰਥ ਦੇ ਘਰ ਗੂੰਜੀਆਂ ਕਿਲਕਾਰੀਆਂ



ਬਾਲੀਵੁੱਡ ਸਟਾਰ ਅਦਾਕਾਰ ਸਿਧਾਰਥ ਮਲਹੋਤਰਾ ਅਤੇ ਕਿਆਰਾ ਅਡਵਾਨੀ ਦੀ ਜ਼ਿੰਦਗੀ 'ਚ ਖੁਸ਼ੀ ਨੇ ਦਸਤਕ ਦੇ ਦਿੱਤੀ ਹੈ। ਦੋਵੇਂ ਦੋ ਤੋਂ ਤਿੰਨ ਹੋ ਗਏ ਹਨ। ਕਿਆਰਾ ਨੇ ਇੱਕ ਧੀ ਨੂੰ ਜਨਮ ਦਿੱਤਾ ਹੈ। ਦੋਵੇਂ ਮਾਪੇ ਬਣ ਗਏ ਹਨ। ਸਿਧਾਰਥ ਅਤੇ ਕਿਆਰਾ ਦੀ ਜੋੜੀ ਬਾਲੀਵੁੱਡ ਦੇ ਮਸ਼ਹੂਰ ਜੋੜਿਆਂ ਵਿੱਚੋਂ ਇੱਕ ਹੈ। ਪ੍ਰਸ਼ੰਸਕ ਦੋਵਾਂ ਨੂੰ ਇਕੱਠੇ ਬਹੁਤ ਪਸੰਦ ਕਰਦੇ ਹਨ। ਇਸ ਸਾਲ ਫਰਵਰੀ ਵਿੱਚ ਦੋਵਾਂ ਨੇ ਆਪਣੇ ਸਾਰੇ ਪ੍ਰਸ਼ੰਸਕਾਂ ਨਾਲ ਇਹ ਜਾਣਕਾਰੀ ਸਾਂਝੀ ਕੀਤੀ ਸੀ ਕਿ ਉਹ ਦੋਵੇਂ ਮਾਤਾ-ਪਿਤਾ ਬਣਨ ਜਾ ਰਹੇ ਹਨ।

28 ਫਰਵਰੀ ਨੂੰ ਪ੍ਰੈਗਨੈਂਸੀ ਦਾ ਐਲਾਨ ਕਰਦੇ ਹੋਏ ਕਿਆਰਾ ਨੇ ਸੋਸ਼ਲ ਮੀਡੀਆ 'ਤੇ ਇੱਕ ਤਸਵੀਰ ਸਾਂਝੀ ਕੀਤੀ ਸੀ, ਜਿਸ ਵਿੱਚ ਦੋਵੇਂ ਆਪਣੇ ਹੱਥਾਂ ਵਿੱਚ ਬੇਬੀ ਮੋਜ਼ੇ ਫੜੇ ਹੋਏ ਸਨ। ਫੋਟੋ ਸਾਂਝੀ ਕਰਦੇ ਹੋਏ ਉਨ੍ਹਾਂ ਨੇ ਕੈਪਸ਼ਨ ਵਿੱਚ ਲਿਖਿਆ, "ਸਾਡੀ ਜ਼ਿੰਦਗੀ ਦਾ ਸਭ ਤੋਂ ਵੱਡਾ ਤੋਹਫ਼ਾ। ਜਲਦੀ ਆ ਰਿਹਾ ਹੈ।" ਹੁਣ ਉਹ ਦਿਨ ਆ ਗਿਆ ਹੈ। ਰੱਬ ਨੇ ਦੋਵਾਂ ਨੂੰ ਇੱਕ ਧੀ ਦਿੱਤੀ ਹੈ।

ਦੱਸ ਦੇਈਏ ਕਿ ਸਿਧਾਰਥ ਅਤੇ ਕਿਆਰਾ ਦਾ ਵਿਆਹ ਲਗਭਗ ਢਾਈ ਸਾਲ ਪਹਿਲਾਂ ਹੋਇਆ ਸੀ। ਦੋਵਾਂ ਦਾ ਵਿਆਹ 7 ਫਰਵਰੀ 2023 ਨੂੰ ਹੋਇਆ ਸੀ। ਸਾਲ 2021 ਵਿੱਚ 'ਸ਼ੇਰਸ਼ਾਹ' ਨਾਮ ਦੀ ਇੱਕ ਫਿਲਮ ਇਕੱਠੀ ਰਿਲੀਜ਼ ਹੋਈ ਸੀ। ਕਿਹਾ ਜਾਂਦਾ ਹੈ ਕਿ ਦੋਵਾਂ ਦੀ ਪ੍ਰੇਮ ਕਹਾਣੀ ਇਸ ਫਿਲਮ ਦੇ ਸੈੱਟ ਤੋਂ ਸ਼ੁਰੂ ਹੋਈ ਸੀ।

# ਬਜ਼ੁਰਗ ਅਦਾਕਾਰ ਤੇ ਨਿਰਮਾਤਾ ਧੀਰਜ ਕੁਮਾਰ ਦਾ ਦੇਹਾਂਤ



ਬਜ਼ੁਰਗ ਅਦਾਕਾਰ ਤੇ ਨਿਰਮਾਤਾ ਧੀਰਜ ਕੁਮਾਰ ਦਾ ਅੱਜ ਇਥੇ ਹਸਪਤਾਲ ਵਿਚ ਦੇਹਾਂਤ ਹੋ ਗਿਆ। ਧੀਰਜ ਕੁਮਾਰ ਮਨੋਜ ਕੁਮਾਰ ਦੀ ਫ਼ਿਲਮ 'ਰੋਟੀ ਕਪੜਾ ਔਰ ਮਕਾਨ' ਵਿਚ ਨਿਭਾਈ ਭੂਮਿਕਾ ਤੇ 'ਓਮ ਨਮ੍ਹਾ ਸ਼ਿਵਾਏ' ਤੇ 'ਅਦਾਲਤ' ਵਰਗੇ ਟੈਲੀਵਿਜ਼ਨ ਸ਼ੋਅਜ਼ ਦੇ ਨਿਰਮਾਣ ਲਈ ਮਕਬੂਲ ਸਨ। ਕੁਮਾਰ 79 ਸਾਲਾਂ ਦੇ ਸਨ। ਕੁਮਾਰ, ਜੋ ਪਿਛਲੇ ਕੁਝ ਸਮੇਂ ਤੋਂ ਨਿਮੋਨੀਆ ਦੀ ਲਾਗ ਤੋਂ ਪੀੜਤ ਸਨ, ਕੋਕਿਲਾਬੇਨ ਧੀਰੂਭਾਈ ਅੰਬਾਨੀ ਹਸਪਤਾਲ ਵਿਚ ਜ਼ੇਰੇ ਇਲਾਜ ਸਨ। ਕੁਮਾਰ ਦੇ ਨੇੜਲੇ ਸਹਾਇਕ ਤੇ ਪਰਿਵਾਰਕ ਦੋਸਤ ਅਜੈ ਸ਼ੁਕਲਾ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, "ਧੀਰਜ ਕੁਮਾਰ ਨੇ ਸਵੇਰੇ 11 ਵਜੇ ਦੇ ਕਰੀਬ ਆਖਰੀ ਸਾਹ ਲਏ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਨਾਸਾਜ਼ ਸੀ ਤੇ ਉਨ੍ਹਾਂ ਨੂੰ ਬੁਖਾਰ, ਸਰਦੀ ਤੇ ਖਾਂਸੀ ਦੀ ਸ਼ਿਕਾਇਤ ਮਗਰੋਂ ਸ਼ਨਿੱਚਰਵਾਰ ਨੂੰ ਆਈਸੀਯੂ 'ਚ ਦਾਖ਼ਲ ਕਰਵਾਇਆ ਗਿਆ ਸੀ।" ਸ਼ੁਕਲਾ ਨੇ ਕਿਹਾ ਕਿ ਬਜ਼ੁਰਗ ਅਦਾਕਾਰ ਦਾ ਸਸਕਾਰ ਬੁੱਧਵਾਰ ਨੂੰ ਪਵਨ ਹੰਸ ਸ਼ਮਸ਼ਾਨਘਾਟ ਵਿਚ ਕੀਤਾ ਜਾਵੇਗਾ।

## ਮੂਸੇਵਾਲਾ ਦੇ ਪ੍ਰਸ਼ੰਸਕਾਂ ਲਈ ਵੱਡੀ ਖੁਸ਼ਖਬਰੀ

# ਹੋਇਆ 'ਸਾਈਨ ਟੂ ਵਾਰ 2026 ਵਰਲਡ ਟੂਰ' ਦਾ ਐਲਾਨ



ਮਸ਼ਹੂਰ ਪੰਜਾਬੀ ਗਾਇਕ ਅਤੇ ਰੈਪਰ ਸਿੱਧੂ ਮੂਸੇਵਾਲਾ ਦੀ ਵਿਰਾਸਤ ਨੂੰ ਅੱਗੇ ਵਧਾਉਣ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ ਉਨ੍ਹਾਂ ਦੀ ਟੀਮ ਨੇ ਉਨ੍ਹਾਂ ਦੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਇੱਕ ਨਵਾਂ ਪੋਸਟਰ ਸਾਂਝਾ ਕੀਤਾ ਹੈ, ਜਿਸ ਵਿੱਚ "ਸਾਈਨਡ ਟੂ ਵਾਰ 2026 ਵਰਲਡ ਟੂਰ" ਦਾ ਐਲਾਨ ਕੀਤਾ ਗਿਆ ਹੈ। ਇਸ ਪੋਸਟਰ ਨੇ ਦੁਨੀਆ ਭਰ ਦੇ ਉਨ੍ਹਾਂ ਦੇ ਪ੍ਰਸ਼ੰਸਕਾਂ ਵਿੱਚ ਉਤਸ਼ਾਹ, ਭਾਵਨਾਵਾਂ ਅਤੇ ਉਮੀਦਾਂ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸਿੱਧੂ ਮੂਸੇਵਾਲਾ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ 'ਤੇ ਸਾਂਝੇ ਕੀਤੇ ਗਏ ਇਸ ਪੋਸਟਰ ਦਾ ਸਿਰਲੇਖ "ਸਾਈਨਡ ਟੂ ਵਾਰ 2026 ਵਰਲਡ ਟੂਰ" ਰੱਖਿਆ ਗਿਆ ਹੈ, ਜੋ ਸਿੱਧੂ ਦੇ ਹਮਲਾਵਰ ਅਤੇ ਜੋਸ਼ੀਲੇ ਅੰਦਾਜ਼ ਨੂੰ ਦਰਸਾਉਂਦਾ ਹੈ। ਹਾਲਾਂਕਿ, ਇਸ ਦੌਰੇ ਦੀਆਂ ਤਰੀਕਾਂ, ਸਥਾਨਾਂ ਜਾਂ ਸਮਾਂ-ਸਾਰਣੀ ਬਾਰੇ ਅਜੇ ਤੱਕ ਕੋਈ ਅਧਿਕਾਰਤ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ। ਉਨ੍ਹਾਂ ਦੀ ਟੀਮ ਨੇ ਸਪੱਸ਼ਟ ਕੀਤਾ ਹੈ ਕਿ ਜਲਦੀ ਹੀ ਪ੍ਰਸ਼ੰਸਕਾਂ ਨਾਲ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਇਸ ਰਹੱਸਮਈ ਐਲਾਨ ਨੇ ਪ੍ਰਸ਼ੰਸਕਾਂ ਵਿੱਚ ਉਤਸੁਕਤਾ ਨੂੰ ਹੋਰ ਵਧਾ ਦਿੱਤਾ ਹੈ। ਪ੍ਰਸ਼ੰਸਕ ਇਸ ਨੂੰ ਸਿੱਧੂ ਦੀ ਵਿਰਾਸਤ ਨੂੰ ਜ਼ਿੰਦਾ ਰੱਖਣ ਵੱਲ ਇੱਕ ਮਹੱਤਵਪੂਰਨ ਕਦਮ ਮੰਨ ਰਹੇ ਹਨ। ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕ ਇਸ ਖ਼ਬਰ ਬਾਰੇ ਭਾਵਨਾਤਮਕ ਪੋਸਟਾਂ ਸਾਂਝੀਆਂ ਕਰ ਰਹੇ ਹਨ, ਇਸਨੂੰ ਸਿੱਧੂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਦੱਸ ਰਹੇ ਹਨ। ਸਿੱਧੂ ਮੂਸੇਵਾਲਾ ਦੀ ਪ੍ਰਸਿੱਧੀ ਸਿਰਫ਼ ਪੰਜਾਬ ਜਾਂ ਭਾਰਤ ਤੱਕ ਹੀ ਸੀਮਤ ਨਹੀਂ ਸੀ, ਸਗੋਂ ਕੈਨੇਡਾ, ਅਮਰੀਕਾ, ਯੂਕੇ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਖਾੜੀ ਦੇਸ਼ਾਂ ਵਿੱਚ ਵੀ ਉਨ੍ਹਾਂ ਦਾ ਇੱਕ ਵੱਡਾ ਪ੍ਰਸ਼ੰਸਕ ਅਧਾਰ ਸੀ। ਇਸ ਵਿਸ਼ਵ ਦੌਰੇ ਦੀ ਸੰਭਾਵਨਾ ਨੇ ਉਨ੍ਹਾਂ ਦੇ ਪ੍ਰਸ਼ੰਸਕਾਂ ਨੂੰ ਵਿਸ਼ਵ ਪੱਧਰ 'ਤੇ ਇੱਕਜੁੱਟ ਕਰ ਦਿੱਤਾ ਹੈ।

# ਅਦਾਕਾਰਾ ਜ਼ਰੀਨ ਖਾਨ ਨੇ ਕੀਤਾ 'ਬਿਗ ਬੌਸ' 'ਚ ਜਾਣ ਤੋਂ ਮਨ੍ਹਾ!

## ਬੋਲੀ-'ਬਦਤਮੀਜ਼ੀ ਬਰਦਾਸ਼ਤ...'



ਸਲਮਾਨ ਖਾਨ ਨਾਲ ਫਿਲਮ 'ਵੀਰ' ਵਿੱਚ ਨਜ਼ਰ ਆਈ ਅਦਾਕਾਰਾ ਜ਼ਰੀਨ ਖਾਨ ਲੰਬੇ ਸਮੇਂ ਤੋਂ ਵੱਡੇ ਪਰਦੇ ਤੋਂ ਦੂਰ ਹੈ। ਪਰ ਇਹ ਅਦਾਕਾਰਾ ਆਪਣੀ ਲਵ ਲਾਈਫ ਅਤੇ ਜੀਵਨ ਸ਼ੈਲੀ ਲਈ ਖ਼ਬਰਾਂ ਵਿੱਚ ਰਹਿੰਦੀ ਹੈ। ਹਾਲ ਹੀ ਵਿੱਚ, ਜ਼ਰੀਨ ਨੇ ਸਲਮਾਨ ਦੇ ਸਭ ਤੋਂ ਮਸ਼ਹੂਰ ਅਤੇ ਵਿਵਾਦਪੂਰਨ ਸ਼ੋਅ 'ਬਿੱਗ ਬੌਸ' ਵਿੱਚ ਨਾ ਜਾਣ ਬਾਰੇ ਆਪਣੀ ਚੁੱਪੀ ਤੋੜੀ। ਅਦਾਕਾਰਾ ਨੇ ਕਿਹਾ ਕਿ ਉਹ ਬਦਤਮੀਜ਼ੀ ਬਰਦਾਸ਼ਤ ਨਹੀਂ ਕਰ ਸਕਦੀ। ਇਸੇ ਲਈ ਉਹ ਇਸ ਸ਼ੋਅ ਦਾ ਹਿੱਸਾ ਨਹੀਂ ਬਣ ਸਕਦੀ।

**ਕੀ ਹੈ ਕਾਰਨ?**

ਜ਼ਰੀਨ ਖਾਨ ਨੇ ਹਾਲ ਹੀ ਵਿੱਚ ਗੱਲਬਾਤ ਦੌਰਾਨ ਬਿੱਗ ਬੌਸ ਵਿੱਚ ਜਾਣ ਬਾਰੇ ਗੱਲ ਕੀਤੀ। ਅਦਾਕਾਰਾ ਨੇ ਕਿਹਾ, 'ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਮੈਨੂੰ ਸ਼ੋਅ ਬਹੁਤ ਪਸੰਦ ਹੈ। ਮੈਂ ਸਿਰਫ਼ ਦੋ-ਤਿੰਨ ਸੀਜ਼ਨ ਹੀ ਮਿਸ ਕੀਤੇ ਹਨ। ਪਰ ਮੇਰੇ ਕੋਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹਨ। ਮੈਂ ਤਿੰਨ ਮਹੀਨੇ ਕਿਤੇ ਨਹੀਂ ਜਾ ਸਕਦੀ। ਮੈਨੂੰ ਆਪਣੇ ਘਰ ਦੀ ਦੇਖਭਾਲ ਕਰਨੀ ਪੈਂਦੀ ਹੈ। ਦੂਜਾ, ਮੈਨੂੰ ਨਹੀਂ ਲੱਗਦਾ ਕਿ ਮੈਂ ਅਜਿਹੇ ਘਰ ਵਿੱਚ ਰਹਿ ਸਕਦੀ ਹਾਂ। ਜਿੱਥੇ ਬਹੁਤ ਸਾਰੇ ਅਣਜਾਣ ਲੋਕ ਹੋਣਗੇ। ਹਾਲਾਂਕਿ, ਮੈਨੂੰ ਦੋਸਤ ਬਣਾਉਣ ਵਿੱਚ ਜ਼ਿਆਦਾ ਸਮਾਂ ਨਹੀਂ ਲੱਗਦਾ। ਪਰ ਫਿਰ ਵੀ ਮੈਂ ਅਜਿਹੀ ਜਗ੍ਹਾ ਨਹੀਂ ਜਾ ਸਕਦੀ। ਜ਼ਰੀਨ ਨੇ ਅੱਗੇ ਕਿਹਾ ਕਿ, 'ਬਿੱਗ ਬੌਸ ਵਿੱਚ ਨਾ ਜਾਣ ਦਾ ਇੱਕ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਮੈਂ ਉੱਥੇ ਹੋਣ ਵਾਲੀ ਬਦਤਮੀਜ਼ੀ ਬਰਦਾਸ਼ਤ ਨਹੀਂ ਕਰ ਸਕਦੀ। ਮੇਰਾ ਤਾਂ ਹੱਥ ਉਠ ਜਾਵੇਗਾ ਉਸ 'ਤੇ। ਤਾਂ ਉਹ ਮੈਨੂੰ ਬਾਹਰ ਕੱਢਣ, ਇਸ ਤੋਂ ਬਿਹਤਰ ਹੈ ਕਿ ਮੈਂ ਉੱਥੇ ਨਾ ਜਾਵਾਂ। ਕਿਉਂਕਿ ਮੈਨੂੰ ਪਤਾ ਹੈ ਕਿ ਜੇ ਮੈਂ ਅੰਦਰ ਗਈ ਤਾਂ ਇਹ ਜ਼ਰੂਰ ਹੋਵੇਗਾ।' ਜ਼ਰੀਨ ਖਾਨ ਨੇ ਸਾਲ 2010 ਵਿੱਚ ਸਲਮਾਨ ਖਾਨ ਨਾਲ ਫਿਲਮ 'ਵੀਰ' ਨਾਲ ਆਪਣਾ ਡੈਬਿਊ ਕੀਤਾ ਸੀ। ਇਸ ਤੋਂ ਬਾਅਦ ਉਹ 1921, ਹੇਟ ਸਟੋਰੀ ਅਤੇ ਹਾਊਸਫੁੱਲ 2 ਵਰਗੀਆਂ ਕਈ ਫਿਲਮਾਂ ਵਿੱਚ ਨਜ਼ਰ ਆਈ। ਪਰ ਕੋਈ ਵੀ ਫਿਲਮ ਅਦਾਕਾਰਾ ਨੂੰ ਖਾਸ ਪ੍ਰਸਿੱਧੀ ਨਹੀਂ ਦਿਵਾ ਸਕੀ। ਅਦਾਕਾਰਾ ਸੋਸ਼ਲ ਮੀਡੀਆ 'ਤੇ ਬਹੁਤ ਸਰਗਰਮ ਹੈ। ਜਿੱਥੇ ਉਹ ਆਏ ਦਿਨ ਤਸਵੀਰਾਂ ਅਤੇ ਵੀਡੀਓਜ਼ ਸ਼ੇਅਰ ਕਰਦੀ ਰਹਿੰਦੀ ਹੈ।

BUY I SELL I INVEST
TEAM GILL

Amarjit Sangha Sales Representative 905-874-9600
Shamsher Gill Sales Representative 905-744-4400
Simrat Grewal Sales Representative 416-414-2878
DIR.: 905-744-4400
FREE MARKET EVALUATION OF YOUR PROPERTY
* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?
WE CAN HELP YOU FIND YOUR DREAM PROPERTY IN
GTA & WATERLOO REGION:
Mississauga, Brampton, Caledon, Cambridge, Kitchener, Waterloo & Guelph Area
ROYAL LEPAGE
Flower City Realty Inc.
BROKERAGE, INDEPENDENTLY OWNED & OPERATED
MLS MULTIPLE LISTING SERVICE
INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY
WE ARE HIRING
Join Our Team

OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers
REQUIREMENTS:
The person should be fluent in english, able to work long hours.
The person should be able to work full time with valid work permit or PR holders
APPLY NOW
Shift Available
Morning
Afternoon
Night
Send your resume
disptach.accesspersonnel@gmail.com
Contact: 416-675-2288

# ਆਓ ਧੀਆਂ ਪੜ੍ਹਾਈਏ,
# ਦਾਜ ਦੀ ਲਾਹਨਤ ਤੋਂ ਛੁਟਕਾਰਾ ਪਾਈਏ



ਪਹਿਲਾਂ ਸਾਡੀਆਂ ਭੂਆ, ਮਾਸੀਆਂ ਦੇ ਵੇਲਿਆਂ ਵਿੱਚ ਗੁੱਡੀ ਫੂਕਣ ਦਾ ਰਿਵਾਜ ਬਹੁਤ ਜ਼ਿਆਦਾ ਹੁੰਦਾ ਸੀ। ਜਦੋਂ ਮੀਂਹ ਨਾ ਪੈਣਾ, ਇੱਕ ਬਹੁਤ ਸੋਹਣੀ ਗੁੱਡੀ ਪੂਰੇ ਪਿੰਡ ਦੀਆਂ ਕੁੜੀਆਂ ਨੇ ਰਲ਼ ਕੇ ਤਿਆਰ ਕਰਨੀ। ਮਿੱਠੀਆਂ ਰੋਟੀਆਂ ਜਾਂ ਗੁਲਗੁਲੇ ਨਾਲ ਪਕਾਏ ਜਾਂਦੇ ਸੀ। ਜਾਂ ਕਈ ਵਾਰ ਗੁੜ ਵਾਲੇ ਚੌਲ ਵੀ ਬਣਾ ਲੈਂਦੇ ਸਨ। ਪਿੰਡ ਦੀਆਂ ਜ਼ਿਆਦਾਤਰ ਵੱਡੀ ਉਮਰ ਦੀਆਂ ਬੁੜ੍ਹੀਆਂ ਵੈਣ ਪਾਉਂਦੀਆਂ ਪੂਰੇ ਪਿੰਡ ਵਿੱਚ ਗੇੜਾ ਦਿੰਦੀਆਂ ਸਨ। ਗੁੱਡੀ ਨੂੰ ਲਾਲ ਕੱਪੜੇ ਵਿੱਚ ਸਜਾਇਆ ਜਾਂਦਾ ਸੀ ਤੇ ਸ਼ਮਸ਼ਾਨ ਘਾਟ ਤਕ ਲਿਜਾਇਆ ਜਾਂਦਾ ਸੀ। ਗੁੱਡੀ ਫੂਕਣ ਤੋਂ ਬਾਅਦ ਗਿੱਧਾ ਪਾਇਆ ਜਾਂਦਾ ਸੀ। ਮੀਂਹ ਲਈ ਵੀ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਜਾਂਦੀ ਸੀ। ਗੁੱਡੀ ਫੂਕਣ ਦਾ ਤਰਕ ਦੱਸਿਆ ਜਾਂਦਾ ਸੀ ਕਿ ਜੇ ਅਸੀਂ ਜਵਾਨ ਕੁੜੀ ਨੂੰ ਫੂਕਦੇ ਹਾਂ ਤਾਂ ਰੱਬ ਵੀ ਰੋਂਦਾ ਹੈ।

ਪਰ ਹੁਣ ਤਾਂ ਰੋਜ਼ ਜਿਉਂਦੀਆਂ ਗੁੱਡੀਆਂ ਸੜ ਰਹੀਆਂ ਹਨ। ਹਰ ਰੋਜ਼ ਦਾਜ ਦੀ ਬਲੀ ਪਤਾ ਨਹੀਂ ਕਿੰਨੀਆਂ ਗੁੱਡੀਆਂ ਚੜ੍ਹਦੀਆਂ ਹਨ, ਜਿਨ੍ਹਾਂ ਨੂੰ ਲਾਲ ਫੁਲਕਾਰੀਆਂ ਵਿੱਚ ਲਪੇਟ ਕੇ ਸ਼ਮਸ਼ਾਨਘਾਟ ਲਿਜਾਇਆ ਜਾਂਦਾ ਹੈ। ਮਾਵਾਂ ਦਾ ਰੋਣਾ ਸੁਣ ਕੇ ਪੱਥਰ ਵੀ ਪਿਘਲ ਜਾਂਦਾ ਹੈ। ਤੇ ਫਿਰ ਹੁਣ ਰੱਬ ਕਿਉਂ ਨਹੀਂ ਰੋਂਦਾ? ਘੱਟ ਦਾਜ 'ਤੇ ਇੱਕ ਧੀ ਹੀ ਨਹੀਂ ਮਰਦੀ, ਜਿਹੜਾ ਕਰਜ਼ਾ ਲੈ ਕੇ ਇੰਨਾ ਦਾਜ ਆਪਣੀ ਧੀ ਨੂੰ ਦਿੱਤਾ ਜਾਂਦਾ ਹੈ, ਉਸ ਕਰਜ਼ੇ ਨੂੰ ਉਤਾਰਦਾ ਬਾਪ ਵੀ ਇਸ ਦੁਨੀਆਂ ਤੋਂ ਫਾਨੀ ਹੋ ਜਾਂਦਾ ਹੈ। ਪਰ ਕਰਜ਼ਾ ਸਿਰ ਤੋਂ ਨਹੀਂ ਉੱਤਰਦਾ। ਇੱਕ ਧੀ ਜਾਂਦੀ ਹੈ ਦੂਜਾ ਸਿਰ 'ਤੇ ਕਰਜ਼ਾ। ਅੱਜਕੱਲ੍ਹ ਤਾਂ ਨਕਲੀ ਗੁੱਡੀ ਫੂਕਣ ਦਾ ਰਿਵਾਜ ਹੀ ਨਹੀਂ ਰਿਹਾ। ਜਦੋਂ ਅਸਲੀ ਗੁੱਡੀਆਂ ਹੀ ਹਰ ਰੋਜ਼ ਪਤਾ ਨਹੀਂ ਕਿੰਨੀਆਂ ਫੂਕੀਆਂ ਜਾ ਰਹੀਆਂ ਹਨ। ਅਸਲੀ ਚੀਕਾਂ ਸੁਣ ਕੇ ਵੀ ਪਰਮਾਤਮਾ ਨੂੰ ਰਹਿਮ ਨਹੀਂ ਆਉਂਦਾ।

ਮੈਂ ਇੱਕ ਘਟਨਾ ਜੋ ਬਿਲਕੁਲ ਅੱਖੀਂ ਦੇਖੀ, ਜਿਸਦੀਆਂ ਚੀਕਾਂ ਮੈਂ ਕੰਨੀਂ ਸੁਣੀਆਂ ਹਨ, ਉਸ ਦਾ ਜ਼ਿਕਰ ਕਰਨ ਲੱਗੀ ਹਾਂ। ਜਿਸ ਕੋਠੀ ਵਿੱਚ ਅਸੀਂ ਰਹਿੰਦੇ ਸੀ, ਉਸਦੇ ਪਿੱਛੇ ਹੀ ਇੱਕ ਕਾਫ਼ੀ ਵੱਡੀ ਕੋਠੀ ਸੀ। ਕੋਠੀ ਬਹੁਤ ਸੋਹਣੀ ਸੀ ਪਰ ਉਸ ਦੇ ਵਿੱਚ ਰਹਿਣ ਵਾਲੇ ਲੋਕ ਬੇਦਰਦ ਸਨ। ਉਨ੍ਹਾਂ ਦੇ ਮੁੰਡੇ ਦੀ ਪਹਿਲਾਂ ਵੀ ਮੈਰਿਜ ਹੋਈ ਸੀ। ਕੁੜੀ ਉਨ੍ਹਾਂ ਦੀ ਦਾਜ ਦੀ ਮੰਗ ਪੂਰੀ ਨਾ ਕਰ ਸਕੀ ਤੇ ਡਾਈਵੋਰਸ ਲੈ ਕੇ ਪੇਕੇ ਚਲੀ ਗਈ। ਫਿਰ ਇਨ੍ਹਾਂ ਨੇ ਆਪਣੇ ਮੁੰਡੇ ਦਾ ਦੂਸਰਾ ਵਿਆਹ ਕੀਤਾ। ਉਸ ਕੁੜੀ ਦੇ ਮਾਂ ਬਾਪ ਨਹੀਂ ਸਨ, ਸਿਰਫ ਭੈਣਾਂ ਹੀ ਸਨ। ਉਸ ਕੁੜੀ ਨੂੰ ਇਨ੍ਹਾਂ ਨੇ ਐਨੀ ਬੇਰਹਿਮੀ ਦੇ ਨਾਲ ਤੜਕੇ ਦੇ ਤਿੰਨ ਵਜੇ ਮਾਰਿਆ ਕਿ ਉਸ ਦੀਆਂ ਚੀਕਾਂ ਸਾਰੇ ਲੋਕਾਂ ਦੇ ਕੰਨੀਂ ਪੈ ਰਹੀਆਂ ਸਨ। ਪਰ ਇਹ ਨਹੀਂ ਸੀ ਪਤਾ ਲੱਗ ਰਿਹਾ ਕਿ ਕਿਸ ਕੋਠੀ ਵਿੱਚ ਚੀਕਾਂ ਪੈ ਰਹੀਆਂ ਹਨ। ਸਵੇਰੇ ਤਿੰਨ ਵਜੇ ਬਿਲਕੁਲ ਸ਼ਾਂਤਮਈ ਮਾਹੌਲ ਹੁੰਦਾ ਹੈ। ਇਸ ਲਈ ਚੀਕਾਂ ਦੀ ਆਵਾਜ਼ ਬਹੁਤ ਦੂਰ ਤਕ ਜਾ ਰਹੀ ਸੀ। ਉਨ੍ਹਾਂ ਦੀ ਕੋਠੀ ਦੇ ਨਾਲ ਫਲੈਟ ਬਣੇ ਹੋਏ ਸਨ। ਉਸ ਘਰ ਵਿੱਚੋਂ ਅੱਗ ਦੀਆਂ ਲਾਟਾਂ ਨਿਕਲ ਰਹੀਆਂ ਸਨ। ਅੱਗ ਦੀਆਂ ਲਾਟਾਂ ਦੇਖ ਕੇ ਫਲੈਟ ਵਾਲੇ ਸਕਿਉਰਿਟੀ ਗਾਰਡ ਨੇ ਪੁਲੀਸ ਨੂੰ ਫੋਨ ਕੀਤਾ। ਪੁਲਿਸ ਉਸੇ ਵਕਤ ਆ ਗਈ। ਕੁੜੀ ਨੂੰ ਬਹੁਤ ਬੇਰਹਿਮੀ ਨਾਲ ਉਸ ਨੂੰ ਸਾੜਿਆ ਗਿਆ ਸੀ। ਉਸ ਦਾ ਅੰਗੂਠਾ ਵੀ ਉਸ ਦੇ ਹੱਥ ਨਾਲੋਂ ਅਲੱਗ ਹੋਇਆ ਪਿਆ ਸੀ। ਕੋਲ ਹੀ ਤੇਲ ਦੀ ਕੈਨੀ ਪਈ ਸੀ। ਪੂਰਾ ਕਮਰਾ ਧੂੰਏਂ ਨਾਲ ਭਰਿਆ ਹੋਇਆ ਸੀ। ਕੁੜੀ ਦੀ ਅੱਧੀ ਜਲੀ ਹੋਈ ਲਾਸ਼ ਪੁਲੀਸ ਆਪਣੇ ਕਬਜ਼ੇ ਵਿੱਚ ਲੈ ਕੇ ਚਲੀ ਗਈ। ਉਹ ਲੋਕ ਕੁੜੀ ਨੂੰ ਜਿਸ ਕਮਰੇ ਵਿੱਚ ਜਲਾਇਆ ਸੀ, ਉਸ ਦਾ ਮੂਹਰਲਾ ਦਰਵਾਜ਼ਾ ਬੰਦ ਕਰ ਕੇ ਆਪ ਭੱਜ ਗਏ ਸਨ। ਜਦੋਂ ਪੁਲੀਸ ਨੇ ਆ ਕੇ ਅੱਗ ਬੁਝਾਈ ਤਾਂ ਘਰ ਵਿੱਚ ਹੋਰ ਕੋਈ ਵੀ ਨਹੀਂ ਸੀ।

ਉਸ ਕੁੜੀ ਦੇ ਮਾਂ ਬਾਪ ਨਾ ਹੋਣ ਕਰਕੇ ਇਹ ਕੇਸ ਥੋੜ੍ਹੇ ਸਮੇਂ ਵਿੱਚ ਹੀ ਰਫ਼ਾ ਦਫ਼ਾ ਹੋ ਗਿਆ। ਕੁੜੀ ਦੀਆਂ ਭੈਣਾਂ ਨੇ ਪੈਸੇ ਲੈ ਕੇ ਰਾਜ਼ੀਨਾਮਾ ਕਰ ਲਿਆ।

ਪਤਾ ਨਹੀਂ ਕਿੰਨੀਆਂ ਕੁੜੀਆਂ ਨਾਲ ਹਰ ਰੋਜ਼ ਇਸ ਤਰ੍ਹਾਂ ਦੀ ਘਟਨਾਵਾਂ ਵਾਪਰਦੀਆਂ ਹਨ। ਕਿੰਨੇ ਦਿਨ ਤਕ ਉਸ ਦੀਆਂ ਚੀਕਾਂ ਸਾਡੇ ਸਭ ਦੇ ਕੰਨਾਂ ਵਿੱਚ ਵੱਜਦੀਆਂ ਰਹੀਆਂ। ਅਸੀਂ ਜਦੋਂ ਵੀ ਉਸ ਕੋਠੀ ਵੱਲ ਵੇਖਦੇ ,ਸਾਡਾ ਦਿਲ ਹਲੂਣਿਆ ਜਾਂਦਾ। ਉਸ ਕੋਠੀ ਤੋਂ ਸਾਨੂੰ ਡਰ ਲੱਗਣ ਲੱਗ ਪਿਆ। ਹੁਣ ਵੀ ਜਦੋਂ ਕਦੇ ਮੈਂ ਉਸ ਕੋਠੀ ਵੱਲ ਵੇਖਦੀ ਹਾਂ, ਮੈਨੂੰ ਉਹ ਕੁੜੀ ਜ਼ਰੂਰ ਯਾਦ ਆਉਂਦੀ ਹੈ। ਜੇ ਕੁੜੀਆਂ ਦਿੱਤੀਆਂ ਹਨ ਪ੍ਰਮਾਤਮਾ ਤਾਂ ਉਨ੍ਹਾਂ ਦੇ ਲੇਖ ਵੀ ਵਧੀਆ ਹੀ ਲਿਖ ਕੇ ਭੇਜਣਾ। ਪਤਾ ਨਹੀਂ ਕਿੰਨੀਆਂ ਕੁੜੀਆਂ ਦਾਜ ਵਿੱਚ ਅੱਗ ਦੀ ਬਲੀ ਚੜ੍ਹਦੀਆਂ ਹਨ। ਕਿਸੇ ਨਾ ਕਿਸੇ ਤਰੀਕੇ ਨਾਲ ਪਿਆਰ ਵਜੋਂ ਦਿੱਤੇ ਗਏ ਸਮਾਨ ਵਿੱਚ ਜਦੋਂ ਵਾਧਾ ਹੋਣ ਲੱਗ ਪਵੇ ਤਾਂ ਇਹ ਰਸਮ ਦਾਜ ਹੀ ਕਹਿਲਾਉਂਦੀ ਹੈ। ਜਿਵੇਂ-ਜਿਵੇਂ ਦਾਜ ਵਧ ਰਿਹਾ ਹੈ, ਉਸ ਤਰ੍ਹਾਂ ਹੀ ਅੱਗ ਦੀਆਂ ਲਪਟਾਂ ਵੀ ਉੱਚੀਆਂ ਹੋ ਰਹੀਆਂ ਹਨ।

ਅੱਜ ਕੱਲ੍ਹ ਦਾਜ ਦੀ ਭੇਟ ਕੁੜੀਆਂ ਹੀ ਨਹੀਂ, ਸਗੋਂ ਮੁੰਡੇ ਵੀ ਚੜ੍ਹ ਰਹੇ ਹਨ। ਹਰ ਰੋਜ਼ ਕੁੜੀਆਂ ਵਾਂਗ ਹੀ ਮੁੰਡਿਆਂ ਦੀਆਂ ਵੀ ਚਿਤਾ ਜਲ ਰਹੀਆਂ ਹਨ। ਸਾਡਾ ਸਮਾਜ ਦਿਖਾਵੇ ਦੇ ਚੱਕਰ ਵਿੱਚ ਕਿਉਂ ਰਿਸ਼ਤਿਆਂ ਦਾ ਘਾਣ ਕਰ ਰਿਹਾ ਹੈ। ਪਹਿਲਾਂ ਇੱਕ ਦੂਜੇ ਨੂੰ ਨੀਚਾ ਨਹੀਂ ਸੀ ਦਿਖਾਇਆ ਜਾਂਦਾ, ਤੇ ਲੋਕ ਸਿਰਫ਼ ਘਰ ਵਿੱਚ ਵਰਤੋਂ ਵਾਲੀਆਂ ਚੀਜ਼ਾਂ ਹੀ ਦਿੰਦੇ ਹਨ। ਇਸ ਲਈ ਸੌਖੇ ਸਨ। ਦਾਜ ਦੀ ਬਲੀ ਕੁੜੀਆਂ ਉਦੋਂ ਵੀ ਚੜ੍ਹਦੀਆਂ ਸਨ ਪਰ ਬਹੁਤ ਘੱਟ। ਇਹੋ ਜਿਹਾ ਘਿਨਾਉਣਾ ਕੰਮ ਮਰੀ ਜ਼ਮੀਰ ਵਾਲੇ ਹੀ ਕਰਦੇ ਸਨ। ਪਰ ਹੁਣ ਹਰ ਰੋਜ਼ ਅਖ਼ਬਾਰਾਂ ਦੇ ਮੁੱਖ ਪੰਨੇ ਇਹੋ ਜਿਹੀਆਂ ਖਬਰਾਂ ਨਾਲ ਭਰੇ ਹੁੰਦੇ ਹਨ। ਸਾਡਾ ਸਮਾਜ ਪਤਾ ਨਹੀਂ ਕਿੱਧਰ ਨੂੰ ਤੁਰ ਪਿਆ ਹੈ:

ਚਾਹੁੰਦੇ ਹੋਇਆਂ ਵੀ ਨਾ ਜਿੱਥੋਂ ਭਰੀ ਜਾਏ ਪਰਵਾਜ਼,
ਪਤਾ ਨਹੀਂ ਅੱਜਕੱਲ੍ਹ ਕਿਸ ਪਾਸੇ ਜਾ ਰਿਹਾ ਸਾਡਾ ਸਮਾਜ।

ਸੁਰ ਤੇ ਲੈਅ ਨੂੰ ਭੁੱਲ ਗਵੱਈਏ, ਸ਼ੋਹਰਤ ਪਿੱਛੇ ਪੈ ਗਏ,
ਚਮਕ ਦਮਕ ਦੀ ਫੋਕੀ ਚੌਧਰ, ਸੁੰਨੇ ਪਏ ਨੇ ਸਾਜ਼।

ਲੋਕ ਪਰਿਵਾਰਕ ਰਿਸ਼ਤਿਆਂ ਵਿੱਚ ਹੀ ਖੂਨ ਦੀਆਂ ਹੋਲੀਆਂ ਖੇਡ ਰਹੇ ਹਨ। ਕੁੜੀਆਂ ਵੀ ਤਾਂ ਚਿੜੀਆਂ ਨੇ, ਕੁਦਰਤ ਦੀਆਂ ਦਿੱਤੀਆਂ ਹੋਈਆਂ ਦਾਤਾਂ ਨੇ। ਕੀ ਹੋਇਆ ਜੇ ਨੂੰਹ ਬਣ ਗਈ, ਤੁਹਾਡੀਆਂ ਆਪਣੀਆਂ ਨੇ ਕਿਸੇ ਦੇ ਘਰ ਜਾਣਾ ਹੈ।



ਘਰ ਬਣਾਉਂਦੇ ਬਣਾਉਂਦੇ ਜ਼ਿੰਦਗੀ ਗੁਜ਼ਰ ਜਾਂਦੀ ਹੈ,
ਸੁਪਨਿਆਂ ਨੂੰ ਬੁਣਦੇ-ਬੁਣਦੇ ਜ਼ਿੰਦਗੀ ਗੁਜ਼ਰ ਜਾਂਦੀ ਹੈ,

ਚਾਹਤਾਂ ਦਾ ਘੜਾ ਕਦੇ ਨਹੀਂ ਭਰਦਾ,
ਇੱਛਾਵਾਂ ਦੇ ਪਿੱਛੇ ਭੱਜਦੇ ਜ਼ਿੰਦਗੀ ਗੁਜ਼ਰ ਜਾਂਦੀ ਹੈ।

ਇਨਸਾਨ ਨੂੰ ਆਪਣੀ ਕਮਾਈ 'ਤੇ ਸਬਰ ਕਿਉਂ ਨਹੀਂ? ਕੀ ਦੂਸਰੇ ਦਾ ਦਿੱਤਾ ਹੋਇਆ ਸਮਾਨ ਆਪਣੇ ਸਮਾਨ ਨਾਲੋਂ ਜ਼ਿਆਦਾ ਕੀਮਤੀ ਹੁੰਦਾ ਹੈ? ਇਸ ਗਲਤ ਫਹਿਮੀ ਦਿਲ ਵਿੱਚੋਂ ਕੱਢ ਦਿਓ। ਦਾਜ ਵਿੱਚ ਦਿੱਤਾ ਸਮਾਨ ਤੁਹਾਡੇ ਸਿਰ 'ਤੇ ਇੱਕ ਕਰਜ਼ ਹੈ। ਆਪਣੇ ਘਰ ਦੀ ਰੋਟੀ ਤੁਸੀਂ ਚਟਨੀ ਨਾਲ ਖਾ ਲਵੋ, ਦੂਸਰੇ ਦੀ ਭਰੀ ਥਾਲੀ ਨਾਲੋਂ ਜ਼ਿਆਦਾ ਸਵਾਦਲੀ ਹੋਵੇਗੀ। ਇਸ ਲਈ ਆਪਣੀ ਕਮਾਈ ਵਿੱਚ ਸਬਰ-ਸੰਤੋਖ ਰੱਖੋ। ਕਿਸੇ ਧੀ ਦੇ ਬਾਪ ਦੀ ਲਾਚਾਰੀ ਦਾ ਫਾਇਦਾ ਨਾ ਚੁੱਕੋ। ਲੇਖਾ-ਜੋਖਾ ਕਰਮਾਂ ਦਾ ਦੇਣਾ ਹੀ ਪੈਣਾ ਹੈ।

ਪਲਾਸਟਿਕ ਦੇ ਫੁੱਲਾਂ ਉੱਪਰ,
ਇਤਰ ਦਾ ਛਿੜਕਾਅ ਕਰਨ ਨਾਲ,
ਖੁਸ਼ਬੂ ਤਾਂ ਆ ਸਕਦੀ ਹੈ, ਪਰ ਜੜ੍ਹਾਂ ਨਹੀਂ।
ਦੂਸਰੇ ਦੀ ਕਮਾਈ ਨਾਲ ਘਰ ਤਾਂ ਭਰ ਸਕਦਾ,
ਪਰ ਖੁਸ਼ੀ ਤੇ ਸਬਰ ਨਹੀਂ।



ਦਵਿੰਦਰ ਕੌਰ ਖੁਸ਼ ਧਾਲੀਵਾਲ

# ਮਰਜੀ ਦਾ ਮਾਲਕ..!



ਬਾਦਸ਼ਾਹ ਨਾਮ ਦਾ ਇੱਕ ਪਾਤਰ ਮੇਰੀ ਹਰ ਕਹਾਣੀ ਦਾ ਹਿੱਸਾ ਜਰੂਰ ਹੁੰਦਾ..ਆਪਹੁਦਰਾ..ਮਰਜੀ ਦਾ ਮਾਲਕ..।

ਇਕ ਦਿਨ ਨਿਆਣੇ ਖਹਿੜੇ ਪੈ ਗਏ..ਸਾਨੂੰ ਬਾਦਸ਼ਾਹ ਵਿਖਾਓ..ਅਸਾਂ ਅੱਜ ਵੇਖਣਾ ਹੀ ਵੇਖਣਾ..ਮੈਨੂੰ ਜੁਆਬ ਨਾ ਅਹੁੜਿਆ..ਟਾਲਣ ਲਈ ਆਖ ਦਿੱਤਾ ਜਿਸ ਦਿਨ ਮੌਕਾ ਮਿਲਿਆ ਜਰੂਰ ਮਿਲਾਂਵਾਂਗਾ। ਉਸ ਦਿਨ ਮੇਨ ਸੜਕ ਤੇ ਧਰਨਾ ਲਗਿਆ ਸੀ..ਗੱਡੀ ਲਿੰਕ ਸੜਕ ਤੇ ਪਾ ਲਈ..ਅੱਗੇ ਐਨ ਵਿਚਕਾਰ ਡੰਗਰਾਂ ਦਾ ਵੱਗ ਤੁਰਿਆ ਜਾਵੇ..ਲਾਂਭੇ ਨਾ ਹੋਵੇ..ਲੇਟ ਹੋਈ ਜਾਂਦੇ ਡਰਾਈਵਰ ਨੇ ਹਾਰਨ ਤੋਂ ਹੱਥ ਨਾ ਚੁੱਕਿਆ..ਘੜੀ ਕੂ ਮਗਰੋਂ ਇੱਕ ਨਿੱਕਾ ਜਿਹਾ ਪਾਲੀ ਅੰਦਰੋਂ ਨਿੱਕਲਿਆ ਅਤੇ ਕੋਲ ਆ ਕੇ ਆਖਣ ਲੱਗਾ..ਭਾਉ ਡੰਗਰ ਜਾਤ ਏ..ਲਾਂਭੇ ਹੁੰਦਿਆਂ ਘੜੀ ਤੇ ਲਾਊਗੀ..ਕੱਲ ਪਾਰੋਂ ਝੋਟੀ ਲਿਆਂਦੀ ਏ..ਰੌਲੇ ਤੋਂ ਬਹੁਤ ਡਰਦੀ..ਤੇਰੇ ਹਾਰਨ ਕਰਕੇ ਭੂਤਰ ਗਈ ਤਾਂ ਨਵੀਂ ਗੱਡੀ ਦਾ ਨੁਕਸਾਨ ਕਰ ਸਕਦੀ..ਫੇਰ ਨਾ ਔਖਾ ਭਾਰਾ ਹੁੰਦਾ ਫਿਰੀਂ..।

ਗੱਡੀ ਦੇ ਨੁਕਸਾਨ ਬਾਰੇ ਸੁਣ ਓਸੇ ਵੇਲੇ ਹਾਰਨ ਵਜਾਉਣਾ ਬੰਦ ਕਰ ਦਿੱਤਾ ਤੇ ਮੇਰੇ ਵੱਲ ਵੇਖਣ ਲੱਗਾ..ਮੈਂ ਵੀ ਉਸ ਨਿੱਕੇ ਮੁੰਡੇ ਵੱਲ ਦੀ ਗੱਲ ਕਰਦੇ ਹੋਏ ਨੇ ਆਖਿਆ ਕੇ ਗਲਤੀ ਤੇਰੀ ਹੀ ਏ..।

ਕਾਰ ਅੰਦਰ ਚੁੱਪ ਪੱਸਰ ਗਈ..ਮੋਢੇ ਤੇ ਲੰਮੀਂ ਡਾਂਗ ਰੱਖ ਬੇਪਰਵਾਹੀ ਨਾਲ ਦੂਰ ਤੁਰੇ ਜਾਂਦੇ ਪਾਲੀ ਵੱਲ ਵੇਖ ਨਿਆਣੇ ਪੁੱਛਣ ਲੱਗੇ..ਕੌਣ ਸੀ ਉਹ..?

ਮੈਂ ਆਪ ਮੁਹਾਰੇ ਹੀ ਬੋਲ ਉੱਠਿਆ..ਓਹੀ ਕਹਾਣੀਆਂ ਵਾਲਾ ਬਾਦਸ਼ਾਹ..ਅੱਜ ਵੇਖ ਲਵੋ ਚੰਗੀ ਤਰਾਂ..ਇਹ ਰੋਜ ਰੋਜ ਨਹੀਂ ਦਿਸਦੇ!

ਦੋਸਤੋ ਉਹ ਵਾਕਿਆ ਹੀ ਬਾਦਸ਼ਾਹ ਜਿਸਤੇ ਇਸ ਗੱਲ ਦਾ ਕੋਈ ਅਸਰ ਨਹੀਂ ਕੇ ਸਾਮਣੇ ਵਾਲੇ ਨੇ ਕਿੰਨੇ ਮਹਿੰਗੇ ਲੀੜੇ ਕੱਪੜੇ ਪਾਏ ਅਤੇ ਥੱਲੇ ਕਿੰਨੇ ਲੱਖ ਦੀ ਗੱਡੀ ਏ..ਉਸਦਾ ਲਹਿਜਾ ਅੰਦਾਜ ਅਤੇ ਤਰੀਕਾ-ਏ-ਕਾਰ ਉੰਝ ਦਾ ਉੰਝ ਹੀ ਰਹੇ..!

ਇੰਝ ਦਾ ਬਾਦਸ਼ਾਹ ਬਣਨਾ ਆ ਜਾਵੇ ਤਾਂ ਸਾਰੀ ਦੁਨੀਆ ਹੀ ਆਪਣੀ ਸਲਤਨਤ ਹੋ ਨਿੱਬੜਦੀ।

ਹਰਪ੍ਰੀਤ ਸਿੰਘ ਜਵੰਦਾ

# ਇਸ਼ਨਾਨ ਮਗਰੋਂ ਦਸਤਾਰ ਸਜਾਉਣ ਲੱਗੇ

ਨਾਨਾ ਜੀ ਤੜਕੇ ਇਸ਼ਨਾਨ ਮਗਰੋਂ ਦਸਤਾਰ ਸਜਾਉਣ ਲੱਗੇ..ਹੱਥ ਹੋਰ ਪਾਸੇ ਈ ਜਾਈ ਜਾਵੇ..ਡਾਕਟਰ ਕੋਲ ਲੈ ਗਏ..ਬਲੱਡ ਪ੍ਰੈਸ਼ਰ ਘਟਿਆ ਸੀ..ਦਵਾਈ ਦੇ ਦਿੱਤੀ..ਘਰ ਆਉਣ ਲੱਗੇ ਤਾਂ ਕਹਿੰਦੇ ਡਾਕਟਰਾ ਹੁਣ ਮੇਰੀ ਸਾਸਰੀ ਕਾਲ..ਰਾਹ ਵਿਚ ਗੁਰੂ ਘਰ ਦੀ ਦਹਿਲੀਜ ਤੇ ਸਿਰ ਰੱਖ ਕਿੰਨੀ ਦੇਰ ਉੱਠੇ ਹੀ ਨਹੀਂ..ਰਾਹ ਵਿੱਚ ਜੋ ਵੀ ਮਿਲਿਆ ਫਤਹਿ ਬੁਲਾਉਂਦੇ ਆਏ..ਕਿੰਨਿਆਂ ਨੂੰ ਉਚੇਚਾ ਖਲੋ ਕੇ ਪਿਆਰ ਵੀ ਤੇ ਉਮਰੋਂ ਵੱਡਿਆਂ ਨੂੰ ਹਥ ਜੋੜ ਸਤਿਕਾਰ ਵੀ..ਘਰ ਅੱਪੜ ਮੰਜੇ ਤੇ ਲੇਟ ਗਏ..ਪੁੱਛਦੇ ਥੋਡੀ ਬੀਬੀ ਕਿਥੇ..ਉਸਨੂੰ ਦਸ ਦਿਓ ਮੈਂ ਚੱਲਿਆ..ਫੇਰ ਨਾਲੇ ਸਰੀਰ ਛੱਡ ਗਏ..।

ਇੱਕ ਪਾਠਕ ਭੈਣ ਜੀ ਵੱਲੋਂ ਘੱਲੇ ਇਸ ਬਿਰਤਾਂਤ ਨੂੰ ਲਿਖਣ ਮਗਰੋਂ ਸੋਚੀ ਜਾ ਰਿਹਾ ਸਾਂ ਕੇ ਕਿੰਨੀਂ ਸਹਿਜ ਅਤੇ ਸਧਾਰਨ ਹੁੰਦੀ ਏ ਕਈਆਂ ਮਨੁੱਖਾਂ ਦੀ ਰਵਾਨਗੀ..ਕੋਈ ਖੱਪ ਰੌਲਾ ਨਹੀਂ..ਰੋਣ ਪਿੱਟਣ ਨਹੀਂ..ਬੱਸ ਘੜੀ ਦੀ ਘੜੀ ਹੱਸ ਖੇਡ ਮੁੜ ਸਦੀਵੀਂ ਪਿੰਡ ਵਾਪਿਸ ਪਰਤਣ ਦੀ ਤਿਆਰੀ ਕਰਦੀ ਹੋਈ ਇੱਕ ਰੂਹ..ਰੱਜੀਆਂ ਆਤਮਾਵਾਂ..ਸੰਤੋਖੀ ਸੋਚ..ਨਿਸ਼ਕਾਮ ਮੋਹ ਪਿਆਰ..ਓਹਨਾ ਭਾਣੇ ਇਹ ਸੰਸਾਰ ਮਹਿਜ ਰਾਤ ਕੱਟਣ ਵਾਲੀ ਇੱਕ ਧਰਮਸਾਲ ਤੋਂ ਵੱਧ ਨਹੀਂ..ਐਸੇ ਦੇਵ ਪੁਰਸ਼ ਬੇਸ਼ੱਕ ਵਿਰਲੇ ਟਾਵੇਂ ਹੀ ਪਰ ਹੈਨ ਜਰੂਰ ਨੇ ਅਜੇ ਵੀ..ਆਲੇ ਦਵਾਲੇ!

# ਸੰਸਾਰ ਇੱਕ ਮੁਜਰਾ ਹੈ

ਪੇਕਿਆਂ ਵਾਲੇ ਪੁਰਾਣੇ ਕੱਚੇ ਘਰੇਂ
ਪਿੱਛੇ ਜਿਹੇ
ਸੰਦੂਕਾਂ ਵਾਲੇ ਤੋਂ ਵੀ ਪਿੱਛੇ
ਹੋਰ ਸੀ ਇੱਕ ਕੋਠੜੀ
ਜਿਸ ਵਿੱਚ ਰੱਖੇ ਹੁੰਦੇ
ਕਣਕ ਅਤੇ ਹੋਰ ਦਾਣੇ ਦੁਣਕੇ ਵਾਲੇ ਭੜੋਲੇ
ਕੋਠੜੀ ਉੱਪਰ ਇੱਕ ਮੋਘਾ
ਧੁੱਪ ਲਵਾਉਣ ਵਾਲਾ
ਮੋਘੇ ਦਾ ਢੱਕਣ ਚੁੱਕਣ ਲਈ
ਹਾਕ ਮੈਨੂੰ ਹੀ ਪੈਂਦੀ
ਪਤਾ ਨਹੀਂ ਕੇਹਾ ਚਾਅ ਸੀ
ਕਿ ਲੱਕੜ ਦੀ ਪੌੜੀ
ਅੱਖ ਦੇ ਫੋਰ 'ਚ ਚੜ੍ਹ ਜਾਂਦੀ
ਢੱਕਣ ਚੁੱਕ ਸਿੱਧੀ ਕੋਠੜੀ 'ਚ ਜਾਂਦੀ
ਮੋਘੇ ਚੋਂ ਆ ਰਹੀ ਰੌਸ਼ਨੀ 'ਚ ਜਾ ਖੜ੍ਹਦੀ
ਇੱਕ ਲੈਅ ਵਿੱਚ ਠੁਮਕੇ ਲਾ ਲਾ
ਨੱਚਣ ਲੱਗਦੀ
ਨੱਚਦਿਆਂ ਨੱਚਦਿਆਂ ਲੱਗਦਾ
ਕਿ ਵੱਡੀ ਹੋ ਗਈ ਹਾਂ ਮੈਂ
ਕਿੰਨੀ ਵੱਡੀ
ਕਦੇ ਕਦੇ ਆਪਣੇ ਆਪ ਤੋਂ ਹੀ
ਡਰ ਜਾਂਦੀ ਮੈਂ
ਹੈਂ ਕੀ ਹੋ ਰਿਹਾ ਇਹ
ਪਰ ਸਭ ਹੋਣ ਦਿੰਦੀ
ਵਾਰ ਵਾਰ ਹੋਣ ਦਿੰਦੀ
ਇੰਜ ਲੱਗਦਾ ਕਿ ਮੋਘਾ
ਛੱਤ 'ਚ ਨਹੀਂ
ਕਿਸੇ ਹੋਰ ਦੁਨੀਆਂ 'ਚ ਖੁੱਲ੍ਹਦਾ!
ਫਿਰ ਮੁਜਰਾ
ਸੁਪਨੇ 'ਚ ਹੋਣ ਲੱਗਾ
ਇਹਨੂੰ ਮੁਜਰਾ ਕਹਿੰਦੇ
ਇਹ ਵੀ ਕਿਤੇ ਦੇਰ ਬਾਅਦ ਜਾਣਿਆ
ਜਦੋਂ ਟੀ ਵੀ ਆ ਗਏ
ਤੇ ਵੱਜਣ ਲੱਗੇ
ਮੁਗਲੇ ਆਜ਼ਮ, ਪਾਕੀਜ਼ਾ ਦੇ ਗਾਣੇ
ਰਮਜ਼ੀ ਹੁੰਦਾ ਗਿਆ ਬੀਤਦਾ ਸਮਾਂ
ਸ਼ਹਿਰ ਪੜ੍ਹਨ ਗਈ ਦੇ
ਇੱਕ ਦਿਨ ਪਤਾ ਨਹੀਂ ਕਿੱਧਰ
ਕਿਵੇਂ ਪੈਰ ਉੱਠੇ
ਕਿ ਲੱਭਦੀ ਲਭਾਉਂਦੀ ਘੁੰਗਰੂ ਲੈ ਆਈ
ਰੱਖ ਲਏ ਲਾਲ ਥੈਲੀ ਵਿੱਚ ਪਾ ਕੇ
ਜਦੋਂ ਕਦੇ ਦਾਅ ਲੱਗਦਾ
ਇੱਧਰ ਉੱਧਰ ਹੁੰਦੇ ਘਰਦੇ
ਪਤਾ ਨਹੀਂ ਕਿਵੇਂ ਮਿੰਟੋ ਮਿੰਟੀ
ਪੈਰੀਂ ਬੰਨ੍ਹ ਨੱਚਣ ਲੱਗਦੀ
ਇੰਜ ਕਰਦਿਆਂ ਲੱਗਦਾ
ਕਿ ਮੈਂ ਇੱਕ ਨਹੀਂ ਦੋ ਹਾਂ
ਇੱਕ ਮੈਂ ਰੂਪੀ
ਇੱਕ ਉਹ ਕੋਈ ਮੁਜਰੇ ਵਾਲੀ
ਹੁਣ ਸਾਰਿਆਂ ਨੂੰ ਇੰਜ ਦੇਖਣ ਲੱਗੀ
ਕਿ ਇਹ ਲੋਕ ਕੌਣ ਨੇ
ਕੀ ਲੱਗਦੇ ਮੇਰੇ
ਕਿਸ ਸਮੇਂ
ਕਿਸ ਸੰਸਾਰ ਚੋਂ ਮਿਲ ਰਹੇ ਮੈਨੂੰ
ਕਦੇ ਕਦੇ ਲੱਗਦਾ ਇਹ ਵੀ
ਕਿ ਸੰਸਾਰ ਹੀ ਇੱਕ ਮੁਜ਼ਰਾ ਹੈ!
ਇੱਕ ਦਿਨ ਅਚਾਨਕ
ਦਾਦਾ ਆ ਧਮਕਿਆ ਨੱਚਦੀ 'ਤੇ ਮੇਰੇ
ਅੱਖਾਂ ਜਿਵੇਂ ਅੰਗਾਰੇ ਵਰਾਉਂਦੀਆਂ
'ਟੰਗਾਂ ਵੱਢਦੂੰ ਮੈਂ ਕੁੜੀਏ ਤੇਰੀਆਂ
ਜੇ ਮੁੜਕੇ ਬੰਨ੍ਹੇ ਦੇਖਲੇ ਮੈਂ ਆਹ ਘੁੰਗਰੂ '
ਗੁੱਸੇ ਨਾਲ ਕੰਬਿਆ ਜੁੱਸਾ ਦਾਦੇ ਦਾ
ਬੇਬਸੀ 'ਚ ਕੰਬੇ ਹੋਂਠ ਮੇਰੇ
ਜਿਵੇਂ ਸੁਪਨੇ 'ਚ
ਮੁਜਰਾ ਮੁੱਕਣ 'ਤੇ ਕੰਬਦੇ ਹੁੰਦੇ!

ਅਮਰਜੀਤ ਕਸਕ

# ਲਿਖਣ ਨਾਲ ਵਧਦੈ ਸ਼ਬਦਾਂ ਦਾ ਭੰਡਾਰ



ਲਿਖਣ ਲਈ ਪੈੱਨ, ਪੈਨਸਿਲ ਤੇ ਕਾਪੀ ਦਾ ਆਪਣਾ ਮਹੱਤਵ ਹੈ। ਮਨੁੱਖ ਲਈ ਬੋਲਣਾ ਪ੍ਰਭਾਵਸ਼ਾਲੀ ਕਲਾ ਹੈ। ਉਹ ਬੋਲ ਕੇ ਆਪਣੀ ਗੱਲ ਨੂੰ ਸਮਝਾ ਲੈਂਦਾ ਹੈ ਪਰ ਆਪਣੀ ਗੱਲ ਨੂੰ ਲਿਖ ਕੇ ਕਰਨਾ ਆਪਣਾ ਹੀ ਹੁਨਰ ਹੈ। ਜਦੋਂ ਅਸੀਂ ਲਿਖਦੇ ਹਾਂ ਤਾਂ ਉਸ 'ਚ ਸਪੱਸ਼ਟਤਾ ਵੱਧ ਆਉਂਦੀ ਹੈ। ਲਿਖਣ ਨਾਲ ਸਾਡਾ ਵਿਆਕਰਨ ਮਜ਼ਬੂਤ ਹੁੰਦਾ ਹੈ। ਸਾਡੀਆਂ ਲਿਖਤਾਂ 'ਚੋਂ ਸਾਡੀ ਸ਼ਖ਼ਸੀਅਤ ਝਲਕਦੀ ਹੈ।

### ਪੈੱਨ-ਪੈਨਸਿਲ ਤੇ ਕਾਪੀ ਜ਼ਰੂਰੀ

ਬੱਚਾ ਪਹਿਲਾਂ ਹੁੰਗਾਰੇ ਭਰਨਾ ਸਿੱਖਦਾ ਹੈ ਤੇ ਫਿਰ ਹੌਲੀ-ਹੌਲੀ ਸੁਣੀਆਂ ਗਈਆਂ ਧੁਨੀਆਂ ਦਾ ਅਨੁਕਰਨ ਕਰਦਿਆਂ ਬੋਲਣ ਲੱਗ ਜਾਂਦਾ ਹੈ। ਲਿਖਣਾ ਅਕਸਰ ਬੱਚੇ ਸਕੂਲ ਵਿਚ ਜਾ ਕੇ ਸਿੱਖਦੇ ਹਨ। ਪੰਜ ਸਾਲ ਦੀ ਉਮਰ 'ਚ ਉਹ ਸਿੱਧੀ ਲਕੀਰ ਵਾਹ ਸਕਦੇ ਹਨ। ਇਸ ਲਈ ਇਹ ਮੰਨਿਆ ਜਾਂਦਾ ਹੈ ਕਿ ਪੰਜ ਸਾਲ ਦੀ ਉਮਰ ਲਿਖਣਾ ਸਿੱਖਣ ਲਈ ਸਭ ਤੋਂ ਸਹੀ ਉਮਰ ਹੈ। ਕਿਸੇ ਭਾਸ਼ਾ ਨੂੰ ਲਿਖਣਾ ਸਿੱਖਣ ਲਈ ਪੈਨਸਿਲ, ਪੈੱਨ ਤੇ ਕਾਪੀ ਜ਼ਰੂਰੀ ਟੂਲ ਹਨ। ਬੇਸ਼ੱਕ ਪਹਿਲਾਂ ਫੱਟੀ ਤੇ ਉਸ ਤੋਂ ਪਹਿਲਾਂ ਤਾਮਰ ਪੱਤਰ ਦੀ ਵਰਤੋਂ ਕੀਤੀ ਜਾਂਦੀ ਰਹੀ। ਹੁਣ ਵੀ ਕਈ ਥਾਵਾਂ 'ਤੇ ਸਲੇਟ ਵਰਤੀ ਜਾਂਦੀ ਹੈ ਪਰ ਫਿਰ ਵੀ ਲਿਖਣ ਲਈ ਪੈੱਨ-ਪੈਨਸਿਲ ਤੇ ਕਾਪੀ ਜ਼ਰੂਰੀ ਹਨ।

### ਖ਼ੂਬਸੂਰਤੀ ਨਾਲ ਕਹਿ ਸਕਦੇ ਗੱਲ

ਲਿਖਣਾ ਸਿੱਖ ਕੇ ਅਸੀਂ ਆਪਣੀ ਗੱਲ ਨੂੰ ਬੜੀ ਖ਼ੂਬਸੂਰਤੀ ਨਾਲ ਕਹਿ ਸਕਦੇ ਹਾਂ। ਲਿਖਣਾ ਜਾਣਨਾ ਹੀ ਸਾਖ਼ਰ ਹੋਣਾ ਹੈ। ਬੋਲਣ ਵਾਲਾ ਪੜ੍ਹਿਆ-ਲਿਖਿਆ ਨਹੀਂ ਹੁੰਦਾ। ਸਾਖ਼ਰ ਦਾ ਅਰਥ ਹੈ ਅੱਖਰ ਸਹਿਤ। ਜਿਸ ਨੂੰ ਅੱਖਰ ਲਿਖਣੇ ਆ ਜਾਣ, ਉਹ ਸਾਖ਼ਰ। ਅਸੀਂ ਜਾਣਦੇ ਹਾਂ ਕਿ ਅਨਪੜ੍ਹ ਲੋਕਾਂ ਦੀ ਜਾਂ ਉਹ ਲੋਕ ਜੋ ਲਿਖਣਾ-ਪੜ੍ਹਨਾ ਨਹੀਂ ਜਾਣਦੇ, ਕਿਸ ਤਰ੍ਹਾਂ ਉਨ੍ਹਾਂ ਨਾਲ ਲੁੱਟ ਹੁੰਦੀ ਹੈ। ਉਨ੍ਹਾਂ ਦੀ ਕਿਰਤ ਵੀ ਲੁੱਟੀ ਜਾਂਦੀ ਹੈ। ਇਸ ਲਈ ਲਿਖਣਾ ਆਉਣਾ ਜ਼ਰੂਰੀ ਹੈ।

### ਤਰਕ ਦਾ ਹੁੰਦਾ ਵਿਕਾਸ

ਲਿਖਣ ਨਾਲ ਇਕ ਨਹੀਂ, ਕਈ ਤਰ੍ਹਾਂ ਦੇ ਹੁਨਰ ਵਿਕਸਿਤ ਹੁੰਦੇ ਹਨ। ਲਿਖਣ ਨਾਲ ਅਸੀਂ ਆਪਣੀ ਗੱਲ ਨੂੰ ਸੋਹਣੇ ਤਰੀਕੇ ਨਾਲ ਕਹਿ ਸਕਦੇ ਹਾਂ। ਸਾਡੀ ਗੱਲ ਸਪੱਸ਼ਟ ਹੋ ਜਾਂਦੀ ਹੈ। ਇਸ ਨਾਲ ਸਾਡੇ ਅੰਦਰ ਕ੍ਰਿਟੀਕਲ ਥਿੰਕਿੰਗ ਵੱਧਦੀ ਹੈ। ਸਾਡੇ ਅੰਦਰ ਤਰਕ ਦਾ ਵਿਕਾਸ ਹੁੰਦਾ ਹੈ। ਜਦੋਂ ਅਸੀਂ ਕਿਸੇ ਚੀਜ਼ ਨੂੰ ਲਿਖਦੇ ਹਾਂ ਤਾਂ ਬਹੁਤ ਵਾਰ ਕੱਟ ਦਿੰਦੇ ਹਾਂ, ਦੁਬਾਰਾ ਲਿਖਦੇ ਹਾਂ। ਇਸ ਤਰ੍ਹਾਂ ਸਾਡੇ 'ਚ ਹੋਰ ਵਧੀਆ ਲਿਖਣ ਦੀ ਕਾਬਲੀਅਤ ਪੈਦਾ ਹੁੰਦੀ ਹੈ।

### ਸੋਚਣ ਲਈ ਕਰਦਾ ਮਜਬੂਰ

ਲਿਖਣ ਦਾ ਸਭ ਤੋਂ ਵੱਡਾ ਫ਼ਾਇਦਾ ਇਹ ਹੈ ਕਿ ਇਸ ਨਾਲ ਤੁਹਾਡਾ ਕਥਾਰਸਿਸ ਹੁੰਦਾ ਹੈ। ਜਦੋਂ ਤੁਸੀਂ ਕਿਸੇ ਗੱਲ ਨੂੰ ਪੈਨਸਿਲ ਜਾਂ ਪੈੱਨ ਨਾਲ ਕਾਪੀ 'ਤੇ ਲਿਖ ਲੈਂਦੇ ਹੋ ਤਾਂ ਉਹ ਵਿਚਾਰ ਤੁਹਾਡੇ ਮਨ ਵਿੱਚੋਂ ਨਿਕਲ ਜਾਂਦਾ ਹੈ। ਤੁਸੀਂ ਅਕਸਰ ਸੁਣਿਆ ਹੋਵੇਗਾ ਕਿ ਲੋਕ ਡਾਇਰੀ ਲਿਖਦੇ ਹਨ। ਇਸ ਦਾ ਅਸਲੀ ਕਾਰਨ ਇਹੀ ਹੈ ਕਿ ਲਿਖ ਕੇ ਉਹ ਆਪਣੇ ਮਨ ਨੂੰ ਹੌਲਾ ਕਰ ਲੈਂਦੇ ਹਨ। ਬਹੁਤ ਵਾਰ ਜਦੋਂ ਕੁਝ ਦਿਨਾਂ ਬਾਅਦ ਆਪਣਾ ਹੀ ਲਿਖਿਆ-ਪੜ੍ਹਿਆ ਜਾਵੇ ਤਦ ਸਮਝ ਆਉਂਦੀ ਹੈ ਕਿ ਅਸੀਂ ਕੀ ਕਰ ਰਹੇ ਸੀ। ਲਿਖਣਾ ਇਕ ਤਰ੍ਹਾਂ ਨਾਲ ਸਾਨੂੰ ਸਾਡੇ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। ਕਿਸੇ ਦੂਜੇ ਦੀਆਂ ਲਿਖਤਾਂ ਨੂੰ ਪੜ੍ਹ ਕੇ ਅਸੀਂ ਆਪਣੇ ਜੀਵਨ ਨੂੰ ਸੁਧਾਰ ਲੈਂਦੇ ਹਾਂ। ਲਿਖਣਾ ਵਿਚਾਰਾਂ ਦੀ ਸਾਂਝ ਦਾ ਇਕ ਤਰੀਕਾ ਵੀ ਹੈ।



ਹਰਪ੍ਰੀਤ ਕੌਰ ਸੰਧੂ

### ਮਾਨਸਿਕ ਤੇ ਭਾਵਨਾਤਮਿਕ ਵਿਕਾਸ 'ਚ ਪਰੇਸ਼ਾਨੀ

ਅੱਜ ਤਕਨਾਲੋਜੀ ਦੇ ਯੁੱਗ ਵਿਚ ਨਾ ਪੈੱਨ ਦੀ ਲੋੜ ਹੈ, ਨਾ ਪੈਨਸਿਲ ਤੇ ਨਾ ਹੀ ਕਾਪੀ ਦੀ। ਸਭ ਕੁਝ ਡਿਜੀਟਲਾਈਜ਼ ਹੋ ਗਿਆ ਹੈ। ਅਸੀਂ ਫੋਨ ਤੇ ਲੈਪਟਾਪ 'ਤੇ ਲਿਖਦੇ ਹਾਂ। ਲਿਖਦੇ ਕੀ ਹਾਂ, ਬਸ ਟਾਈਪ ਕਰਦੇ ਹਾਂ। ਹੁਣ ਤਾਂ ਹਾਲਾਤ ਅਜਿਹੇ ਹੋ ਗਏ ਹਨ ਕਿ ਬੱਚਿਆਂ ਦੇ ਹੱਥੋਂ ਵੀ ਕਾਪੀ-ਪੈੱਨ ਛੁੱਟਦਾ ਜਾ ਰਿਹਾ ਹੈ। ਲਿਖਣ ਦਾ ਅਭਿਆਸ ਬਹੁਤ ਘੱਟ ਗਿਆ ਹੈ। ਇਸ ਕਾਰਨ ਸਾਡਾ ਵਿਆਕਰਨ ਵੀ ਸਹੀ ਤਰੀਕੇ ਨਾਲ ਇਸਤੇਮਾਲ ਨਹੀਂ ਹੁੰਦਾ। ਸਾਡੀਆਂ ਲਿਖਤਾਂ ਵਿਚ ਵਿਆਕਰਨ ਦੇ ਆਧਾਰ 'ਤੇ ਬਹੁਤ ਸਾਰੀਆਂ ਗ਼ਲਤੀਆਂ ਹੁੰਦੀਆਂ ਹਨ। ਇਕ ਨਵਾਂ ਤਰੀਕਾ ਹੈ ਬੋਲ ਕੇ ਟਾਈਪ ਕਰਨ ਦਾ। ਉਸ ਵਿਚ ਤਾਂ ਟਾਈਪ ਕਰਨ ਦੀ ਵੀ ਜ਼ਰੂਰਤ ਨਹੀਂ। ਬਸ ਤੁਸੀਂ ਬੋਲਦੇ ਜਾਓ ਤੇ ਸਾਫਟਵੇਅਰ ਲਿਖਦਾ ਜਾਂਦਾ ਹੈ। ਯਕੀਨਨ ਤਕਨਾਲੋਜੀ ਨੇ ਬਹੁਤ ਤਰੱਕੀ ਕੀਤੀ ਹੈ ਪਰ ਇਹ ਤਰੱਕੀ ਕਿਤੇ ਨਾ ਕਿਤੇ ਸਾਡੇ ਮਾਨਸਿਕ ਤੇ ਭਾਵਨਾਤਮਿਕ ਵਿਕਾਸ 'ਚ ਪਰੇਸ਼ਾਨੀ ਖੜ੍ਹੀ ਕਰ ਰਹੀ ਹੈ।

### ਗ਼ਲਤ ਨੂੰ ਕੀਤਾ ਜਾ ਸਕਦਾ ਸਹੀ

ਸਵੀਡਨ ਵਰਗੇ ਦੇਸ਼ ਨੇ ਹੁਣ ਇਸ ਗੱਲ ਨੂੰ ਮੰਨ ਲਿਆ ਹੈ ਕਿ ਤਕਨਾਲੋਜੀ ਨਾਲ ਬੱਚਿਆਂ ਦਾ ਉਸ ਤਰੀਕੇ ਨਾਲ ਵਿਕਾਸ ਨਹੀਂ ਹੋ ਰਿਹਾ, ਜਿਵੇਂ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਤਕਨਾਲੋਜੀ ਨੂੰ ਪਾਸੇ ਕਰ ਦੁਬਾਰਾ ਤੋਂ ਪੈੱਨ ਤੇ ਕਾਪੀ ਚੁੱਕ ਲਏ ਹਨ। ਉਨ੍ਹਾਂ ਦੀ ਇਹ ਪਹਿਲਕਦਮੀ ਚੰਗਾ ਕਦਮ ਹੈ। ਬਾਕੀ ਦੇਸ਼ਾਂ ਨੂੰ ਵੀ ਇਸ ਬਾਰੇ ਸੋਚਣਾ ਚਾਹੀਦਾ ਹੈ। ਜਦੋਂ ਅਸੀਂ ਕਿਸੇ ਕਿਤਾਬ ਨੂੰ ਪੜ੍ਹਦੇ ਹਾਂ ਤਾਂ ਉਸ ਦਾ ਮਜ਼ਾ ਹੀ ਅਲੱਗ ਹੈ। ਕਿਤਾਬ ਦੇ ਵਰਕੇ ਪਲਟਦਿਆਂ ਜੋ ਅਹਿਸਾਸ ਹੁੰਦਾ ਹੈ, ਉਹ ਕੰਪਿਊਟਰ 'ਤੇ ਪੜ੍ਹ ਕੇ ਨਹੀਂ ਹੁੰਦਾ। ਬੇਸ਼ੱਕ ਕੰਪਿਊਟਰਾਈਜ਼ੇਸ਼ਨ ਸਮੇਂ ਦੀ ਲੋੜ ਹੈ ਪਰ ਇਹ ਲਿਖਣ ਦਾ ਬਦਲ ਨਹੀਂ ਹੈ। ਪੈਨਸਿਲ ਨਾਲ ਲਿਖ ਕੇ ਜਦੋਂ ਬੱਚੇ ਉਸ ਨੂੰ ਵਾਰ-ਵਾਰ ਮਿਟਾ ਕੇ ਠੀਕ ਕਰਦੇ ਹਨ ਤਾਂ ਉਹ ਇਹ ਵੀ ਸਿੱਖ ਜਾਂਦੇ ਹਨ ਕਿ ਜ਼ਿੰਦਗੀ ਵਿਚ ਕੀਤੀਆਂ ਗ਼ਲਤੀਆਂ ਨੂੰ ਵੀ ਠੀਕ ਕੀਤਾ ਜਾ ਸਕਦਾ ਹੈ। ਇਹ ਗੱਲ ਕਿਤੇ ਨਾ ਕਿਤੇ ਉਨ੍ਹਾਂ ਦੇ ਮਨ 'ਚ ਬਹਿ ਜਾਂਦੀ ਹੈ ਕਿ ਗ਼ਲਤ ਨੂੰ ਸਹੀ ਕੀਤਾ ਜਾ ਸਕਦਾ ਹੈ।

### ਭਾਵਨਾ ਤੋਂ ਵਿਹੂਣਾ

ਪੈਨਸਿਲ ਤੋਂ ਪੈੱਨ ਦਾ ਸਫ਼ਰ ਬੜਾ ਰੋਮਾਂਚਕ ਹੁੰਦਾ ਹੈ। ਕਦੇ ਪਿਛਲ ਝਾਤ ਮਾਰ ਕੇ ਦੇਖੋ, ਜਦੋਂ ਤੁਸੀਂ ਪੈਨਸਿਲ ਛੱਡ ਕੇ ਪੈੱਨ ਫੜਿਆ ਸੀ ਤੇ ਤੁਹਾਨੂੰ ਕਿਹੋ ਜਿਹਾ ਮਹਿਸੂਸ ਹੋਇਆ ਸੀ। ਅੱਜ ਨਿੱਕੇ ਜਿਹੇ ਬੱਚੇ ਦੇ ਹੱਥ ਵਿਚ ਮੋਬਾਈਲ ਜਾਂ ਲੈਪਟਾਪ ਹੈ ਤੇ ਜ਼ਿੰਦਗੀ ਦੇ ਅਖ਼ੀਰ ਤੱਕ ਉਸ ਨੇ ਇਸੇ ਨਾਲ ਹੀ ਮੱਥਾ ਮਾਰਨ ਦੀ ਸੋਚੀ ਹੋਈ ਹੈ। ਇਸ 'ਤੇ ਟਾਈਪ ਕਰਨਾ ਭਾਵਨਾ ਤੋਂ ਵਿਹੂਣਾ ਹੈ। ਕਿਸੇ ਨੂੰ ਚਿੱਠੀ ਲਿਖਦਿਆਂ ਜਦੋਂ ਤੁਸੀਂ ਆਪਣੇ ਹੱਥ ਵਿਚ ਪੈੱਨ ਫੜ ਕੇ ਲਿਖਦੇ ਹੋ ਤਾਂ ਤੁਸੀਂ ਆਪਣੇ ਅਹਿਸਾਸ ਲਿਖਦੇ ਹੋ। ਪੜ੍ਹਨ ਵਾਲਾ ਵੀ ਤੁਹਾਡੇ ਅਹਿਸਾਸ ਪੜ੍ਹਦਾ ਹੈ। ਮੋਬਾਈਲ 'ਤੇ ਭੇਜਿਆ ਗਿਆ ਮੈਸੇਜ ਉਸ ਲਿਖਤ ਦਾ ਬਦਲ ਨਹੀਂ ਹੋ ਸਕਦਾ।

### ਲਿਖਣ ਤੋਂ ਗੁਰੇਜ਼ ਕਰਦੇ ਬੱਚੇ

ਸਕੂਲਾਂ ਵਿਚ ਬੱਚਿਆਂ ਨੂੰ ਟੈਬ ਦਿੱਤੇ ਜਾ ਰਹੇ ਹਨ। ਈ-ਕੰਟੈਂਟ ਦੀ ਵਰਤੋਂ ਕੀਤੀ ਜਾ ਰਹੀ ਹੈ। ਬੱਚੇ ਲਿਖਣ ਤੋਂ ਇੰਨਾ ਕੁ ਗੁਰੇਜ਼ ਕਰਦੇ ਹਨ ਕਿ ਉਹ ਅਕਸਰ ਜਮਾਤ ਵਿਚ ਇਹ ਜਵਾਬ ਦਿੰਦੇ ਹਨ ਕਿ ਅਸੀਂ ਘਰ ਜਾ ਕੇ ਲਿਖ ਲਵਾਂਗੇ। ਅਧਿਆਪਕਾਂ ਨੂੰ ਅਕਸਰ ਇਹ ਸ਼ਿਕਾਇਤ ਹੁੰਦੀ ਹੈ ਕਿ ਬੱਚੇ ਲਿਖਦੇ ਨਹੀਂ। ਲਿਖਣ ਦੀ ਇਸ ਘੱਟ ਰਹੀ ਆਦਤ ਕਾਰਨ ਪੈੱਨ-ਪੈਨਸਿਲ ਤੇ ਕਾਪੀ ਉਦਾਸ ਹਨ। ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੀ ਵਰਤੋਂ ਨਾ ਹੋਣ ਕਰਕੇ ਜੋ ਨੁਕਸਾਨ ਹੋ ਰਿਹਾ ਹੈ, ਉਹ ਸਾਨੂੰ ਅਜੇ ਸਮਝ ਨਹੀਂ ਆ ਰਿਹਾ ਪਰ ਇਕ ਦਿਨ ਜ਼ਰੂਰ ਆਵੇਗਾ, ਜਦੋਂ ਅਸੀਂ ਇਸ ਗੱਲ ਨੂੰ ਸਮਝਾਂਗੇ ਕਿ ਅਸੀਂ ਪੈੱਨ-ਕਾਪੀ ਤੇ ਪੈਨਸਿਲ ਨੂੰ ਛੱਡ ਕੇ ਤਕਨਾਲੋਜੀ ਨੂੰ ਵਰਤ ਕੇ ਆਪਣਾ ਤੇ ਭਾਸ਼ਾ ਦਾ ਕਿੰਨਾ ਨੁਕਸਾਨ ਕੀਤਾ ਹੈ।

### ਸੋਚ ਨੂੰ ਪੜ੍ਹ ਸਕਦੇ ਹਾਂ ਦੁਬਾਰਾ

ਲਿਖਣ ਨਾਲ ਅਸੀਂ ਆਪਣੀ ਸੋਚ ਨੂੰ ਦੁਬਾਰਾ ਪੜ੍ਹਦੇ ਹਾਂ ਤੇ ਫਿਰ ਉਨ੍ਹਾਂ ਵਿਚ ਸੁਧਾਰ ਕਰਦੇ ਹਾਂ। ਸਾਡੀ ਲਿਖਣ ਦੀ ਕਾਬਲੀਅਤ ਵਧਣ ਦੇ ਨਾਲ-ਨਾਲ ਗੱਲ ਕਹਿਣ, ਲਿਖਣ ਦੇ ਤਰੀਕੇ, ਸ਼ਬਦਾਂ, ਵਿਆਕਰਨ ਦੀ ਕਾਬਲੀਅਤ ਵੱਧਦੀ ਹੈ। ਲਿਖਣ ਨਾਲ ਅਸੀਂ ਆਪਣੇ ਵਿਚਾਰਾਂ ਨੂੰ ਵਧੀਆ ਤਰੀਕੇ ਨਾਲ ਪੇਸ਼ ਕਰ ਸਕਦੇ ਹਾਂ। ਅਸੀਂ ਉਨ੍ਹਾਂ ਬਾਰੇ ਵਿਚਾਰ ਵੀ ਕਰਦੇ ਹਾਂ ਤੇ ਆਪਣੇ ਆਪ ਅੰਦਰ ਕਈ ਤਰ੍ਹਾਂ ਦੇ ਬਦਲਾਅ ਵੀ ਲਿਆਉਂਦੇ ਹਾਂ। ਆਪਣਾ ਹੀ ਲਿਖਿਆ ਪੜ੍ਹ ਕੇ ਕਈ ਵਾਰ ਸਮਝ ਆਉਂਦੀ ਹੈ ਕਿ ਸਾਡੀ ਸੋਚ ਤਰਕਹੀਣ ਹੈ।

### ਪੈੱਨ-ਪੈਨਸਿਲ ਤੇ ਕਾਪੀ ਹੈ ਉਦਾਸ

ਪੈੱਨ-ਪੈਨਸਿਲ ਤੇ ਕਾਪੀ ਉਦਾਸ ਹੈ। ਉਸ ਨੂੰ ਸਾਡੀ ਤੇ ਸਾਨੂੰ ਉਸ ਦੀ ਜ਼ਰੂਰਤ ਹੈ। ਇਕ ਵਾਰ ਫਿਰ ਤੋਂ ਕਿਉਂ ਨਾ ਮੁੜੀਏ ਪੈੱਨ-ਕਾਪੀ ਤੇ ਪੈਨਸਿਲ ਵੱਲ। ਫਿਰ ਆਪਣੇ ਮਨ ਨੂੰ ਹਲਕਾ ਕਰੀਏ ਆਪਣੇ ਵਿਚਾਰਾਂ ਨੂੰ ਸ਼ਬਦਾਂ ਵਿਚ ਪਰੋਂਦਿਆਂ। ਕਾਗਜ਼ 'ਤੇ ਆਪਣੇ ਅਹਿਸਾਸ ਉਤਾਰਦੇ ਹੋਏ ਆਪਣੇ ਮਨ ਤੋਂ ਕਿੰਨਾ ਭਾਰ ਉਤਾਰ ਦੇਵਾਂਗੇ, ਇਹ ਲਿਖ ਕੇ ਹੀ ਪਤਾ ਲੱਗੇਗਾ।

# ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋ ਗਿਆ

ਜਦੋਂ ਵੀ ਕੋਈ ਮੁਜ਼ਰਿਮ ਜ਼ੁਰਮ ਕਰਦਾ ਹੈ ਤਾਂ ਉਸ ਨੂੰ ਇਹ ਵਹਿਮ ਹੁੰਦਾ ਹੈ ਕਿ ਪੁਲਿਸ ਉਸ ਨੂੰ ਪਕੜ ਨਹੀਂ ਸਕੇਗੀ। ਛੋਟੇ ਮੋਟੇ ਕੇਸ ਤਾਂ ਭਾਵੇਂ ਪੁਲਿਸ ਦੀ ਨਜ਼ਰ ਤੋਂ ਬਚ ਜਾਣ, ਪਰ ਕਤਲ ਵਰਗਾ ਗੁਨਾਹੇ ਅਜ਼ੀਮ ਟਰੇਸ ਹੋ ਹੀ ਜਾਂਦਾ ਹੈ। ਪਿਛਲੇ ਕੁਝ ਹਫਤਿਆਂ ਅਜਿਹੇ ਹੀ ਦੋ ਕਤਲ ਕਾਂਡ ਹੋਏ ਹਨ। ਇੱਕ ਵਿੱਚ ਸੋਨਮ ਨਾਮਕ ਔਰਤ ਨੇ ਹਨੀਮੂਨ ਦੌਰਾਨ ਮੇਘਾਲਿਆ ਵਿਖੇ ਆਪਣੇ ਪਤੀ ਰਾਜਾ ਰਘੂਵੰਸ਼ੀ ਦਾ ਆਪਣੇ ਪ੍ਰੇਮੀ ਹੱਥੋਂ ਕਤਲ ਕਰਵਾ ਦਿੱਤਾ ਸੀ ਤੇ ਦੂਸਰੇ ਕੇਸ ਵਿੱਚ ਹਰਿਆਣਾ ਦੀ ਮਾਡਲ ਸ਼ਤਿਲ ਨੂੰ ਉਸ ਦੇ ਪ੍ਰੇਮੀ ਸੁਨੀਲ ਨੇ ਕਤਲ ਕਰ ਦਿੱਤਾ ਸੀ। ਫਿਰ ਉਸ ਨੇ ਸ਼ੀਤਲ ਦੀ ਲਾਸ਼ ਇੱਕ ਨਹਿਰ ਵਿੱਚ ਰੋੜ੍ਹ ਦਿੱਤੀ ਤੇ ਕਾਰ ਵੀ ਨਹਿਰ ਵਿੱਚ ਸੁੱਟ ਦਿੱਤੀ ਤਾਂ ਜੋ ਪੁਲਿਸ ਨੂੰ ਯਕੀਨ ਦਵਾਇਆ ਜਾ ਸਕੇ ਕਿ ਐਕਸੀਡੈਂਟ ਹੋਇਆ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ ਮੁਜ਼ਰਿਮਾਂ ਨੇ ਕਈ ਹਫਤਿਆਂ ਦੀ ਸੋਚ ਵਿਚਾਰ ਤੋਂ ਬਾਅਦ ਕਤਲ ਕੀਤੇ ਸਨ ਪਰ ਸਾਰੀ ਚਲਾਕੀ ਧਰੀ ਦੀ ਧਰੀ ਰਹਿ ਗਈ। ਮੇਰੀ ਨੌਕਰੀ ਦੌਰਾਨ ਵੀ ਅਜਿਹੇ ਦੋ ਕੇਸ ਟਰੇਸ ਹੋਏ ਸਨ। 1994 – 95 ਵਿੱਚ ਮੈਂ ਰੋਪੜ ਜ਼ਿਲ੍ਹੇ ਦੇ ਕਿਸੇ ਥਾਣੇ ਵਿਖੇ ਐਸ.ਐਚ.ਉ. ਲੱਗਾ ਹੋਇਆ ਸੀ ਕਿ ਇੱਕ ਪਿੰਡ ਦੇ ਚੰਗੇ ਖਾਂਦੇ ਪੀਂਦੇ ਪਰਿਵਾਰ ਦੇ ਨੌਜਵਾਨ ਲੜਕੇ ਦਾ ਕਤਲ ਹੋ ਗਿਆ ਤੇ ਲਾਸ਼ ਕਈ ਦਿਨਾਂ ਬਾਅਦ ਨਹਿਰ ਵਿੱਚੋਂ ਮਿਲੀ ਸੀ। ਉਸ ਕੇਸ ਵਿੱਚ ਅਸੀਂ ਵਾਹ ਜਹਾਨ ਦੀ ਲਾ ਲਈ ਪਰ ਕਾਤਲ ਨਾ ਲੱਭੇ। ਅਸਲ ਵਿੱਚ ਕਤਲ ਦਾ ਕੋਈ ਕਾਰਨ ਹੀ ਨਹੀਂ ਸੀ ਕਿਉਂਕਿ ਉਹ ਪਰਿਵਾਰ ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਸੀ। ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਕਿਸੇ 'ਤੇ ਸ਼ੱਕ ਜਾਹਰ ਕੀਤਾ। ਆਖਰ ਦੋ ਤਿੰਨ ਮਹੀਨੇ ਟੱਕਰਾਂ ਮਾਰਨ ਤੋਂ ਬਾਅਦ ਕੇਸ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਕਤਲ ਤੋਂ ਪੰਜ ਕੁ ਮਹੀਨੇ ਬਾਅਦ ਸਿਆਲ ਦੀ ਇੱਕ ਸ਼ਾਮ ਦੋ ਬੰਦੇ ਮੋਰਿੰਡੇ ਅੱਡੇ ਵਿੱਚ ਠੇਕੇ ਤੋਂ ਸ਼ਰਾਬ ਲੈਣ ਲਈ ਆਏ। ਉਸ ਸਮੇਂ ਦੇਸੀ ਸ਼ਰਾਬ ਦੀ ਬੋਤਲ ਤੀਹ ਚਾਲੀ ਰੁਪਏ ਦੀ ਹੁੰਦੀ ਸੀ ਤੇ ਉਨ੍ਹਾਂ ਕੋਲ ਦਸ ਰੁਪਏ ਘੱਟ ਸੀ। ਠੇਕੇ ਦੇ ਕਰਿੰਦੇ ਨੇ ਬੋਤਲ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਵਿੱਚੋਂ ਇੱਕ ਬੋਲਿਆ, "ਦੇਣੀ ਬੋਤਲ ਕਿ ਫਲਾਣੇ ਪਿੰਡ ਵਾਲੇ ਰਾਮ ਸਿੰਘ (ਕਾਲਪਨਿਕ ਨਾਮ) ਦੇ ਮੁੰਡੇ ਵਾਲਾ ਹਾਲ ਕਰੀਏ?"

ਇਲਾਕੇ ਦੇ ਮਸ਼ਹੂਰ ਕਤਲ ਬਾਰੇ ਸੁਣ ਕੇ ਕਰਿੰਦੇ ਦੇ ਕੰਨ ਖੜੇ ਹੋ ਗਏ। ਉਸ ਨੇ ਬੋਤਲ ਦੇ ਕੇ ਖਹਿੜਾ ਛੁਡਾਇਆ ਤੇ ਉਨ੍ਹਾਂ ਦੇ ਜਾਂਦੇ ਸਾਰ ਥਾਣੇ ਵੱਲ ਸ਼ੂਟ ਵੱਟ ਦਿੱਤੀ।

ਖਬਰ ਸੁਣ ਕੇ ਪੁਲਿਸ ਨੇ ਦੋਵਾਂ ਨੂੰ ਅਹਾਤੇ ਵਿੱਚੋਂ ਗ੍ਰਿਫਤਾਰ ਕਰ ਲਿਆ ਤੇ ਕੇਸ ਹੱਲ ਹੋ ਗਿਆ। ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਕਿ ਕਤਲ ਹੋਣ ਵਾਲੇ ਲੜਕੇ ਦਾ ਪਰਿਵਾਰ ਬਹੁਤ ਹੀ ਲਾਲਚੀ ਕਿਸਮ ਦਾ ਸੀ ਤੇ ਲੜਕਾ ਦਹੇਜ਼ ਘੱਟ ਲਿਆਉਣ ਕਾਰਨ ਆਪਣੀ ਨਵ ਵਿਆਹੀ ਪਤਨੀ ਨਾਲ ਕੁੱਟ ਮਾਰ ਕਰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਰੋਜ਼ਾਨਾ ਦੀ ਕੀਤੀ ਜਾਂਦੀ ਲਾਹ ਪਾਹ ਕਾਰਨ ਲੜਕੀ ਦਾ ਝੁਕਾਉ ਘਰ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੇ ਨੌਕਰ ਵੱਲ ਹੋ ਗਿਆ ਜੋ ਪਿਆਰ ਵਿੱਚ ਬਦਲ ਗਿਆ। ਇੱਕ ਦਿਨ ਪਤੀ ਨੇ ਜਦੋਂ ਉਸ ਨੂੰ



ਕੁਝ ਜਿਆਦਾ ਹੀ ਕੁੱਟਿਆ ਤਾਂ ਦੁਖੀ ਹੋਈ ਲੜਕੀ ਨੇ ਆਪਣੇ ਪ੍ਰੇਮੀ ਨੂੰ ਉਸ ਦਾ ਫਸਤਾ ਵੱਢਣ ਲਈ ਕਹਿ ਦਿੱਤਾ। ਉਨ੍ਹਾਂ ਦੀ ਜ਼ਮੀਨ ਭਾਖੜਾ ਨਹਿਰ ਦੇ ਨਾਲ ਲੱਗਦੀ ਸੀ। ਪ੍ਰੇਮੀ ਨੇ ਇੱਕ ਦਿਨ ਆਪਣੇ ਕਰੀਬੀ ਦੋਸਤ ਨਾਲ ਮਿਲ ਕੇ ਸ਼ਾਮ ਦੇ ਘੁਸਮੁਸੇ ਵਿੱਚ ਪਤੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਕਿਸੇ ਨੂੰ ਕੰਨੋ ਕੰਨ ਖਬਰ ਨਾ ਹੋਈ ਤੇ ਨਾ ਹੀ ਪ੍ਰੇਮੀ 'ਤੇ ਕਿਸੇ ਨੂੰ ਸ਼ੱਕ ਹੋਇਆ। ਜੇ ਉਹ ਠੇਕੇ 'ਤੇ ਫੜ੍ਹ ਨਾ ਮਾਰਦੇ ਤਾਂ ਸ਼ਾਇਦ ਕਤਲ ਦਾ ਪਤਾ ਵੀ ਨਹੀਂ ਸੀ ਲੱਗਣਾ।

ਇਸ ਕਤਲ ਤੋਂ ਕਈ ਸਾਲ ਬਾਅਦ ਮੈਂ ਇੱਕ ਸਬ ਡਵੀਜ਼ਨ ਵਿਖੇ ਡੀ.ਐਸ.ਪੀ. ਲੱਗਾ ਹੋਇਆ ਸੀ। ਇੱਕ ਦਿਨ ਮੈਂ ਆਪਣੇ ਦਫਤਰ ਬੈਠਾ ਹੋਇਆ ਸੀ ਕਿ ਹਰੀਪੁਰ ਪਿੰਡ (ਕਾਲਪਨਿਕ ਨਾਮ) ਦਾ ਸਰਪੰਚ ਇੱਕ ਬੰਦੇ ਨੂੰ ਲੈ ਕੇ ਦਫਤਰ ਆ ਗਿਆ। ਉਸ ਬੰਦੇ ਦੇ ਹਵਾਸ ਉੱਡੇ ਹੋਏ ਸਨ ਤੇ ਉਹ ਅਰਦਲੀ ਵੱਲੋਂ ਲਿਆਂਦਾ ਪਾਣੀ ਦਾ ਗਲਾਸ ਗਟਾ ਗੱਟ ਪੀ ਗਿਆ। ਮੈਂ ਸਰਪੰਚ ਨੂੰ ਐਵੇਂ ਮਖੌਲ ਕੀਤਾ ਕਿ ਇਹ ਵਿਅਕਤੀ ਐਨਾ ਘਬਰਾਇਆ ਹੋਇਆ ਕਿਉਂ ਹੈ? ਕੋਈ ਕਤਲ ਕੁਤਲ ਤਾਂ ਨਹੀਂ ਹੋ ਗਿਆ? ਸਰਪੰਚ ਨੇ ਦੱਸਿਆ ਕਿ ਇਹ ਆਪਣਾ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲਈ ਨੀਹਾਂ ਪੁੱਟ ਰਿਹਾ ਸੀ ਕਿ ਵਿਹੜੇ ਵਿੱਚੋਂ ਇਨਸਾਨੀ ਪਿੰਜਰ ਨਿਕਲਿਆ ਹੈ। ਅਸੀਂ ਫੌਰਨ ਮੌਕੇ 'ਤੇ ਪਹੁੰਚ ਗਏ ਤੇ ਵੇਖਿਆ ਕਿ ਇੱਕ ਪਿੰਜਰ ਪਿਆ ਸੀ ਜਿਸ ਦੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹੇ ਹੋਏ ਸਨ ਜੋ ਅਜੇ ਵੀ ਪੂਰੀ ਤਰਾਂ ਨਾਲ ਗਲੀਆਂ ਨਹੀਂ ਸਨ। ਅਸਲ ਵਿੱਚ ਉਹ ਪਿੰਜਰ ਇਸ ਕਾਰਨ ਖਿਲਰਨੋ ਬਚ ਗਿਆ ਕਿਉਂਕਿ ਨੀਹਾਂ ਦੀ ਪੁਟਾਈ ਮਜ਼ਦੂਰ ਕਹੀਆਂ ਨਾਲ ਕਰ ਰਹੇ ਸਨ। ਜੇ ਅੱਜ ਵਾਂਗ ਜੇ.ਸੀ. ਬੀ. ਮਸ਼ੀਨ ਹੁੰਦੀ ਤਾਂ ਉਸ ਦਾ ਪਤਾ ਵੀ ਨਹੀਂ ਸੀ ਲੱਗਣਾ।

ਪੁੱਛ ਗਿੱਛ ਕਰਨ 'ਤੇ ਉਸ ਵਿਅਕਤੀ ਨੇ ਦੱਸਿਆ ਕਿ ਇਹ ਮਕਾਨ ਉਸ ਨੇ ਅੱਠ ਨੌਂ ਸਾਲ ਪਹਿਲਾਂ ਦੋ ਭੈਣਾਂ ਨਾਮੋ ਤੇ ਸ਼ਾਮੋ (ਕਾਲਪਨਿਕ ਨਾਮ) ਕੋਲੋਂ ਖਰੀਦਿਆ ਸੀ। ਇਸ 'ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ ਤੇ ਭੇਤ ਵਾਲੀ ਗੱਲ ਦੱਸੀ ਕਿ ਇਸ ਘਰ ਵਿੱਚ ਨਾਮੋ, ਸ਼ਾਮੋ, ਉਨ੍ਹਾਂ ਦੀ ਮਾਂ ਅਤੇ 17-18 ਸਾਲ ਦਾ ਭਰਾ ਅੰਬਾ (ਕਾਲਪਨਿਕ ਨਾਮ) ਰਹਿੰਦੇ ਹੁੰਦੇ ਸਨ। ਉਨ੍ਹਾਂ ਦੀ 8-10 ਏਕੜ ਜ਼ਮੀਨ ਵੀ ਸੀ ਤੇ ਬਾਪ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ। ਨਾਮੋ ਤੇ ਸ਼ਾਮੋ ਵੱਡੀਆਂ ਸਨ ਤੇ ਮਾੜੇ ਕਿਰਦਾਰ ਦੀਆਂ ਸਨ। ਅੰਬਾ ਭਾਵੇਂ ਛੋਟਾ ਸੀ ਪਰ ਪਿੰਡ ਵਾਲਿਆਂ ਦੇ ਤਾਹਨੇ ਮਿਹਣਿਆਂ ਕਾਰਨ ਉਹ ਉਨ੍ਹਾਂ ਨੂੰ ਕੁਟਦਾ ਮਾਰਦਾ ਰਹਿੰਦਾ ਸੀ ਤੇ ਇੱਕ ਦਿਨ ਉਹ ਅਚਾਨਕ ਗਾਇਬ ਹੋ ਗਿਆ। ਨਾਮੋ ਤੇ ਸ਼ਾਮੋ ਨੇ ਖੇਖਣ ਜਿਹੇ ਕਰ ਕੇ ਰੋਣਾ ਧੋਣਾ ਕੀਤਾ ਤੇ ਥਾਣੇ ਰਿਪੋਰਟ ਦਰਜ਼ ਕਰ ਦਿੱਤੀ। ਪਿੰਡ ਵਾਲਿਆਂ ਨੂੰ ਉਦੋਂ ਹੀ ਸ਼ੱਕ ਸੀ ਕਿ ਅੰਬੇ ਨੂੰ ਇਨ੍ਹਾਂ ਦੋਵਾਂ ਭੈਣਾਂ ਨੇ ਹੀ ਗਾਇਬ ਕੀਤਾ ਹੈ ਪਰ ਉਨ੍ਹਾਂ ਬਦਮਾਸ਼ ਜਨਾਨੀਆਂ ਤੋਂ ਡਰਦੇ ਮਾਰੇ ਨਾ ਤਾਂ ਪਿੰਡ ਵਾਲੇ ਬੋਲੇ ਤੇ ਨਾ ਹੀ ਉਨ੍ਹਾਂ ਦੀ ਮਾਂ। ਪੁਲਿਸ ਨੇ ਗੁੰਮਸ਼ੁਦਗੀ ਦੀ ਰਿਪੋਰਟ ਦਰਜ਼ ਕਰ ਦਿੱਤੀ ਤੇ ਸਾਰੇ ਇਸ ਕੇਸ ਬਾਰੇ ਭੁੱਲ ਭੁਲਾ ਗਏ।

ਦੋ ਚਾਰ ਮਹੀਨਿਆਂ ਵਿੱਚ ਹੀ ਨਾਮੋ ਤੇ ਸ਼ਾਮੋ ਨੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਾ ਲਏ ਤੇ ਜ਼ਮੀਨ ਸਮੇਤ ਘਰ ਵੇਚ ਵੱਟ ਕੇ ਆਪਣੀ ਮਾਂ ਨੂੰ ਨਾਲ ਹੀ ਲੈ ਗਈਆਂ। ਆਪਣੇ ਪੁੱਤ ਦੇ ਵਿਯੋਗ ਵਿੱਚ ਲਾਚਾਰ ਮਾਂ ਵੀ ਸਾਲ ਕੁ ਬਾਅਦ ਹੀ ਮਰ ਗਈ ਜਾਂ ਉਨ੍ਹਾਂ ਨੇ ਮਾਰ ਦਿੱਤੀ। ਸਰਪੰਚ ਨੇ ਕਿਹਾ ਕਿ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਲਾਸ਼ ਅੰਬੇ ਦੀ ਹੈ ਕਿਉਂਕਿ ਜਿੱਥੇ ਨੀਹਾਂ ਪੁੱਟੀਆਂ ਜਾ ਰਹੀਆਂ ਸਨ ਉਥੇ ਪਹਿਲਾਂ ਕੱਚਾ ਵਿਹੜਾ ਹੁੰਦਾ ਸੀ। ਜਦੋਂ ਨਾਮੋ ਤੇ ਸ਼ਾਮੋ ਨੂੰ ਪਕੜ ਕੇ ਥਾਣੇ ਲਿਆਂਦਾ ਗਿਆ ਤਾਂ ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਕਿਵੇਂ ਦਸ ਸਾਲ ਪਹਿਲਾਂ ਦੱਬੀ ਭਰਾ ਦੀ ਲਾਸ਼ ਨੇ ਉਨ੍ਹਾਂ ਨੂੰ ਫਸਾ ਦਿੱਤਾ ਹੈ। ਉਹ ਥੋੜ੍ਹੀ ਜਿਹੀ ਸਖਤੀ ਨਾਲ ਹੀ ਮੰਨ ਗਈਆਂ ਕਿ ਉਨ੍ਹਾਂ ਨੇ ਪਹਿਲਾਂ ਨੀਂਦ ਦੀਆਂ ਗੋਲੀਆਂ ਚਾਹ ਵਿੱਚ ਪਾ ਕੇ ਅੰਬੇ ਨੂੰ ਦਿੱਤੀਆਂ ਸਨ ਫਿਰ ਗਲ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਲਾਸ਼ ਨੂੰ ਦਬਾਉਣ ਦਾ ਕੰਮ ਜ਼ਮੀਨ ਦੇ ਲਾਲਚ ਵਿੱਚ ਉਨ੍ਹਾਂ ਦੇ ਪ੍ਰੇਮੀਆਂ ਨੇ ਕੀਤਾ ਸੀ ਜੋ ਉਨ੍ਹਾਂ ਦੇ ਮੌਜੂਦਾ ਪਤੀ ਸਨ। ਪਿੰਡ ਦਾ ਕੋਈ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ ਜਿਸ ਕਾਰਨ ਮੈਂ ਡੀ.ਐਨ.ਏ. ਟੈਸਟ ਕਰਾ ਕੇ ਕੇਸ ਤਿਆਰ ਕੀਤਾ ਜਿਸ ਦੀ ਬਿਨਾ 'ਤੇ ਚਾਰਾਂ ਨੂੰ ਸ਼ੈਸ਼ਨ ਕੋਰਟ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

## AUS Vs WI

# ਟੈਸਟ ਇਤਿਹਾਸ ਦਾ ਦੂਜਾ ਸਭ ਤੋਂ ਘੱਟ ਸਕੋਰ

## ਵੈਸਟਇੰਡੀਜ਼ ਦੀ ਟੀਮ 27 ਦੌੜਾਂ 'ਤੇ ਆਊਟ



ਕਿੰਗਸਟਨ (ਜਮਾਇਕਾ) : ਆਸਟ੍ਰੇਲੀਆ ਨੇ ਟੈਸਟ ਕ੍ਰਿਕਟ ਵਿੱਚ ਟੀਮ ਦੀ ਮਜ਼ਬੂਤੀ ਇੱਕ ਵਾਰ ਫਿਰ ਸਾਬਤ ਕਰ ਦਿੱਤੀ ਹੈ। ਮਿਸ਼ੇਲ ਸਟਾਰਕ ਅਤੇ ਸਕਾਟ ਬੋਲੈਂਡ ਦੀ ਘਾਤਕ ਗੇਂਦਬਾਜ਼ੀ ਦੇ ਦਮ 'ਤੇ ਟੀਮ ਨੇ ਵੈਸਟਇੰਡੀਜ਼ ਨੂੰ ਸਿਰਫ 27 ਦੌੜਾਂ 'ਤੇ ਆਲਆਊਟ ਕਰਕੇ ਤੀਜਾ ਟੈਸਟ 176 ਦੌੜਾਂ ਨਾਲ ਜਿੱਤ ਲਿਆ ਅਤੇ ਸੀਰੀਜ਼ 3-0 ਨਾਲ ਜਿੱਤ ਕੇ ਫ੍ਰੈਂਕ ਵੌਰੇਲ ਟਰਾਫੀ ਆਪਣੇ ਨਾਮ ਕੀਤੀ ਹੈ। ਵੈਸਟਇੰਡੀਜ਼ ਦਾ 27 ਦੌੜਾਂ ਦਾ ਸਕੋਰ ਟੈਸਟ ਇਤਿਹਾਸ ਵਿੱਚ ਕਿਸੇ ਵੀ ਟੀਮ ਦਾ ਦੂਜਾ ਸਭ ਤੋਂ ਘੱਟ ਸਕੋਰ ਹੈ। ਇਸ ਤੋਂ ਪਹਿਲਾ 1955 ਵਿਚ ਸਭ ਤੋਂ ਘੱਟ ਸਕੋਰ 26 ਦੌੜਾਂ ਨਿਊਜ਼ੀਲੈਂਡ ਨੇ ਬਣਾਇਆ ਸੀ। ਆਸਟ੍ਰੇਲੀਆਈ ਫੀਲਡਰ ਦੀ ਇੱਕ ਗਲਤੀ ਕਾਰਨ ਇਹ ਰਿਕਾਰਡ ਟੁਟਣੋ ਬਚ ਗਿਆ।

**ਸਟਾਰਕ ਦਾ 'ਸੈਂਕੜਾ': 100ਵਾਂ ਟੈਸਟ ਅਤੇ 400 ਵਿਕਟ ਪੂਰੇ**

ਆਪਣਾ 100ਵਾਂ ਟੈਸਟ ਖੇਡ ਰਹੇ ਮਿਚੇਲ ਸਟਾਰਕ ਨੇ 9 ਦੌੜਾਂ ਦੇ ਕੇ 6 ਵਿਕਟਾਂ ਹਾਸਲ ਕੀਤੀਆਂ ਅਤੇ 15 ਗੇਂਦਾਂ ਵਿੱਚ 5 ਵਿਕਟਾਂ ਲੈ ਕੇ ਉਸ ਨੇ ਟੈਸਟ ਕ੍ਰਿਕਟ ਵਿੱਚ ਸਭ ਤੋਂ ਤੇਜ਼ ਪੰਜ ਵਿਕਟ ਹਾਸਲ ਕਰਨ ਦਾ ਰਿਕਾਰਡ ਬਣਾਇਆ। ਸਟਾਰਕ ਨੇ ਇਸੇ ਮੈਚ ਵਿੱਚ 400 ਟੈਸਟ ਵਿਕਟਾਂ ਵੀ ਪੂਰੀਆਂ ਕੀਤੀਆਂ ਅਜਿਹਾ ਕਰਨ ਵਾਲਾ ਉਹ ਦੁਨੀਆ ਦੇ ਕੁਝ ਚੁਣੇ ਹੋਏ ਗੇਂਦਬਾਜ਼ਾਂ ਵਿੱਚ ਸ਼ਾਮਲ ਹੋ ਗਏ। ਪਹਿਲੇ ਓਵਰ ਵਿੱਚ 3 ਵੈਸਟਇੰਡੀਜ਼ ਦੀਆਂ ਤਿੰਨ ਵਿਕਟਾਂ ਉਡਾ ਦਿੱਤੀਆਂ।

**ਬੋਲੈਂਡ ਦੀ ਹੈਟ੍ਰਿਕ ਅਤੇ ਵੈਸਟਇੰਡੀਜ਼ ਦੀ ਸ਼ਰਮਨਾਕ ਹਾਲਤ**

ਸਕਾਟ ਬੋਲੈਂਡ ਨੇ ਜਸਟਿਨ ਗ੍ਰੀਵਜ਼, ਸ਼ਾਮਰ ਜੋਸਫ ਅਤੇ ਜੋਮੇਲ ਵਾਰੀਕਨ ਨੂੰ ਲਗਾਤਾਰ ਆਊਟ ਕਰਕੇ ਟੈਸਟ ਕਰੀਅਰ ਦੀ ਪਹਿਲੀ ਹੈਟ੍ਰਿਕ ਪੂਰੀ ਕੀਤੀ। ਇਹ ਕਿਸੇ ਆਸਟ੍ਰੇਲੀਆਈ ਗੇਂਦਬਾਜ਼ ਦੀ 10ਵੀਂ ਟੈਸਟ ਹੈਟ੍ਰਿਕ ਹੈ। ਵੈਸਟਇੰਡੀਜ਼ ਦੀਆਂ ਪਹਿਲੀਆਂ ਛੇ ਵਿਕਟਾਂ ਸਿਰਫ 11 ਦੌੜਾਂ 'ਤੇ ਡਿੱਗ ਗਈਆਂ ਸਨ ਅਤੇ ਸੱਤ ਬੱਲੇਬਾਜ਼ ਤਾਂ ਖਾਤਾ ਵੀ



ਨਹੀਂ ਖੋਲ੍ਹ ਸਕੇ। ਸਭ ਤੋਂ ਜ਼ਿਆਦਾ 11 ਦੌੜਾਂ ਜਸਟਿਨ ਗ੍ਰੀਵਜ਼ ਨੇ ਬਣਾਈਆਂ।

**ਮੈਚ ਸਿਰਫ ਢਾਈ ਦਿਨਾਂ ਵਿੱਚ ਖ਼ਤਮ**

ਆਸਟ੍ਰੇਲੀਆ ਨੇ ਪਹਿਲੀ ਪਾਰੀ ਵਿੱਚ 225 ਦੌੜਾਂ ਬਣਾਈਆਂ, ਜਦੋਂ ਕਿ ਵੈਸਟਇੰਡੀਜ਼ ਨੇ ਜਵਾਬ ਵਿੱਚ 143 ਦੌੜਾਂ ਹੀ ਬਣਾਈਆਂ। ਦੂਜੀ ਪਾਰੀ ਵਿੱਚ ਆਸਟ੍ਰੇਲੀਆ 121 ਦੌੜਾਂ 'ਤੇ ਆਲਆਊਟ ਹੋਇਆ, ਜਿਸ ਵਿੱਚ ਅਲਜ਼ਾਰੀ ਜੋਸਫ ਨੇ 5 ਵਿਕਟਾਂ ਲਈਆਂ। ਜਿੱਤ ਲਈ ਵੈਸਟਇੰਡੀਜ਼ ਨੂੰ 204 ਦੌੜਾਂ ਦਾ ਟੀਚਾ ਮਿਲਿਆ, ਪਰ ਪੂਰੀ ਟੀਮ ਸਿਰਫ 14.3 ਓਵਰਾਂ ਵਿੱਚ 27 ਦੌੜਾਂ 'ਤੇ ਢੇਰ ਹੋ ਗਈ।

**ਸਾਨੂੰ ਵੀ ਯਕੀਨ ਨਹੀਂ ਸੀ ਕਿ ਮੈਚ ਇੰਨੀ ਜਲਦੀ ਖਤਮ ਹੋਵੇਗਾ: ਸਟਾਰਕ**

ਮੈਨ ਆਫ ਦ ਮੈਚ ਬਣੇ ਖਿਡਾਰੀ ਬਣੇ ਸਟਾਰਕ ਨੇ ਕਿਹਾ, "ਇਹ ਸ਼ਾਨਦਾਰ ਸੀਰੀਜ਼ ਰਹੀ, ਪਰ ਇੰਨੀ ਜਲਦੀ ਮੈਚ ਖਤਮ ਹੋਵੇਗਾ ਇਹ ਅਸੀਂ ਵੀ ਨਹੀਂ ਸੋਚਿਆ ਸੀ। ਇਸ ਮੈਚ ਵਿਚ ਬੱਲੇਬਾਜ਼ੀ ਸੁਖਾਲੀ ਨਹੀਂ ਸੀ।"

## ਪੰਜਾਬ ਦੇ ਬਜ਼ੁਰਗ ਸਿੱਖ ਦੌੜਾਕ ਫੌਜਾ ਸਿੰਘ ਦਾ 114 ਸਾਲ ਦੀ ਉਮਰ 'ਚ ਦਿਹਾਂਤ



ਚੰਡੀਗੜ੍ਹ : ਪੰਜਾਬ ਦੇ ਬਜ਼ੁਰਗ ਸਿੱਖ ਦੌੜਾਕ ਫੌਜਾ ਸਿੰਘ ਦਾ 114 ਸਾਲ ਦੀ ਉਮਰ ਵਿੱਚ ਦਿਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਦੁਨੀਆ ਦਾ ਸਭ ਤੋਂ ਬਜ਼ੁਰਗ ਦੌੜਾਕ ਵੀ ਕਿਹਾ ਜਾਂਦਾ ਹੈ। ਜਾਣਕਾਰੀ ਅਨੁਸਾਰ ਜਦੋਂ ਉਹ ਆਪਣੇ ਘਰ ਦੇ ਬਾਹਰ ਸੈਰ ਕਰ ਰਹੇ ਸਨ ਤਾਂ ਇੱਕ ਕਾਰ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਿਸ ਤੋਂ ਬਾਅਦ ਉਹ ਸੜਕ 'ਤੇ ਡਿੱਗ ਪਏ ਅਤੇ ਉਨ੍ਹਾਂ ਨੂੰ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਦੀ ਮੌਤ ਹੋ ਗਈ। ਫੌਜਾ ਸਿੰਘ ਜਲੰਧਰ ਦੇ ਬਿਆਸ ਪਿੰਡ ਦੇ ਰਹਿਣ ਵਾਲੇ ਸਨ। ਉਨ੍ਹਾਂ ਦਾ ਜਨਮ 1 ਅਪ੍ਰੈਲ 1911 ਨੂੰ ਜਲੰਧਰ ਜ਼ਿਲ੍ਹੇ ਦੇ ਬਿਆਸ ਪਿੰਡ ਵਿੱਚ ਹੋਇਆ ਸੀ।

ਫੌਜਾ ਸਿੰਘ ਨੇ ਸਾਲ 2000 ਵਿੱਚ ਆਪਣੀ ਮੈਰਾਥਨ ਯਾਤਰਾ ਸ਼ੁਰੂ ਕੀਤੀ ਸੀ, ਅੰਤ ਵਿੱਚ ਅੱਠ ਦੌੜਾਂ ਵਿੱਚ ਹਿੱਸਾ ਲਿਆ। 2011 ਵਿਚ ਟੋਰਾਂਟੋ ਮੈਰਾਥਨ ਵਿਚ ਭਾਗ ਲੈ ਕੇ ਉਨ੍ਹਾਂ ਨੇ ਸਭ ਤੋਂ ਵੱਧ ਉਮਰ ਦੇ ਮੈਰਾਥਨ ਦੌੜਾਕ ਦਾ ਨਾਮ ਹਾਸਲ ਕੀਤਾ ਪਰ ਉਹਨਾਂ ਦਾ ਨਾਮ ਗਿਨੀਜ਼ ਬੁੱਕ ਵਿਚ ਸ਼ਾਮਲ ਨਹੀਂ ਹੋ ਸਕਿਆ, ਕਿਉਂਕਿ ਉਹਨਾਂ ਕੋਲ ਆਪਣਾ ਜਨਮ ਸਰਟੀਫਿਕੇਟ ਨਹੀਂ ਸੀ।

## ਪੰਜਾਬ ਪੁਲਿਸ ਦੇ SSP ਦਲਜੀਤ ਸਿੰਘ ਰਾਣਾ ਨੇ ਵਧਾਇਆ ਮਾਣ

### ਅੰਤਰਰਾਸ਼ਟਰੀ ਪੁਲਿਸ ਖੇਡਾਂ 'ਚ ਜਿੱਤਿਆ ਗੋਲਡ ਮੈਡਲ



ਪੰਜਾਬ ਪੁਲਿਸ ਦੇ ਸੀਨੀਅਰ ਸੁਪਰਿੰਟੇਂਡੈਂਟ ਆਫ ਪੁਲਿਸ (ਐੱਸ.ਐੱਸ.ਪੀ) ਦਲਜੀਤ ਸਿੰਘ ਰਾਣਾ ਨੇ ਅਟਲਾਂਟਾ 'ਚ ਹੋਈਆਂ ਅੰਤਰਰਾਸ਼ਟਰੀ ਪੁਲਿਸ ਖੇਡਾਂ ਵਿੱਚ ਤਗਮਾ ਜਿੱਤ ਕੇ ਭਾਰਤ ਅਤੇ ਪੰਜਾਬ ਦਾ ਮਾਣ ਵਧਾਇਆ ਹੈ। ਦਲਜੀਤ ਸਿੰਘ ਰਾਣਾ ਨੇ ਅਮਰੀਕਾ ਦੇ ਅਟਲਾਂਟਾ ਸ਼ਹਿਰ ਵਿੱਚ ਹੋ ਰਹੀਆਂ ਅੰਤਰਰਾਸ਼ਟਰੀ ਪੁਲਿਸ ਖੇਡਾਂ (Veterans Category) ਵਿੱਚ ਜੈਵਲਿਨ ਥ੍ਰੋਅ ਮੁਕਾਬਲੇ ਵਿੱਚ ਸੋਨ ਤਮਗਾ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ।

ਸੇਵਾ ਅਤੇ ਖੇਡ ਦੋਵਾਂ ਖੇਤਰਾਂ ਵਿੱਚ ਆਪਣੀ ਦ੍ਰਿੜਤਾ ਅਤੇ ਲਗਨ ਲਈ ਮਸ਼ਹੂਰ ਐੱਸ.ਐੱਸ.ਪੀ ਰਾਣਾ ਦੀ ਇਸ ਉਪਲਬਧੀ ਨੂੰ ਪੁਲਿਸ ਵਿਭਾਗ ਅਤੇ ਖੇਡ ਪ੍ਰੇਮੀ ਭਰਪੂਰ ਤਰੀਕੇ ਨਾਲ ਮਨਾਉਂਦੇ ਨਜ਼ਰ ਆ ਰਹੇ ਹਨ। ਦੁਨੀਆ ਭਰ ਦੇ ਵੈਟਰਨ ਅਧਿਕਾਰੀਆਂ ਨਾਲ ਹੋਏ ਮੁਕਾਬਲੇ ਵਿੱਚ ਉਨ੍ਹਾਂ ਨੇ ਆਪਣੀ ਕਾਬਲਿਯਤ, ਤਾਕਤ ਅਤੇ ਫੋਕਸ ਨਾਲ ਦਰਸ਼ਕਾਂ ਅਤੇ ਖਿਡਾਰੀਆਂ ਤੋਂ ਖ਼ੂਬ ਵਾਹ-ਵਾਹ ਲੁੱਟੀ।

ਇਹ ਜਿੱਤ ਸਿਰਫ਼ ਉਨ੍ਹਾਂ ਦੀ ਨਿੱਜੀ ਉਪਲਬਧੀ ਨਹੀਂ, ਸਗੋਂ ਪੰਜਾਬ ਪੁਲਿਸ ਦੇ ਬਹੁਪੱਖੀ ਟੈਲੰਟ ਨੂੰ ਦਰਸਾਉਂਦੀ ਹੈ। ਐੱਸ.ਐੱਸ.ਪੀ ਦਲਜੀਤ ਸਿੰਘ ਰਾਣਾ ਇਹ ਸਾਬਤ ਕਰ ਰਹੇ ਹਨ ਕਿ ਉਮਰ ਕਦੇ ਵੀ ਰੁਕਾਵਟ ਨਹੀਂ, ਜਦੋਂ ਜੋਸ਼ ਅਤੇ ਅਨੁਸ਼ਾਸਨ ਮਿਲਦੇ ਹਨ। ਉਨ੍ਹਾਂ ਦੀ ਇਹ ਜਿੱਤ ਭਾਰਤ ਦੀ ਅੰਤਰਰਾਸ਼ਟਰੀ ਪੱਧਰ 'ਤੇ ਵੱਧ ਰਹੀ ਪ੍ਰਭਾਵਸ਼ਾਲੀ ਹਿਸੇਦਾਰੀ ਨੂੰ ਦਰਸਾਉਂਦੀ ਹੈ।

## ਮੌਨਸੂਨ ਸੈਸ਼ਨ 'ਚ ਪੇਸ਼ ਕੀਤਾ ਜਾਵੇਗਾ ਕੌਮੀ ਖੇਡ ਸ਼ਾਸਨ ਬਿੱਲ: ਮਾਂਡਵੀਆ



ਨਵੀਂ ਦਿੱਲੀ : ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਅੱਜ ਕਿਹਾ ਕਿ ਕੌਮੀ ਖੇਡ ਸ਼ਾਸਨ ਬਿੱਲ 21 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਮਾਂਡਵੀਆ ਨੇ ਯੁਵਾ ਮਾਮਲਿਆਂ ਦੇ ਵਿਭਾਗ ਵੱਲੋਂ ਨਸ਼ਿਆਂ ਖ਼ਿਲਾਫ਼ ਕਰਵਾਏ ਸਮਾਗਮ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਕਾਰ ਦੇ ਇਸ ਰੁਖ਼ ਨੂੰ ਵੀ ਦੁਹਰਾਇਆ ਕਿ ਬਹੁਪੱਖੀ ਖੇਡ ਟੂਰਨਾਮੈਂਟਾਂ ਲਈ ਪਾਕਿਸਤਾਨੀ ਦੇ ਖਿਡਾਰੀਆਂ ਨੂੰ ਭਾਰਤ ਆਉਣ ਤੋਂ ਨਹੀਂ ਰੋਕਿਆ ਜਾਵੇਗਾ। ਮਾਂਡਵੀਆ ਨੇ ਕਿਹਾ, "ਇਹ ਬਿੱਲ ਅਗਲੇ ਸੈਸ਼ਨ ਦੌਰਾਨ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ। ਮੈਂ ਕੁਝ ਦਿਨਾਂ ਵਿੱਚ ਇਸ ਨਾਲ ਜੁੜੇ ਹੋਰ ਵੇਰਵੇ ਸਾਂਝੇ ਕਰਾਂਗਾ।" ਇਸ ਬਿੱਲ ਵਿੱਚ ਦੇਸ਼ ਦੇ ਖੇਡ ਪ੍ਰਸ਼ਾਸਕਾਂ ਲਈ ਵਧੇਰੇ ਜਵਾਬਦੇਹੀ ਯਕੀਨੀ ਬਣਾਉਣ ਦੀ ਕੋਸ਼ਿਸ਼ ਤਹਿਤ ਰੈਗੂਲੇਟਰੀ ਬੋਰਡ ਦੀ ਤਜਵੀਜ਼ ਹੈ।

## ਸਿਰਾਜ 'ਤੇ ਮੈਚ ਫ਼ੀਸ ਦਾ 15 ਫ਼ੀਸਦੀ ਜੁਰਮਾਨਾ

### ਇੱਕ ਡੀਮੈਰਿਟ ਅੰਕ ਵੀ ਜੋੜਿਆ



ਲੰਡਨ : ਭਾਰਤ ਦੇ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ 'ਤੇ ਇੱਥੇ ਲਾਰਡਜ਼ ਵਿੱਚ ਤੀਜੇ ਟੈਸਟ ਮੈਚ ਦੇ ਚੌਥੇ ਦਿਨ ਇੰਗਲੈਂਡ ਦੇ ਸਲਾਮੀ ਬੱਲੇਬਾਜ਼ ਬੇਨ ਡਕੇਟ ਦੀ ਵਿਕਟ ਲੈਣ ਮਗਰੋਂ ਹਮਲਾਵਰ ਪ੍ਰਤੀਕਿਰਿਆ ਕਾਰਨ ਅੱਜ ਮੈਚ ਫੀਸ ਦਾ 15 ਫ਼ੀਸਦ ਜੁਰਮਾਨਾ ਲਗਾਇਆ ਗਿਆ। ਨਾਲ ਹੀ ਉਸਦੇ ਖਾਤੇ ਵਿੱਚ ਇੱਕ ਡੀਮੈਰਿਟ ਅੰਕ ਵੀ ਜੋੜ ਦਿੱਤਾ ਗਿਆ। ਸਿਰਾਜ ਨੇ ਇਸ ਟੈਸਟ ਵਿੱਚ ਚਾਰ ਵਿਕਟਾਂ ਲਈਆਂ ਹਨ। ਉਸ ਨੂੰ ਕੌਮਾਂਤਰੀ ਕ੍ਰਿਕਟ ਕੌਂਸਲ (ਆਈਸੀਸੀ) ਦੇ ਜ਼ਾਬਤੇ ਦੀ ਧਾਰਾ 2.5 ਦੀ ਉਲੰਘਣਾ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਹ ਧਾਰਾ ਕਿਸੇ ਕੌਮਾਂਤਰੀ ਮੈਚ ਦੌਰਾਨ ਬੱਲੇਬਾਜ਼ ਨੂੰ ਆਊਟ ਕਰਨ ਮਗਰੋਂ ਉਸ ਖ਼ਿਲਾਫ਼ ਦਿਖਾਈ ਗਈ ਹਮਲਾਵਰ ਪ੍ਰਤੀਕਿਰਿਆ ਨਾਲ ਸਬੰਧਤ ਹੈ। ਸਿਰਾਜ ਨੇ ਐਤਵਾਰ ਨੂੰ ਇੰਗਲੈਂਡ ਦੀ ਦੂਜੀ ਪਾਰੀ ਵਿੱਚ ਡਕੇਟ ਨੂੰ 12 ਦੌੜਾਂ 'ਤੇ ਆਊਟ ਕਰਨ ਮਗਰੋਂ ਉਸ ਪ੍ਰਤੀ ਹਮਲਾਵਰ ਰਵੱਈਆ ਅਪਣਾਇਆ ਅਤੇ ਉਸਦੇ ਮੋਢੇ ਨਾਲ ਮੋਢਾ ਵੀ ਟਕਰਾਇਆ। ਆਈਸੀਸੀ ਨੇ ਇੱਕ ਬਿਆਨ ਵਿੱਚ ਕਿਹਾ, "ਭਾਰਤੀ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ 'ਤੇ ਲਾਰਡਜ਼ ਵਿੱਚ ਇੰਗਲੈਂਡ ਖ਼ਿਲਾਫ਼ ਟੈਸਟ ਮੈਚ ਦੌਰਾਨ ਆਈਸੀਸੀ ਜ਼ਾਬਤੇ ਦੀ ਉਲੰਘਣਾ ਮਗਰੋਂ ਮੈਚ ਫ਼ੀਸ ਦਾ 15 ਫ਼ੀਸਦ ਜੁਰਮਾਨਾ ਲਗਾਇਆ ਗਿਆ ਹੈ।"

## ਸਿਨਰ ਨੇ ਪਹਿਲਾ ਵਿੰਬਲਡਨ ਖ਼ਿਤਾਬ ਜਿੱਤਿਆ

### ਖ਼ਿਤਾਬੀ ਮੁਕਾਬਲੇ ਵਿੱਚ ਦੋ ਵਾਰ ਦੇ ਮੌਜੂਦਾ ਚੈਂਪੀਅਨ ਅਲਕਾਰਾਜ਼ ਨੂੰ ਹਰਾਇਆ



ਲੰਡਨ : ਸਿਖਰਲਾ ਦਰਜਾ ਪ੍ਰਾਪਤ ਖਿਡਾਰੀ ਯਾਨਿਕ ਸਿਨਰ ਨੇ ਇੱਥੇ ਪੁਰਸ਼ ਸਿੰਗਲਜ਼ ਫਾਈਨਲ ਵਿੱਚ ਦੋ ਵਾਰ ਦੇ ਮੌਜੂਦਾ ਚੈਂਪੀਅਨ ਕਾਰਲੋਸ ਅਲਕਾਰਾਜ਼ ਨੂੰ 4-6, 6-4, 6-4, 6-4 ਨਾਲ ਹਰਾ ਕੇ ਆਪਣਾ ਪਲੇਠਾ ਵਿੰਬਲਡਨ ਅਤੇ ਚੌਥਾ ਗਰੈਂਡ ਸਲੈਮ ਖ਼ਿਤਾਬ ਜਿੱਤ ਲਿਆ। ਹੁਣ ਸਿਨਰ ਦੂਜਾ ਦਰਜਾ ਪ੍ਰਾਪਤ ਸਪੈਨਿਸ਼ ਖਿਡਾਰੀ ਅਲਕਾਰਾਜ਼ ਦੇ ਕੁੱਲ ਗਰੈਂਡ ਸਲੈਮ ਖ਼ਿਤਾਬਾਂ ਦੀ ਬਰਾਬਰੀ ਤੋਂ ਇੱਕ ਕਦਮ ਦੂਰ ਹੈ।

ਇਸ ਜਿੱਤ ਦੇ ਨਾਲ ਹੀ ਸਿਨਰ ਨੇ 22 ਸਾਲਾ ਅਲਕਾਰਾਜ਼ ਦੇ ਲਗਾਤਾਰ ਖ਼ਿਤਾਬ ਜਿੱਤਣ ਦੇ ਸਿਲਸਿਲੇ ਨੂੰ ਵੀ ਤੋੜ ਦਿੱਤਾ। ਅਲਕਾਰਾਜ਼ ਨੇ ਸਿਨਰ ਖ਼ਿਲਾਫ਼ ਪੰਜ ਮੁਕਾਬਲੇ ਜਿੱਤੇ ਸਨ। ਦੋਵਾਂ ਦਰਮਿਆਨ ਹਾਲ ਹੀ ਵਿੱਚ 8 ਜੂਨ ਨੂੰ ਰੋਲਾਂ ਗੈਰਾਂ ਵਿੱਚ ਮੁਕਾਬਲਾ ਲਗਪਗ ਸਾਢੇ ਪੰਜ ਘੰਟੇ ਤੱਕ ਚੱਲਿਆ ਸੀ, ਜੋ ਪੰਜ ਸੈੱਟਾਂ ਤੱਕ ਖਿੱਚਿਆ ਗਿਆ। ਵਿੰਬਲਡਨ ਵਿੱਚ ਪਿਛਲੀ ਵਾਰ ਅਲਕਾਰਾਜ਼ ਨੂੰ ਹਰਾਉਣ ਵਾਲਾ ਖਿਡਾਰੀ ਸਿਨਰ ਹੀ ਸੀ। ਉਸ ਨੇ ਅਲਕਾਰਾਜ਼ ਨੂੰ 2022 ਵਿੱਚ ਚੌਥੇ ਗੇੜ ਵਿੱਚ ਸ਼ਿਕਸਤ ਦਿੱਤੀ ਸੀ। ਇਹ ਸਿਨਰ ਲਈ ਇੱਕ ਯਾਦਗਾਰੀ ਜਿੱਤ ਸਾਬਤ ਹੋਈ।

**ਕੁਦਰਮੈਤੋਵਾ-ਮਰਟੈਂਸ ਦੀ ਜੋੜੀ ਬਣੀ ਵਿੰਬਲਡਨ ਮਹਿਲਾ ਡਬਲਜ਼ ਚੈਂਪੀਅਨ**

ਲੰਡਨ: ਵੈਰੋਨਿਕਾ ਕੁਦਰਮੈਤੋਵਾ ਅਤੇ ਐਲਿਸ ਮਰਟੈਂਸ ਦੀ ਜੋੜੀ ਨੇ ਫਾਈਨਲ ਵਿੱਚ ਹਸੀਹ ਸੁ-ਵੇਈ ਅਤੇ ਯੈਲੇਨਾ ਓਸਟਾਪੈਂਕੋ ਨੂੰ 3-6, 6-2, 6-4 ਨਾਲ ਹਰਾ ਕੇ ਵਿੰਬਲਡਨ ਮਹਿਲਾ ਡਬਲਜ਼ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ। ਕੁਦਰਮੈਤੋਵਾ ਪਹਿਲੀ ਵਾਰ ਗਰੈਂਡ ਸਲੈਮ ਚੈਂਪੀਅਨ ਬਣੀ, ਜਦੋਂਕਿ ਮਰਟੈਂਸ ਦਾ ਇਹ ਪੰਜਵਾਂ ਗਰੈਂਡ ਸਲੈਮ ਅਤੇ ਦੂਜਾ ਵਿੰਬਲਡਨ ਡਬਲਜ਼ ਖ਼ਿਤਾਬ ਹੈ। ਵਿੰਬਲਡਨ ਵਿੱਚ ਪਹਿਲੀ ਵਾਰ ਇਕੱਠੀਆਂ ਖੇਡ ਰਹੀਆਂ ਸਨ।











